New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 30 May, 2025 C ੧੮ ਜੇਠ ਨਾਨਕਸ਼ਾਹੀ ਸੰਮਤ ੫੫੭
Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਕੈਨੇਡਾ ਦੇ ਬੈਂਕਾਂ ਦਾ ਮੁਨਾਫ਼ਾ ਵਧਿਆ ਗ੍ਰਾਹਕਾਂ ਦੀਆਂ ਸੇਵਾਵਾਂ ਘਟੀਆਂ

## ਰੌਇਲ ਬੈਂਕ ਦਾ ਦੂਜੀ ਤਿਮਾਹੀ ਮੁਨਾਫ਼ਾ 11% ਵੱਧ ਕੇ 4.4 ਬਿਲੀਅਨ ਡਾਲਰ ਹੋਇਆ, ਸੀ.ਆਈ.ਬੀ.ਸੀ. ਦੀ ਕੈਪੀਟਲ ਮਾਰਕੀਟਾਂ ਤੋਂ ਨੈੱਟ ਆਮਦਨ 20% ਵਧ ਕੇ C$566 ਮਿਲੀਅਨ ਹੋਈ, ਆਮ ਲੋਕ ਪਰੇਸ਼ਾਨ, ਕਾਰਪੋਰੇਟ ਘਰਾਣਿਆਂ ਨੇ ਲੋਕਾਂ ਦੀਆਂ ਸੰਘੀਆਂ ਘੁੱਟੀਆਂ

ਸਰੀ : ਰੌਇਲ ਬੈਂਕ ਵਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਰੌਏਲ ਬੈਂਕ ਦਾ ਦੂਜੀ ਤਿਮਾਹੀ ਮੁਨਾਫ਼ਾ 11% ਵੱਧ ਕੇ 4.4 ਬਿਲੀਅਨ ਡਾਲਰ ਹੋਇਆ, ਸੀ.ਆਈ.ਬੀ.ਸੀ. ਦੀ ਕੈਪੀਟਲ ਮਾਰਕੀਟਾਂ ਤੋਂ ਨੈੱਟ ਆਮਦਨ 20% ਵਧ ਕੇ C$566 ਮਿਲੀਅਨ ਹੋ ਗਈ ਹੈ।

HSBC ਬੈਂਕ ਕੈਨੇਡਾ ਦੇ ਰੌਇਲ ਬੈਂਕ ਵਿੱਚ ਸ਼ਾਮਲ ਹੋਣ ਦੇ ਨਾਲ ਸ਼ੁੱਧ ਆਮਦਨੀ ਵਿੱਚ $258 ਮਿਲੀਅਨ ਦਾ ਵਾਧਾ ਹੋਇਆ। ਸਮਝੋਤਾ ਕੀਤੀ ਸ਼ੁੱਧ ਆਮਦਨੀ ਅਤੇ ਸਮਝੋਤਾ ਕੀਤੀ ਡੀਲਿਊਟਡ EPS $4.5 ਬਿਲੀਅਨ ਅਤੇ $3.12 ਸੀ, ਜੋ ਪਿਛਲੇ ਸਾਲ ਤੋਂ 8% ਅਤੇ 7% ਵਧੇ ਹਨ। ਜ਼ਿਕਰਯੋਗ ਹੈ ਕਿ ਸਰਕਾਰ ਦੀ ਮਨਜ਼ੂਰੀ ਨਾਲ HSBC ਬੈਂਕ ਰੌਇਲ ਬੈਂਕ ਕੋਲ ਵਿਕ ਗਿਆ ਸੀ ਜਿਸ ਨਾਲ ਮੁਕਾਬਲੇਬਾਜ਼ੀ ਵਿੱਚ ਘਾਟਾ ਹੋਇਆ ਅਤੇ ਗ੍ਰਾਹਕਾਂ ਲਈ ਮਾੜੀਆਂ ਸੇਵਾਵਾਂ ਵਿੱਚ ਵਾਧਾ ਹੋਇਆ ਅਤੇ ਬੈਂਕਾਂ ਵਲੋਂ ਪਿਛਲੇ ਸਾਲਾਂ ਦੌਰਾਨ ਆਪਣੀਆਂ ਫੀਸਾਂ 'ਚ ਵੀ ਚੌਖਾ ਵਾਧਾ ਕਰ ਦਿੱਤਾ ਗਿਆ ਹੈ ਪਰ ਉਸ ਦੇ ਮੁਕਾਬਲੇ ਸੇਵਾਵਾਂ ਵਿੱਚ ਸੁਧਾਰ ਹੋਣ ਦੀ ਬਜ਼ਾਇ ਹੋਰ ਮਾੜੀਆਂ ਹੁੰਦੀਆਂ ਜਾ ਰਹੀਆਂ ਹਨ।

ਬੈਂਕਾਂ ਦੀਆਂ ਸ਼ਿਕਾਇਤਾਂ ਲੈਣ ਵਾਲੀ ਜਾਂਚ ਕਰਤਾ ਏਜੰਸੀ Ombudsman (www.obsi.ca) ਅਨੁਸਾਰ ਗ੍ਰਾਹਕਾਂ ਦੀਆਂ ਬੈਂਕਾਂ ਪ੍ਰਤੀ ਸ਼ਿਕਾਇਤਾਂ ਬਹੁਤ ਜ਼ਿਆਦਾ ਵਧੀਆਂ ਹਨ।

ਕੈਨੇਡੀਅਨ ਇੰਪੀਰੀਅਲ ਬੈਂਕ ਆਫ਼ ਕਾਮਰਸ (CIBC) ਨੇ ਬੀਤੇ ਕੱਲ੍ਹ ਦੂਜੀ ਤਿਮਾਹੀ ਦੀ ਰਿਪੋਰਟ ਜਾਰੀ ਕਰਦਿਆਂ ਦੱਸਿਆ ਕਿ ਉਸਦਾ ਸ਼ੁੱਧ ਮੁਨਾਫ਼ਾ ਵਧ ਗਿਆ ਹੈ, ਜਿਸ ਦਾ ਮੁੱਖ ਕਾਰਨ ਉਸਦੇ ਕੈਪੀਟਲ ਮਾਰਕਿਟ ਵਿਭਾਗ ਦੀ ਬਿਹਤਰੀ ਰਹੀ ਹੈ।

ਉਸ ਨੇ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਵਪਾਰਕ ਨੀਤੀ ਵਿੱਚ ਆ ਰਹੇ ਤਬਦੀਲੀਆਂ ਕਾਰਨ ਮਾਰਕੀਟ ਵਿੱਚ ਉਥਲ-ਪੁਥਲ ਵਧੀ, ਜਿਸ ਕਾਰਨ ਨਿਵੇਸ਼ਕਾਂ ਨੂੰ ਆਪਣੀਆਂ ਜਾਣਕਾਰੀਆਂ 'ਚ ਤਬਦੀਲੀ ਕਰਨੀ ਪਈ, ਅਤੇ ਇਸ ਨਾਲ ਬੈਂਕਾਂ ਦੇ ਟਰੇਡਿੰਗ ਡੈਸਕਾਂ ਨੇ ਵਾਧੂ ਫੀਸਾਂ ਰਾਹੀਂ ਵਧੀਆ ਕਮਾਈ ਕੀਤੀ।

ਦੂਜੇ ਪਾਸੇ ਇਹ ਵੀ ਰਿਪੋਰਟਾਂ ਨਿਕਲ ਕੇ ਬਾਹਰ ਆ ਰਹੀਆਂ ਹਨ ਕਿ ਕੈਨੇਡਾ ਦੀਆਂ ਵੱਡੀਆਂ ਬੈਂਕਾਂ ਨੇ ਏ.ਆਈ. ਅਤੇ ਆਟੋਮੇਸ਼ਨ ਦੀ ਮਦਦ ਨਾਲ ਆਪਣੇ ਨਫੇ ਵਿੱਚ ਲਗਾਤਾਰ ਵਾਧਾ ਕੀਤਾ ਹੈ। ਹਾਲ ਹੀ ਵਿੱਚ, ਕੈਨੇਡੀਅਨ ਇੰਪੀਰੀਅਲ ਬੈਂਕ ਆਫ ਕਾਮਰਸ (CIBC) ਨੇ ਦੂਜੇ ਤਿਮਾਹੀ ਦੇ ਨਤੀਜੇ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪੂੰਜੀ ਬਾਜ਼ਾਰ ਖੇਤਰ ਤੋਂ ਆਉਣ ਵਾਲੀ ਆਮਦਨ ਵਿੱਚ 20% ਵਾਧਾ ਹੋਇਆ ਹੈ, ਜੋ ਕਿ $566 ਮਿਲੀਅਨ ਤੱਕ ਪਹੁੰਚ ਗਈ। CIBC ਦੀ ਕੁੱਲ ਸੰਸ਼ੋਧਿਤ ਆਮਦਨ $2.02 ਬਿਲੀਅਨ ਰਿਹੀ, ਜੋ ਕਿ ਇੱਕ ਸਾਲ ਪਹਿਲਾਂ $1.72 ਬਿਲੀਅਨ ਸੀ।

ਇਸੇ ਤਰ੍ਹਾਂ, ਰੌਇਲ ਬੈਂਕ ਆਫ ਕੈਨੇਡਾ (RBC) ਨੇ ਵੀ ਆਪਣੇ ਦੂਜੇ ਤਿਮਾਹੀ

☛ ਬਾਕੀ ਸਫ਼ਾ 3 'ਤੇ




### ਗਾਹਕਾਂ ਲਈ ਬੈਂਕ ਸੇਵਾਵਾਂ 'ਚ ਆ ਰਹੀ ਹੈ ਲਗਾਤਾਰ ਗਿਰਾਵਟ

ਜਿੱਥੇ ਇੱਕ ਪਾਸੇ ਬੈਂਕਾਂ ਦੇ ਲਾਭ ਵਧ ਰਹੇ ਹਨ, ਉਥੇ ਦੂਜੇ ਪਾਸੇ ਗਾਹਕਾਂ ਦੀ ਗੱਲ ਸੁਣਨ ਵਾਲਾ ਕੋਈ ਨਹੀਂ। 2024 ਦੀ J.D. Power ਰਿਪੋਰਟ ਮੁਤਾਬਕ, ਕੈਨੇਡਾ ਦੀਆਂ ਵੱਡੀਆਂ ਬੈਂਕਾਂ ਦੀ ਗਾਹਕ ਸੰਤੁਸ਼ਟੀ ਦਰ ਸਾਲ ਦਰ ਸਾਲ ਘਟ ਰਹੀ ਹੈ ਅਤੇ ਗਾਹਕਾਂ ਦੀਆਂ ਸ਼ਿਕਾਇਤਾਂ ਵਿੱਚ ਵੀ 18% ਵਾਧਾ ਹੋਇਆ ਹੈ।

ਗਾਹਕਾਂ ਨੇ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਨੂੰ ਕਰਮਚਾਰੀ ਤੱਕ ਪਹੁੰਚਣ ਲਈ ਕਈ ਵਾਰੀ ਚੈਟਬੋਟਾਂ ਨਾਲ ਸਿਰਖਪਾਈ ਕਰਨੀ ਪੈਂਦਾ ਹੈ। ਬਰਨਬੀ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਕਿ, "ਜਦ ਮੇਰੇ ਖਾਤੇ 'ਚੋਂ ਗਲਤ ਟਰਾਂਸਫਰ ਹੋ ਗਿਆ, ਮੈਂ ਤਿੰਨ ਵਾਰੀ ਕਾਲ ਕੀਤੀ, ਪਰ ਹਰ ਵਾਰੀ ਚੈਟਬੋਟ ਆ ਗਿਆ। ਇਕ ਹਫ਼ਤਾ ਲੱਗ ਗਿਆ ਕਿਸੇ ਹਕੀਕਤ ਵਿੱਚ ਮਦਦ ਕਰਨ ਵਾਲੇ ਤੱਕ ਪਹੁੰਚਣ ਵਿੱਚ।"

**ਕੀ AI ਖ਼ਤਰਨਾਕ ਹੈ? ਜਾਂ ਵਰਤੋਂ ਦਾ ਢੰਗ ਗਲਤ ਹੈ?**

ਏ.ਆਈ. ਦੀ ਵਰਤੋਂ ਬੁਰੀ ਨਹੀਂ, ਪਰ ਜੇਕਰ ਇਹ ਗਾਹਕ ਦੀ ਮੂਲ ਸਮੱਸਿਆ ਨੂੰ ਹੱਲ ਕਰਨ ਦੀ ਥਾਂ ਸਿਰਫ਼ ਆਟੋਮੈਟਿਕ ਜਵਾਬ ਦੇਣ ਤੱਕ ਸੀਮਤ ਰਹੇ ਤਾਂ ਇਹ ਗੰਭੀਰ ਚੁਣੌਤੀ ਬਣ ਜਾਂਦੀ ਹੈ। ਏ.ਆਈ. ਨੂੰ ਮਦਦਗਾਰ ਬਣਾਉਣ ਲਈ ਜ਼ਰੂਰੀ ਹੈ ਕਿ ਇਹ ਮਨੁੱਖੀ ਸਹਿਯੋਗ ਨੂੰ ਪੂਰਾ ਕਰੇ, ਨਾ ਕਿ ਪੂਰੀ ਤਰ੍ਹਾਂ ਬਦਲ ਦੇਵੇ।

ਕਈ ਬੈਂਕ ਗਾਹਕ ਸ਼ਿਕਾਇਤ ਜਾਂ ਠੱਗੀ ਜਾਂਚ ਨੂੰ ਹੱਲ ਕਰਨ ਵਿੱਚ ਵੀ ਵਧੇਰੇ ਸਮਾਂ ਲੈ ਰਹੇ ਹਨ। ਕਈ ਮਾਮਲਿਆਂ ਵਿੱਚ

☛ ਬਾਕੀ ਸਫ਼ਾ 3 'ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਕੈਨੇਡਾ ਪੋਸਟ ਅਤੇ ਵਰਕਰਜ਼ ਯੂਨੀਅਨ ਵਿਚਕਾਰ ਤਣਾਅ ਜਾਰੀ

**ਸਰੀ, (ਪਰਮਜੀਤ ਸਿੰਘ):** ਕੈਨੇਡਾ ਪੋਸਟ, ਜੋ ਕਿ ਇੱਕ ਸਰਕਾਰੀ ਅਦਾਰਾ ਹੈ, ਨੇ ਆਪਣੇ ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ, ਕੈਨੇਡੀਅਨ ਯੂਨੀਅਨ ਆਫ ਪੋਸਟਲ ਵਰਕਰਜ਼ (CUPW) ਨੂੰ ਆਪਣੀਆਂ "ਅੰਤਿਮ ਪੇਸ਼ਕਸ਼ਾਂ" ਪੇਸ਼ ਕੀਤੀਆਂ ਹਨ। ਇਹ ਪੇਸ਼ਕਸ਼ਾਂ ਓਵਰਟਾਈਮ 'ਤੇ ਪਾਬੰਦੀ ਨੂੰ ਖਤਮ ਕਰਨ ਅਤੇ ਵੱਡੇ ਪੈਮਾਨੇ 'ਤੇ ਹੜਤਾਲ ਨੂੰ ਰੋਕਣ ਦੀ ਕੋਸ਼ਿਸ਼ ਦਾ ਹਿੱਸਾ ਹਨ। ਕੰਪਨੀ ਦਾ ਕਹਿਣਾ ਹੈ ਕਿ ਬੁੱਧਵਾਰ ਨੂੰ ਪੇਸ਼ ਕੀਤੀ ਗਈ ਨਵੀਂ ਪੇਸ਼ਕਸ਼ ਪਿਛਲੀ ਹਫਤੇ ਦੀ ਪੇਸ਼ਕਸ਼ ਦੇ ਮੁਕਾਬਲੇ "ਵਧੀਆ" ਹੈ, ਹਾਲਾਂਕਿ ਇਸ ਦੀ ਤਾਜ਼ਾ ਵਿੱਤੀ ਰਿਪੋਰਟ ਵਿੱਚ ਵਿੱਤੀ ਚੁਣੌਤੀਆਂ ਦਾ ਜ਼ਿਕਰ ਕੀਤਾ ਗਿਆ ਹੈ।




ਕੈਨੇਡਾ ਪੋਸਟ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਹ ਪੇਸ਼ਕਸ਼ਾਂ ਕਰਮਚਾਰੀਆਂ ਦੀਆਂ ਮੁੱਖ ਚਿੰਤਾਵਾਂ ਨੂੰ ਸੁਰੱਖਿਅਤ ਰੱਖਦੀਆਂ ਹਨ ਅਤੇ ਕੰਪਨੀ ਦੀਆਂ ਪਿਛਲੀਆਂ ਪੇਸ਼ਕਸ਼ਾਂ ਵਿੱਚ ਮਹੱਤਵਪੂਰਨ ਸੁਧਾਰ ਕਰਦੀਆਂ ਹਨ। ਇਸ ਤੋਂ ਇਲਾਵਾ, ਇਹ ਪੇਸ਼ਕਸ਼ਾਂ ਇੰਡਸਟਰੀਅਲ ਇਨਕੁਆਇਰੀ ਕਮਿਸ਼ਨ (IIC) ਦੀਆਂ ਸਿਫਾਰਸ਼ਾਂ 'ਤੇ ਅਮਲ ਕਰਦੀਆਂ ਹਨ, ਜਿਸ ਵਿੱਚ ਕੰਪਨੀ ਦੇ ਡਿਲੀਵਰੀ ਮਾਡਲ ਵਿੱਚ ਜ਼ਰੂਰੀ ਬਦਲਾਅ ਸ਼ਾਮਲ ਹਨ।

ਕੈਨੇਡਾ ਪੋਸਟ ਦੀਆਂ ਨਵੀਆਂ ਪੇਸ਼ਕਸ਼ਾਂ ਵਿੱਚ ਕਈ ਅਹਿਮ ਨੁਕਤੇ ਸ਼ਾਮਲ ਹਨ:

- **ਸਾਈਨਿੰਗ ਬੋਨਸ:** ਕਰਮਚਾਰੀਆਂ ਨੂੰ ਉਨ੍ਹਾਂ ਦੀ ਭੂਮਿਕਾ ਦੇ ਅਧਾਰ 'ਤੇ 1,000 ਡਾਲਰ ਜਾਂ 500 ਡਾਲਰ ਦਾ ਸਾਈਨਿੰਗ ਬੋਨਸ ਦਿੱਤਾ ਜਾਵੇਗਾ।
- **ਕਾਸਟ-ਆਫ-ਲਿਵਿੰਗ ਅਲਾਊਂਸ:** ਮਹਿੰਗਾਈ ਦੀ ਦਰ 'ਤੇ ਅਧਾਰਤ ਭੁਗਤਾਨ ਦੀ ਸੀਮਾ ਨੂੰ 13.59 ਪ੍ਰਤੀਸ਼ਤ ਤੋਂ ਘਟਾ ਕੇ 7.16 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ, ਜਿਸ ਨਾਲ ਕਰਮਚਾਰੀਆਂ ਨੂੰ ਜਲਦੀ ਭੁਗਤਾਨ ਮਿਲ ਸਕੇਗਾ।
- **ਮਜਬੂਰੀ ਓਵਰਟਾਈਮ 'ਤੇ ਪਾਬੰਦੀ:** ਕੰਪਨੀ ਨੇ ਮਜਬੂਰੀ 'ਚ ਕੀਤਾ ਜਾਣ ਵਾਲਾਲ ਓਵਰਟਾਈਮ ਖਤਮ ਕਰਨ ਦਾ ਐਲਾਨ ਕੀਤਾ ਹੈ।
- **ਸਿਹਤ ਅਤੇ ਪੈਨਸ਼ਨ ਯੋਜਨਾਵਾਂ:** ਕੰਪਨੀ ਨੇ ਨਵੀਂ ਸਿਹਤ ਲਾਭ ਯੋਜਨਾ, ਪੋਸਟ-ਰਿਟਾਇਰਮੈਂਟ ਲਾਭਾਂ ਵਿੱਚ ਬਦਲਾਅ ਅਤੇ ਭਵਿੱਖ ਦੇ ਕਰਮਚਾਰੀਆਂ ਨੂੰ ਡਿਫਾਈਨਡ ਕੰਟਰੀਬਿਊਸ਼ਨ ਪੈਨਸ਼ਨ ਵਿੱਚ ਸ਼ਾਮਲ ਕਰਨ ਦੇ ਪ੍ਰਸਤਾਵ ਨੂੰ ਵਾਪਸ ਲੈ ਲਿਆ ਹੈ।
- **ਵੇਤਨ ਵਾਧਾ:** ਕੰਪਨੀ ਨੇ ਪਹਿਲੇ ਸਾਲ 6 ਪ੍ਰਤੀਸ਼ਤ, ਦੂਜੇ ਸਾਲ 3 ਪ੍ਰਤੀਸ਼ਤ ਅਤੇ ਅਗਲੇ ਦੋ ਸਾਲਾਂ ਵਿੱਚ 2-2 ਪ੍ਰਤੀਸ਼ਤ ਦੀ ਵੇਤਨ ਵਾਧੇ ਦੀ ਪੇਸ਼ਕਸ਼ ਨੂੰ ਬਰਕਰਾਰ ਰੱਖਿਆ ਹੈ, ਜੋ ਕਿ ਕੁੱਲ ਮਿਲਾ ਕੇ 13.59 ਪ੍ਰਤੀਸ਼ਤ ਦਾ ਵਾਧਾ ਹੈ।

CUPW ਨੇ ਬੁੱਧਵਾਰ ਨੂੰ ਦੇਰ ਰਾਤ ਇੱਕ ਬਿਆਨ ਜਾਰੀ ਕਰਕੇ ਕੈਨੇਡਾ ਪੋਸਟ 'ਤੇ "ਸਖਤ ਰੁਖ" ਅਪਣਾਉਣ ਦਾ ਦੋਸ਼ ਲਗਾਇਆ। ਯੂਨੀਅਨ ਦੀ ਰਾਸ਼ਟਰੀ ਪ੍ਰਧਾਨ ਜੈਨ ਸਿੰਪਸਨ ਨੇ ਕਿਹਾ ਕਿ ਕੈਨੇਡਾ ਪੋਸਟ ਸ਼ਹਿਰੀ ਡਾਕ ਕਰਮਚਾਰੀਆਂ ਲਈ "ਫਲੈਕਸ ਸਟਾਫਿੰਗ", ਵੀਕੈਂਡ ਡਿਲੀਵਰੀ ਅਤੇ "ਡਾਇਨਾਮਿਕ ਰੂਟਿੰਗ" ਨੂੰ "ਗੈਰ-ਸਮਝੌਤਾਯੋਗ" ਮੁੱਦਿਆਂ ਵਜੋਂ ਪੇਸ਼ ਕਰ ਰਹੀ ਹੈ। ਸਿੰਪਸਨ ਨੇ ਕਿਹਾ, "ਇਹ ਸਭ ਤੋਂ ਚੁਣੌਤੀਪੂਰਨ ਮੁੱਦੇ ਹਨ, ਅਤੇ ਕੈਨੇਡਾ ਪੋਸਟ ਦਾ ਜ਼ੋਰ ਹੈ ਕਿ ਇਹ ਅਗਲੇ ਸਮੂਹਿਕ ਸਮਝੌਤਿਆਂ ਵਿੱਚ ਸ਼ਾਮਲ ਹੋਣਗੇ।" ਉਨ੍ਹਾਂ ਨੇ ਇਹ ਵੀ ਦੋਸ਼ ਲਗਾਇਆ ਕਿ ਕੰਪਨੀ ਨੇ ਯੂਨੀਅਨ ਦੀਆਂ ਕਈ ਮੰਗਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਹੈ। ਸਿੰਪਸਨ ਨੇ ਜ਼ੋਰ ਦੇ ਕੇ ਕਿਹਾ, "ਕੈਨੇਡਾ ਪੋਸਟ ਦਾ ਕਹਿਣਾ ਹੈ ਕਿ ਇਹ ਉਸ ਦੀ ਅੰਤਿਮ ਪੇਸ਼ਕਸ਼ ਸੀ, ਪਰ ਇਹ ਲੜਾਈ ਅਜੇ ਖਤਮ ਨਹੀਂ ਹੋਈ।" ਕੈਨੇਡਾ ਪੋਸਟ ਦੀ ਤਾਜ਼ਾ ਸਾਲਾਨਾ ਰਿਪੋਰਟ, ਜੋ ਬੁੱਧਵਾਰ ਨੂੰ ਜਾਰੀ ਕੀਤੀ ਗਈ, ਨੇ ਦਿਖਾਇਆ ਕਿ ਕੰਪਨੀ ਨੂੰ 2024 ਵਿੱਚ 1.3 ਬਿਲੀਅਨ ਡਾਲਰ ਦਾ ਸੰਚਾਲਨ ਘਾਟਾ ਹੋਇਆ। ਇਸ ਦੇ ਨਾਲ ਹੀ, 2023 ਦੇ ਮੁਕਾਬਲੇ ਕੰਪਨੀ ਦੀ ਆਮਦਨ ਵਿੱਚ 800 ਮਿਲੀਅਨ ਡਾਲਰ, ਯਾਨੀ 12.2 ਪ੍ਰਤੀਸ਼ਤ ਦੀ ਗਿਰਾਵਟ ਆਈ। ਰਿਪੋਰਟ ਵਿੱਚ ਦੱਸਿਆ ਗਿਆ ਕਿ ਪਿਛਲੇ ਸਾਲ ਦੀ ਮਹੀਨੇ ਭਰ ਦੀ ਰਾਸ਼ਟਰੀ ਸਟਰਾਈਕ, ਜੋ ਇਹਨਾਂ ਹੀ ਸਮਝੌਤਾ ਵਾਰਤਾਵਾਂ ਦਾ ਹਿੱਸਾ ਸੀ, ਨੇ ਕੰਪਨੀ ਦੇ 841 ਮਿਲੀਅਨ ਡਾਲਰ ਦੇ ਟੈਕਸ ਤੋਂ ਪਹਿਲਾਂ ਦੇ ਘਾਟੇ ਵਿੱਚ 208 ਮਿਲੀਅਨ ਡਾਲਰ ਦਾ ਨਕਾਰਾਤਮਕ ਯੋਗਦਾਨ ਪਾਇਆ।

# ਬੀ.ਸੀ. ਵਿੱਚ ਖੁੱਲ੍ਹੀਆਂ ਥਾਵਾਂ 'ਤੇ ਅੱਗ 'ਤੇ ਪਾਬੰਦੀ ਲਾਗੂ

**ਸਰੀ, (ਪਰਮਜੀਤ ਸਿੰਘ):** ਬੀ.ਸੀ. ਵਾਈਲਡਫਾਇਰ ਸਰਵਿਸ ਨੇ ਕਈ ਇਲਾਕਿਆਂ ਵਿੱਚ ਵੱਡੀ ਅੱਗ ਦੇ ਖਤਰੇ ਨੂੰ ਦੇਖਦੇ ਹੋਏ ਖੁੱਲ੍ਹੀਆਂ ਥਾਵਾਂ 'ਤੇ ਅੱਗ ਲਾਉਣ 'ਤੇ ਪਾਬੰਦੀ ਦਾ ਐਲਾਨ ਕਰ ਦਿੱਤਾ ਹੈ। ਇਹ ਪਾਬੰਦੀ ਸ਼ੁੱਕਰਵਾਰ ਦੁਪਹਿਰ 12 ਵਜੇ ਤੋਂ ਲਾਗੂ ਹੋਵੇਗੀ ਅਤੇ 31 ਅਕਤੂਬਰ 2025 ਜਾਂ ਇਸ ਤੋਂ ਪਹਿਲਾਂ ਤੱਕ ਜਾਰੀ ਰਹੇਗੀ ਜਦ ਤੱਕ ਇਸਨੂੰ ਰੱਦ ਨਾ ਕਰ ਦਿੱਤਾ ਜਾਵੇ। ਇਹ ਪਾਬੰਦੀ ਕੋਸਟਲ ਫਾਇਰ ਸੈਂਟਰ ਦੇ ਅਧੀਨ ਆਉਣ ਵਾਲੇ ਇਲਾਕਿਆਂ ਵਿੱਚ ਲਾਗੂ ਕੀਤੀ ਜਾ ਰਹੀ ਹੈ, ਜਿਸ ਵਿੱਚ ਹਾਈਡਾ ਗਵਾਈ ਨੂੰ ਛੋਟ ਦਿੱਤੀ ਗਈ ਹੈ। ਉਕਤ ਇਲਾਕੇ ਵਿੱਚ ਯੂ.ਐੱਸ. ਸਰਹੱਦ ਤੋਂ ਲੈ ਕੇ ਉੱਤਰ ਵਿੱਚ ਟਵੀਡਸਮੀਅਰ ਦੱਖਣ ਤੱਕ ਦੇ ਹਿੱਸੇ ਸ਼ਾਮਿਲ ਹਨ, ਜਿਸ ਵਿੱਚ ਸਨਸ਼ਾਈਨ ਕੋਸਟ, ਲੋਅਰ ਮੈਨਲੈਂਡ, ਵੈਨਕੂਵਰ ਆਈਲੈਂਡ ਅਤੇ ਗਲਫ ਆਈਲੈਂਡ ਵੀ ਸ਼ਾਮਿਲ ਹਨ।



ਇਹ ਪਾਬੰਦੀ ਕੈਟੇਗਰੀ 2 ਅਤੇ ਕੈਟੇਗਰੀ 3 ਦੀਆਂ ਅੱਗਾਂ 'ਤੇ ਲਾਗੂ ਹੋਏਗੀ, ਜੋ ਕਿ ਵੱਡੇ ਪੱਧਰ 'ਤੇ ਲੱਕੜ ਜਾਂ ਹੋਰ ਸਾਮੱਗਰੀ ਸਾੜਨੀਆਂ ਕਾਰਵਾਈਆਂ ਹੁੰਦੀਆਂ ਹਨ। ਹਾਲਾਂਕਿ ਕੈਟੇਗਰੀ 1 ਦੀਆਂ ਛੋਟੀਆਂ ਕੈਂਪਫਾਇਰਾਂ — ਜੋ ਕਿ ਅੱਧਾ ਮੀਟਰ ਉੱਚ ਅਤੇ ਚੌੜੀਆਂ ਹਨ — ਨੂੰ ਇਜਾਜ਼ਤ ਦਿੱਤੀ ਜਾਵੇਗੀ। ਇਨ੍ਹਾਂ ਦੇ ਨਾਲ ਗੈਸ ਜਾਂ ਪ੍ਰੋਪੇਨ ਸਟੋਵ ਵਰਗੀਆਂ ਰਸੋਈ ਸਹੂਲਤਾਂ ਦੀ ਵੀ ਮਨਜ਼ੂਰੀ ਰਹੇਗੀ।

ਬੀ.ਸੀ. ਵਾਈਲਡਫਾਇਰ ਸਰਵਿਸ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਕਿਸੇ ਵਿਅਕਤੀ ਵੱਲੋਂ ਪਾਬੰਦੀ ਦੀ ਉਲੰਘਣਾ ਕੀਤੀ ਜਾਂਦੀ ਹੈ ਅਤੇ ਉਸ ਕਾਰਨ ਜੰਗਲ ਵਿੱਚ ਅੱਗ ਲੱਗਦੀ ਹੈ, ਤਾਂ ਉਸ ਵਿਅਕਤੀ ਤੋਂ ਸਾਰੀ ਫਾਇਰਫਾਇਟਿੰਗ ਲਾਗਤ ਵਸੂਲ ਕੀਤੀ ਜਾ ਸਕਦੀ ਹੈ।

ਇਸ ਪਾਬੰਦੀ ਦੀ ਉਲੰਘਣਾ ਕਰਨ ਵਾਲਿਆਂ ਨੂੰ $1,150 ਦਾ ਤੁਰੰਤ ਜੁਰਮਾਨਾ, $10,000 ਤੱਕ ਦਾ ਕਾਨੂੰਨੀ ਕਾਰਵਾਈ ਜਾਂ $100,000 ਤੱਕ ਦਾ ਜੁਰਮਾਨਾ ਅਤੇ ਇੱਕ ਸਾਲ ਦੀ ਕੈਦ ਦੀ ਸਜ਼ਾ ਵੀ ਹੋ ਸਕਦੀ ਹੈ, ਜੇਕਰ ਅਦਾਲਤ 'ਚ ਦੋਸ਼ੀ ਕਰਾਰ ਦਿੱਤਾ ਗਿਆ।

ਬੀਤੇ 24 ਘੰਟਿਆਂ ਦੌਰਾਨ ਸੂਬੇ ਵਿੱਚ 11 ਨਵੀਆਂ ਅੱਗਾਂ ਭੜਕ ਚੁੱਕੀਆਂ ਹਨ। ਇਸ ਸਮੇਂ ਸੂਬੇ ਭਰ ਵਿੱਚ ਕੁੱਲ 45 ਸਰਗਰਮ ਵਾਈਲਡਫਾਇਰ ਦੱਜ ਹੋਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਉੱਤਰ-ਪੂਰਬੀ ਇਲਾਕੇ ਵਿੱਚ ਹਨ।

ਬੀ.ਸੀ. ਸਰਕਾਰ ਵੱਲੋਂ ਇਹ ਕਦਮ ਲੈਣਾ ਅਤਿਅੰਤ ਜ਼ਰੂਰੀ ਸਮਝਿਆ ਜਾ ਰਿਹਾ ਹੈ, ਕਿਉਂਕਿ ਹਾਲੀਆਂ ਗਰਮੀਆਂ ਅਤੇ ਸੁੱਕੇ ਮੌਸਮ ਕਾਰਨ ਜੰਗਲਾਂ 'ਚ ਅੱਗ ਲੱਗਣ ਦੇ ਮਾਮਲੇ ਵਧ ਰਹੇ ਹਨ। ਇਹ ਪਾਬੰਦੀਆਂ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਲੱਖਾਂ ਡਾਲਰ ਦੀ ਅੱਗ-ਨਿਯੰਤਰਣ ਲਾਗਤ ਨੂੰ ਘਟਾਉਣ ਲਈ ਲਾਗੂ ਕੀਤੀਆਂ ਗਈਆਂ ਹਨ।


BADYAL BLUEBERRY FARM

BKS ENTERPRISES LTD.

ਵੈਨਕੂਵਰ, ਨਿਊਵੈਸਟ ਮੀਨਿਸਟਰ, ਸਰੀ, ਡੈਲਟਾ, ਅਤੇ ਬਰਨਬੀ ਤੋਂ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।



- ਕੰਮ ਜੁਲਾਈ ਦੇ ਪਹਿਲੇ ਹਫ਼ਤੇ ਸ਼ੁਰੂ ਹੋਵੇਗਾ।
- ਕੀਤੇ ਕੰਮ ਦੀਆਂ ਸਟੈਪਾਂ ਦਿੱਤੀਆਂ ਜਾਣਗੀਆਂ।
- ਤਨਖਾਹ ਦੋ ਹਫ਼ਤਿਆ ਬਾਅਦ ਮਿਲੇਗੀ।
- ਰਾਈਡ ਦਾ ਵੀ ਖਾਸ ਪ੍ਰਬੰਧ ਹੈ।

ਕਲਾਸ-1, 4 ਅਤੇ 5 ਵਾਲੇ ਡਰਾਈਵਰਾਂ ਦੀ ਲੋੜ ਹੈ।
ਚੰਗੀ ਤਨਖਾਹ ਦਿੱਤੀ ਜਾਵੇਗੀ।

ਬਲਿਊ ਬੇਰੀ ਸੀਜ਼ਨ ਤੋਂ ਬਾਅਦ ਨਰਸਰੀ ਲਈ ਦਸੰਬਰ ਤੱਕ ਔਰਤਾਂ ਅਤੇ ਆਦਮੀਆਂ ਦੀ ਜ਼ਰੂਰਤ ਹੈ। ਕੰਮ ਘੰਟਿਆਂ ਦੇ ਹਿਸਾਬ ਹੋਵੇਗਾ।

-: ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਬਡਿਆਲ ਬਲਿਊ ਬੇਰੀ ਫਾਰਮ

ਕੁਲਵਿੰਦਰ ਸਿੰਘ ਬਡਿਆਲ
ਵੈਨਕੂਵਰ ਲਈ
604-671-0642

ਕੁਲਦੀਪ ਸਿੰਘ ਰਾਏ
ਡੈਲਟਾ ਅਤੇ ਸਰੀ ਲਈ
778-549-9620

ਬਲਦੇਵ ਸਿੰਘ ਸੰਘਾ
ਨਿਊਵੈਸਟ ਅਤੇ ਬਰਨਬੀ ਲਈ
604-813-0909

# ਬੀ.ਸੀ. 'ਚ ਘੱਟੋ-ਘੱਟ ਤਨਖ਼ਾਹ 'ਚ 2.6% ਵਾਧਾ, 1.3 ਲੱਖ ਕਾਮਿਆਂ ਨੂੰ 1 ਜੂਨ ਤੋਂ ਮਿਲੇਗਾ ਲਾਭ

ਸਰੀ : ਬ੍ਰਿਟਿਸ਼ ਕੋਲੰਬੀਆ ਦੇ ਘੱਟ ਤਨਖ਼ਾਹ ਵਾਲੇ ਕਾਮਿਆਂ ਲਈ ਇੱਕ ਵਧੀਆ ਖ਼ਬਰ ਆਈ ਹੈ। ਐਤਵਾਰ ਤੋਂ ਸੂਬੇ ਵਿੱਚ ਘੱਟੋ-ਘੱਟ ਮਜ਼ਦੂਰੀ ਦੀ ਦਰ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਬੀ.ਸੀ. ਦੀ ਲੇਬਰ ਮੰਤਰੀ ਨੇ ਐਲਾਨ ਕੀਤਾ ਹੈ ਕਿ 2.6% ਵਾਧੇ ਦੇ ਨਾਲ ਹੁਣ ਘੱਟੋ-ਘੱਟ ਤਨਖ਼ਾਹ $17.40 ਪ੍ਰਤੀ ਘੰਟੇ ਤੋਂ ਵਧਾ ਕੇ $17.85 ਪ੍ਰਤੀ ਘੰਟਾ ਕਰ ਦਿੱਤੀ ਗਈ ਹੈ। ਇਹ ਤਨਖ਼ਾਹ ਸਿਰਫ ਆਮ ਮਜ਼ਦੂਰਾਂ ਲਈ ਹੀ ਨਹੀਂ, ਸਗੋਂ ਰਿਹਾਇਸ਼ੀ ਦੇਖਭਾਲਕਰਤਾ, ਘਰ-ਵਿੱਚ-ਰਹਿ ਸਹਾਇਤਾ ਮੁਹੱਈਆ ਕਰਵਾਉਣ ਵਾਲੇ ਕਰਮਚਾਰੀ ਅਤੇ ਐਪ ਆਧਾਰਿਤ ਡਿਲਿਵਰੀ ਤੇ ਰਾਈਡ-ਹੇਲ ਸਰਵਿਸ ਕਰਮਚਾਰੀਆਂ 'ਤੇ ਵੀ ਲਾਗੂ ਹੋਵੇਗਾ।

ਲੇਬਰ ਮੰਤਰਾਲੇ ਨੇ ਕਿਹਾ ਹੈ ਕਿ ਇਹ ਚੌਥਾ ਸਾਲ ਹੈ ਜਦੋਂ ਘੱਟੋ-ਘੱਟ ਤਨਖ਼ਾਹ ਵਿੱਚ ਵਾਧਾ ਮਹਿੰਗਾਈ ਦਰ ਨਾਲ ਜੋੜ ਕੇ ਕੀਤਾ ਗਿਆ ਹੈ। ਸਰਕਾਰ ਦਾ ਮਕਸਦ ਮਜ਼ਦੂਰਾਂ ਨੂੰ ਭਰੋਸਾ ਦੇਣਾ ਅਤੇ ਕਾਰੋਬਾਰਾਂ ਲਈ ਭਵਿੱਖ ਦੀ ਯੋਜਨਾ ਬਣਾਉਣ ਵਿੱਚ ਅਸਾਨੀ ਪੈਦਾ ਕਰਨੀ ਹੈ।

ਮੰਤਰਾਲੇ ਨੇ ਇਹ ਵੀ ਕਿਹਾ ਕਿ "ਸਾਡਾ ਮਨੋਰਥ ਇਹ ਯਕੀਨੀ ਬਣਾਉਣਾ ਹੈ ਕਿ ਮਜ਼ਦੂਰਾਂ ਦੀ ਖਰੀਦਣ ਸਮਰੱਥਾ ਸਮੇਂ ਦੇ ਨਾਲ ਘਟੇ ਨਾ, ਅਤੇ ਉਨ੍ਹਾਂ ਦੀ ਮਿਹਨਤ ਦਾ ਵਾਜਬ ਮੁੱਲ ਮਿਲੇ।"

ਸੂਬੇ ਨੇ ਹੱਥੋਂ ਫਸਲਾਂ ਚੁਣਨ ਵਾਲੇ ਮਜ਼ਦੂਰਾਂ (ਹਓਨਦ ਹਓਰਵਏਸਟਏਰਸ) ਲਈ ਇਹ ਵਾਧਾ ਤੁਰੰਤ ਲਾਗੂ ਕਰਨ ਦੀ ਬਜਾਏ 31 ਦਸੰਬਰ ਤੋਂ ਲਾਗੂ ਕਰਨ ਦਾ ਫੈਸਲਾ ਕੀਤਾ ਹੈ, ਤਾਂ ਜੋ ਕਿਰਾਏਦਾਰ ਫਸਲ ਚੁਣਨ ਦੇ ਸੀਜ਼ਨ ਵਿਚ ਤਨਖ਼ਾਹ ਵਿੱਚ ਤਬਦੀਲੀ ਕਾਰਨ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ।

ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਅਨੁਸਾਰ, 2024 ਵਿੱਚ ਬੀ.ਸੀ. ਵਿੱਚ ਲਗਭਗ 1,30,000 ਕਰਮਚਾਰੀ ਅਜੇ ਵੀ ਘੱਟੋ-ਘੱਟ ਤਨਖ਼ਾਹ ਜਾਂ ਇਸ ਤੋਂ ਘੱਟ ਕਮਾ ਰਹੇ ਸਨ। ਇਹ ਵਾਧਾ ਇਨ੍ਹਾਂ ਕਰਮਚਾਰੀਆਂ ਦੀ ਆਮਦਨ ਵਿੱਚ ਕੁਝ ਹੱਦ ਤੱਕ ਸੁਧਾਰ ਲਿਆਉਣ ਦੀ ਕੋਸ਼ਿਸ਼ ਹੈ। ਸਰਕਾਰ ਨੇ ਇਹ ਵੀ ਸੂਚਿਤ ਕੀਤਾ ਹੈ ਕਿ ਘੱਟੋ-ਘੱਟ ਤਨਖ਼ਾਹ ਵਿੱਚ ਵਾਧਾ ਕਰਨ ਦਾ ਮੰਤਵ ਸਿਰਫ ਮਜ਼ਦੂਰਾਂ ਨੂੰ ਲਾਭ ਪਹੁੰਚਾਉਣਾ ਹੀ ਨਹੀਂ, ਸਗੋਂ ਕਾਰੋਬਾਰਾਂ ਲਈ ਇੱਕ ਵਿਧੀਕ ਅਤੇ ਅਨੁਮਾਨਯੋਗ ਤਨਖ਼ਾਹ ਨੀਤੀ ਨੂੰ ਲਾਗੂ ਕਰਨਾ ਵੀ ਹੈ, ਤਾਂ ਜੋ ਉਨ੍ਹਾਂ ਨੂੰ ਅਚਾਨਕ ਵਾਧਿਆਂ ਜਾਂ ਵੱਡੀਆਂ ਤਨਖ਼ਾਹੀਆਂ ਕਮਿਟਮੈਂਟਸ ਦੇ ਝਟਕਿਆਂ ਤੋਂ ਬਚਾਇਆ ਜਾ ਸਕੇ।

# ਫੈਡਰਲ ਸਰਕਾਰ ਵੱਲੋਂ ਕਾਰਬਨ ਟੈਕਸ ਕਾਨੂੰਨ ਰੱਦ ਕਰਨ ਦੀ ਕਾਰਵਾਈ ਸ਼ੁਰੂ

## ਲਿਬਰਲਾਂ ਦੀ ਪੁਰਾਣੀ ਨੀਤੀ 'ਤੇ ਲਾਈ ਗਈ ਲਕੀਰ

**ਸਰੀ, (ਪਰਮਜੀਤ ਸਿੰਘ):** ਕੈਨੇਡਾ ਦੀ ਫੈਡਰਲ ਸਰਕਾਰ ਨੇ ਮੰਗਲਵਾਰ ਨੂੰ ਗ੍ਰਾਹਕ ਕਾਰਬਨ ਟੈਕਸ ਨੂੰ ਕਾਨੂੰਨ ਤੋਂ ਹਟਾਉਣ ਵਾਸਤੇ ਅਧਿਕਾਰਿਕ ਤੌਰ 'ਤੇ ਕਦਮ ਚੁੱਕ ਲਿਆ ਹੈ। ਇਹ ਉਸ ਮੌਸਮੀ ਨੀਤੀ ਦਾ ਅੰਤ ਮੰਨਿਆ ਜਾ ਰਿਹਾ ਹੈ ਜੋ ਇੱਕ ਸਮੇਂ ਲਿਬਰਲ ਸਰਕਾਰ ਦੀ ਮੌਸਮੀ ਤਬਦੀਲੀ ਰਣਨੀਤੀ ਦੀ ਧੁਰਾ ਸੀ।

ਹਾਊਸ ਆਫ਼ ਕਾਮਨਜ਼ ਵਿੱਚ ਪੇਸ਼ ਕੀਤੇ ਗਏ ਇੱਕ ਨੋਟਿਸ ਅਨੁਸਾਰ, ਸਰਕਾਰ ਉਮੀਦ ਕਰ ਰਹੀ ਹੈ ਕਿ ਉਹ ਇਸ ਕਾਨੂੰਨ ਨੂੰ ਰੱਦ ਕਰ ਦੇਵੇਗੀ। ਇਹੀ ਕਾਰਵਾਈ ਮਾਰਚ ਮਹੀਨੇ ਉਸ ਵੇਲੇ ਕੀਤੀ ਗਈ ਸੀ ਜਦੋਂ ਗ੍ਰਾਹਕ ਕਾਰਬਨ ਕੀਮਤ ਨੂੰ ਨਿਯਮ ਰਾਹੀਂ ਰੱਦ ਕਰ ਦਿੱਤਾ ਗਿਆ ਸੀ। ਇਹ ਮੂਲ ਤੌਰ 'ਤੇ ਮਾਰਕ ਕਾਰਨੀ ਵੱਲੋਂ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਦਾ ਪਹਿਲਾ ਫੈਸਲਾ ਸੀ। ਕਾਰਨੀ ਨੇ ਆਪਣੇ ਲੀਬਰਲ ਆਗੂ ਅਹੁਦੇ ਦੀ ਦੌੜ ਦੌਰਾਨ ਇਹ ਵਾਅਦਾ ਕੀਤਾ ਸੀ ਕਿ ਉਹ ਇਸ ਨੀਤੀ ਨੂੰ ਖਤਮ ਕਰ ਦੇਣਗੇ।



ਚੋਣ ਮੁਹਿੰਮ ਦੌਰਾਨ ਕਨਜ਼ਰਵੇਟਿਵ ਆਗੂ ਪੀਅਰ ਪੋਲੀਵੀਅਰ ਨੇ ਦਾਅਵਾ ਕੀਤਾ ਸੀ ਕਿ ਕਾਰਨੀ ਇਹ ਨੀਤੀ ਮੁੜ ਲਾਗੂ ਕਰਨਗੇ, ਕਿਉਂਕਿ ਕਾਨੂੰਨ ਤਦ ਤੱਕ ਰੱਦ ਨਹੀਂ ਹੋਇਆ ਸੀ — ਭਾਵੇਂ ਉਹ ਸਮਾਂ ਸੀ ਜਦੋਂ ਸੰਸਦ ਨਹੀਂ ਚੱਲ ਰਹੀ ਸੀ।

ਪੋਲੀਵੀਅਰ ਨੇ 14 ਮਾਰਚ ਨੂੰ ਇੱਕ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਸੀ ਕਿ "ਮੈਂ ਇਸ ਨੂੰ 'ਕਾਰਬਨ ਟੈਕਸ ਧੋਖਾ' ਕਹਿੰਦਾ ਹਾਂ," ਜਦੋਂ ਕਾਰਨੀ ਨੇ ਗ੍ਰਾਹਕ ਕਾਰਬਨ ਕੀਮਤ ਰੱਦ ਕਰਨ ਦਾ ਐਲਾਨ ਕੀਤਾ। "ਉਹ ਇਸ ਟੈਕਸ ਨੂੰ 60 ਦਿਨਾਂ ਲਈ ਛੁਪਾਉਣਗੇ ਅਤੇ ਜੇ ਮੁੜ ਪਹਿਲਾਂ ਨਾਲੋਂ ਵੀ ਵੱਧ ਲਾਗੂ ਕਰਨਗੇ ਉਹ ਵੀ ਬਿਨਾਂ ਕਿਸੇ ਰੀਬੇਟ ਦੇ।"

ਮਾਰਚ ਵਿੱਚ, ਕਾਰਨੀ ਨੇ ਨਿਯਮ ਰਾਹੀਂ ਗ੍ਰਾਹਕਾਂ ਉੱਤੇ ਲਾਗੂ ਹੋਣ ਵਾਲੀ ਕਾਰਬਨ ਕੀਮਤ ਨੂੰ ਜ਼ੀਰੋ ਸੈੱਟ ਕਰ ਦਿੱਤਾ ਸੀ। ਹੁਣ ਸਰਕਾਰ ਉਸ ਕਾਨੂੰਨ ਨੂੰ ਹੀ ਰੱਦ ਕਰਨ ਦੀ ਯੋਜਨਾ ਵਿੱਚ ਹੈ ਜਿਸ ਨੇ ਇਸ ਨੀਤੀ ਨੂੰ ਕਾਨੂੰਨੀ ਆਧਾਰ ਦਿੱਤਾ ਸੀ। ਇਸ ਨਾਲ ਰੀਬੇਟ ਦੀ ਪ੍ਰਣਾਲੀ ਵੀ ਖਤਮ ਹੋ ਜਾਵੇਗੀ ਜੋ ਕੈਨੇਡੀਅਨ ਲੋਕਾਂ ਨੂੰ ਦਿੱਤੀ ਜਾਂਦੀ ਸੀ।

ਕੈਨੇਡੀਅਨ ਕਲਾਈਮਟ ਇੰਸਟੀਚਿਊਟ ਵੱਲੋਂ 2024 ਵਿੱਚ ਜਾਰੀ ਕੀਤੀ ਇੱਕ ਰਿਪੋਰਟ ਅਨੁਸਾਰ, ਗ੍ਰਾਹਕਾਂ ਉੱਤੇ ਲਾਗੂ ਕੀਤੀ ਕਾਰਬਨ ਕੀਮਤ ਨਾਲ ਇਮੀਸ਼ਨ ਘਟਾਉਣ ਦੇ ਨਤੀਜੇ ਘੱਟ ਰਹਿਣਗੇ, ਜਦਕਿ ਉਦਯੋਗਿਕ ਨਿਕਾਸਕਰਤਾਵਾਂ ਉੱਤੇ ਲਾਗੂ ਕੀਮਤ ਦੁਆਰਾ ਕੁੱਲ ਘਟਾਏ ਗਏ ਨਿਕਾਸ ਦਾ 80% ਹਿੱਸਾ ਆਉਂਦਾ ਹੈ।

ਕਾਰਨੀ ਨੇ ਉਦਯੋਗਿਕ ਨੀਤੀ ਨੂੰ ਮਜ਼ਬੂਤ ਕਰਨ ਦਾ ਵਾਅਦਾ ਤਾਂ ਕੀਤਾ ਹੈ ਪਰ ਇਹ ਨਹੀਂ ਦੱਸਿਆ ਕਿ ਉਹ ਕਦੋਂ ਅਤੇ ਕਿਵੇਂ ਇਹ ਕਰਨਗੇ।

ਕੈਨੇਡੀਅਨ ਤੇਲ ਅਤੇ ਗੈਸ ਕੰਪਨੀਆਂ ਨੇ ਵੀ ਕਾਰਨੀ ਕੋਲੋਂ ਮੰਗ ਕੀਤੀ ਹੈ ਕਿ ਉਦਯੋਗਿਕ ਕਾਰਬਨ ਕੀਮਤ ਨੂੰ ਵੀ ਰੱਦ ਕੀਤਾ ਜਾਵੇ ਕਿਉਂਕਿ ਇਹ ਉਨ੍ਹਾਂ ਦੀ ਵਿਦੇਸ਼ੀ ਮੁਕਾਬਲੇ ਵਾਲੀ ਸਮਰੱਥਾ ਨੂੰ ਨੁਕਸਾਨ ਪਹੁੰਚਾ ਰਹੀ ਹੈ।

ਸਰਕਾਰ ਵੱਲੋਂ ਜਾਰੀ ਦਸਤਾਵੇਜ਼ ਅਨੁਸਾਰ, ਗ੍ਰਾਹਕ ਟੈਕਸ ਸੰਬੰਧੀ ਨਿਯਮਾਂ ਨੂੰ ਪਿਛਲੇ ਤਰੀਕ ਨਾਲ ਅਪ੍ਰੈਲ 1, 2025 ਤੱਕ ਵਾਪਸੀ ਅਥਵਾ ਰੱਦ ਕਰ ਦਿੱਤਾ ਜਾਵੇਗਾ। ਰੀਬੇਟ ਸੰਬੰਧੀ ਧਾਰਾਵਾਂ ਅਕਤੂਬਰ ਤੋਂ ਰੱਦ ਕੀਤੀਆਂ ਜਾਣਗੀਆਂ, ਅਤੇ ਰਜਿਸਟਰੇਸ਼ਨ ਸੰਬੰਧੀ ਨਿਯਮਾਂ ਅਕਤੂਬਰ ਅੰਤ ਤੱਕ ਚੱਲਣਗੀਆਂ। ਬਾਕੀ ਰਹਿ ਗਈਆਂ ਸਾਰੀਆਂ ਧਾਰਾਵਾਂ 1 ਅਪ੍ਰੈਲ, 2035 ਤੋਂ ਲਾਗੂ ਨਹੀਂ ਰਹਿਣਗੀਆਂ।


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
- ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
- ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
- ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
- ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।



BHUPINDER OBEROI
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE SIGHT TEST


ਸਫ਼ਾ 1 ਦਾ ਬਾਕੀ

### ਕੈਨੇਡਾ ਦੇ ਬੈਂਕਾਂ ਦਾ ਮੁਨਾਫ਼ਾ ...

ਦੇ ਨਤੀਜੇ ਜਾਰੀ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਕੁੱਲ ਆਮਦਨ $15.67 ਬਿਲੀਅਨ ਤੱਕ ਪਹੁੰਚ ਗਈ, ਜੋ ਕਿ ਪਿਛਲੇ ਸਾਲ ਦੇ $14.15 ਬਿਲੀਅਨ ਨਾਲੋਂ ਕਾਫੀ ਵੱਧ ਹੈ। ਬੈਂਕ ਦਾ ਮੁਕੰਮਲ ਨਫ਼ਾ $4.4 ਬਿਲੀਅਨ ਰਿਹਾ, ਜੋ ਪਿਛਲੇ ਸਾਲ ਦੀ ਤੁਲਨਾ ਵਿੱਚ $450 ਮਿਲੀਅਨ ਵਧ ਗਿਆ।

ਇਨ੍ਹਾਂ ਨਫਿਆਂ ਦੇ ਨਾਲ-ਨਾਲ, ਬੈਂਕਾਂ ਨੇ ਆਪਣੇ ਹਿੱਸੇਦਾਰਾਂ ਲਈ ਡਿਵਿਡੈਂਡ ਵੀ ਵਧਾ ਦਿੱਤੇ ਹਨ। ਉਦਾਹਰਨ ਵਜੋਂ, RBC ਨੇ ਆਪਣਾ ਤਿਮਾਹੀ ਡਿਵਿਡੈਂਡ $1.54 ਪ੍ਰਤੀ ਹਿੱਸਾ ਕਰ ਦਿੱਤਾ ਹੈ ਅਤੇ 35 ਮਿਲੀਅਨ ਹਿੱਸੇ ਵਾਪਸ ਖਰੀਦਣ ਦੀ ਯੋਜਨਾ ਬਣਾਈ ਹੈ। ਇਹ ਸਭ ਕੁਝ ਇਨ੍ਹਾਂ ਬੈਂਕਾਂ ਵੱਲੋਂ ਲਾਗਤ ਘਟਾਉਣ, ਮਨੁੱਖੀ ਕਰਮਚਾਰੀਆਂ ਦੀ ਘਟਤ ਗਿਣਤੀ ਅਤੇ ਅੀ ਰਾਹੀਂ ਵਧ ਰਹੀ ਕਾਰਗੁਜ਼ਾਰੀ ਕਾਰਨ ਸੰਭਵ ਹੋਇਆ ਹੈ।

### ਗਾਹਕਾਂ ਲਈ ਬੈਂਕ ਸੇਵਾਵਾਂ 'ਚ...

ਲੋਨ ਜਾਂ ਕਰਜ਼ ਰਾਹਤ ਲਈ ਦੋ ਤੋਂ ਤਿੰਨ ਹਫ਼ਤੇ ਦੀ ਉਡੀਕ ਆਮ ਹੋ ਗਈ ਹੈ।

ਸੰਭਾਵੀ ਹੱਲ: ਹਾਈਬ੍ਰਿਡ ਮਾਡਲ ਅਤੇ ਗੰਭੀਰਤਾ ਨਾਲ ਕੰਮ

ਹਾਈਬ੍ਰਿਡ ਮਾਡਲ – ਬੈਂਕਾਂ ਨੂੰ ਚਾਹੀਦਾ ਹੈ ਕਿ ਅੀ ਅਤੇ ਮਨੁੱਖੀ ਕਰਮਚਾਰੀਆਂ ਨੂੰ ਇਕਸਾਥ ਚਲਾਇਆ ਜਾਵੇ ਤਾਂ ਜੋ ਜਿੱਥੇ ਆਟੋਮੈਟਿਕ ਜਵਾਬ ਫਾਇਦੇਮੰਦ ਹੋਣ, ਉਥੇ ਉਹ ਵਰਤੇ ਜਾਣ, ਪਰ ਗੰਭੀਰ ਮਸਲਿਆਂ ਲਈ ਮਨੁੱਖੀ ਸਹਿਯੋਗ ਹਮੇਸ਼ਾ ਉਪਲਬਧ ਹੋਵੇ।

ਕੰਪਲੇਨ ਪ੍ਰੋਸੈਸ ਵਿੱਚ ਸੁਧਾਰ – ਜਦੋਂ ਵੀ ਕੋਈ ਗਾਹਕ ਸ਼ਿਕਾਇਤ ਕਰੇ, ਉਹਨੂੰ ਸਿੱਧਾ ਕਿਸੇ ਮਨੁੱਖੀ ਕਰਮਚਾਰੀ ਤੱਕ ਲਿਜਾਇਆ ਜਾਵੇ ਨਾ ਕਿ ਚੈਟਬੋਟ ਨਾਲ ਚੱਕਰਾਂ ਵਿੱਚ ਪਾਇਆ ਜਾਵੇ।

ਸੋਸ਼ਲ ਲਿਸਨਿੰਗ ਅਤੇ ਡਾਟਾ ਐਨਾਲਿਸਿਸ – ਗਾਹਕਾਂ ਦੀ ਫੀਡਬੈਕ ਦੀ ਜਾਂਚ ਕਰਕੇ ਨੀਤੀਵਾਂ ਵਿੱਚ ਬਦਲਾਅ ਕੀਤਾ ਜਾਵੇ।

ਵਾਸਤਵਿਕ ਕਾਰਵਾਈ – "ਗਾਹਕ ਸੇਵਾ ਸਾਡੀ ਤਰਜੀਹ ਹੈ" ਵਰਗੀਆਂ ਲਾਈਨਾਂ ਸਿਰਫ਼ ਬਿਆਨ ਤੱਕ ਸੀਮਤ ਨਾ ਹੋਣ, ਸਗੋਂ ਗਾਹਕ ਦੇ ਅਨੁਭਵ ਵਿੱਚ ਵੀ ਵਾਧਾ ਹੋਵੇ। ਇਹ ਨਤੀਜੇ CIBC ਦੀ ਵਧ ਰਹੀ ਗਲੋਬਲ ਮਾਰਕੀਟਾਂ, ਨਿਵੇਸ਼ ਬੈਂਕਿੰਗ ਅਤੇ ਡਾਇਰੈਕਟ ਫਾਇਨੈਂਸ਼ੀਅਲ ਸਰਵਿਸਿਜ਼ ਵਿੱਚ ਮਜ਼ਬੂਤ ਕਾਰਗੁਜ਼ਾਰੀ ਨੂੰ ਦਰਸਾਉਂਦੇ ਹਨ। ਇਸ ਨਾਲ ਬੈਂਕ ਨੇ ਆਪਣੇ ਰਿਜ਼ਰਵਾਂ ਨੂੰ ਵੀ ਵਧਾਇਆ ਹੈ, ਜੋ ਕਿ ਭਵਿੱਖ ਵਿੱਚ ਆਰਥਿਕ ਅਨਿਸ਼ਚਿਤਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਸਾਵਧਾਨੀ ਭਰਪੂਰ ਕਦਮ ਹੈ।

ਛੀਭਛ ਦੇ ਇਹ ਨਤੀਜੇ ਉਸਦੇ ਮੁਕਾਬਲੇਦਾਰ ਰੋਇਲ ਬੈਂਕ ਆਫ ਕੈਨੇਡਾ (RBC) ਦੇ ਨਤੀਜਿਆਂ ਨਾਲ ਵੱਖਰੇ ਹਨ, ਜਿਸਨੇ ਇਸ ਤਿਮਾਹੀ ਵਿੱਚ ਆਪਣੀ ਲੋਨ ਨੁਕਸਾਨ ਪ੍ਰਾਵਧਾਨ ਵਿੱਚ 55% ਵਾਧਾ ਦਰਜ ਕੀਤਾ ਹੈ, ਜੋ ਕਿ C$1.42 ਬਿਲੀਅਨ ਰਿਹਾ।

ਇਹ ਨਤੀਜੇ ਦਰਸਾਉਂਦੇ ਹਨ ਕਿ ਛੀਭਛ ਨੇ ਆਪਣੇ ਕੈਪੀਟਲ ਮਾਰਕੀਟ ਵਿਭਾਗ ਵਿੱਚ ਮਜ਼ਬੂਤ ਕਾਰਗੁਜ਼ਾਰੀ ਨਾਲ ਨਫੇ ਵਿੱਚ ਵਾਧਾ ਕੀਤਾ ਹੈ, ਹਾਲਾਂਕਿ ਲੋਨ ਨੁਕਸਾਨ ਪ੍ਰਾਵਧਾਨ ਵਿੱਚ ਵੀ ਵਾਧਾ ਹੋਇਆ ਹੈ। ਇਹ ਬੈਂਕ ਦੀ ਆਰਥਿਕ ਸਥਿਰਤਾ ਅਤੇ ਰਿਸਕ ਮੈਨੇਜਮੈਂਟ ਦੀ ਯੋਜਨਾ ਨੂੰ ਦਰਸਾਉਂਦੇ ਹਨ।

# ਫਰੇਜ਼ਰ ਰਿਵਰ ਟਨਲ ਪ੍ਰੋਜੈਕਟ

## ਆਪਣੇ ਵਿਚਾਰ ਸਾਂਝੇ ਕਰੋ

ਢੋਆ ਢੁਆਈ ਅਤੇ ਟ੍ਰਾਂਜ਼ਿਟ ਮੰਤਰਾਲਾ ਜੌਰਜ ਮੈਸੀ ਟਨਲ ਨੂੰ ਇੱਕ ਨਵੀਂ ਅੱਠ-ਲੇਨ ਦੀ ਟਨਲ ਨਾਲ ਬਦਲਣ ਦਾ ਪ੍ਰਸਤਾਵ ਰੱਖ ਰਿਹਾ ਹੈ।

ਵਾਤਾਵਰਨ ਮੁਲਾਂਕਣ ਦਫ਼ਤਰ (Environmental Assessment Office) ਇਸ ਪ੍ਰੋਜੈਕਟ 'ਤੇ ਜਨਤਕ ਵਿਚਾਰ ਸਾਂਝੇ ਕਰਨ ਲਈ ਸਮਾਂ ਸੀਮਾ ਰੱਖ ਰਿਹਾ ਹੈ

**22 ਮਈ ਤੋਂ 23 ਜੂਨ, 2025**

### ਓਪਨ ਹਾਊਸ ਵਿੱਚ ਸ਼ਾਮਲ ਹੋਵੋ

**ਡੈਲਟਾ**
**ਬੁੱਧਵਾਰ, 4 ਜੂਨ, 2025**
ਸ਼ਾਮ 4 ਤੋਂ 8 ਵਜੇ
**Delta Hotels Vancouver**
6005 BC-17A

**ਰਿਚਮੰਡ**
**ਵੀਰਵਾਰ, 5 ਜੂਨ, 2025**
ਸ਼ਾਮ 4 ਤੋਂ 8 ਵਜੇ
**John M.S. Lecky UBC Boathouse,** 7277 River Road

ਪ੍ਰੋਜੈਕਟ ਬਾਰੇ ਹੋਰ ਜਾਣੋ ਅਤੇ ਸਾਨੂੰ ਦੱਸੋ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਹੈ:

**engage.eao.gov.bc.ca/FraserTunnel-AR**

ਪ੍ਰੋਜੈਕਟ ਬਾਰੇ ਜਾਣਕਾਰੀ ਅਤੇ ਜਨਤਕ ਵਿਚਾਰਾਂ ਦਾ ਸਰਵੇਖਣ ਸਿਰਫ਼ ਅੰਗਰੇਜ਼ੀ ਵਿੱਚ ਉਪਲਬਧ ਹਨ।

**ਤੁਸੀਂ ਡਾਕ ਰਾਹੀਂ ਵੀ ਆਪਣੀ ਰਾਏ ਜਮ੍ਹਾਂ ਕਰ ਸਕਦੇ ਹੋ:** Fraser River Tunnel Project, PO box 9426, Stn Prov Govt, Victoria, B.C. V8W 9V1

BRITISH COLUMBIA EAO Environmental Assessment Office



A TO Z DRIVING SCHOOL




ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ

AIR BRAKE CLASS

ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ

ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ

ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।

ਵਾਜਬ ਰੇਟ ਅਤੇ ਵਧੀਆ ਸਰਵਿਸ

ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ

ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ

ਲੱਕੀ ਸੇਖੋਂ 604 614 5365



idea immigration

- Super Visas
- PNPs

iccrc crcic
EXPRESS ENTRY
Canada's Express Entry immigration

ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
  ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620

Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com

# ਫਲੀਟਵੁੱਡ 'ਚ 32 ਬੱਚਿਆਂ ਲਈ ਨਵਾਂ ਚਾਈਲਡਕੇਅਰ ਸੈਂਟਰ ਮਨਜ਼ੂਰ



**ਸਰੀ, (ਪਰਮਜੀਤ ਸਿੰਘ):** ਸਰੀ ਕੌਂਸਲ ਨੇ ਹਾਲ ਹੀ 'ਚ ਫਲੀਟਵੁੱਡ ਵਿਚ ਇਕ ਨਵੇਂ ਬਣੇ ਇਕੱਲੇ ਪਰਿਵਾਰਕ ਘਰ ਵਿਚ 32 ਬੱਚਿਆਂ ਲਈ ਚਾਈਲਡ ਕੇਅਰ ਸੈਂਟਰ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਘਰ ਐਸ਼ਬੀ ਪਲੇਸ, 15010 'ਤੇ ਸਥਿਤ ਹੈ। ਇਹ ਤਜਵੀਜ਼ ਸ਼ੁਰੂ ਵਿੱਚ 52 ਬੱਚਿਆਂ ਦੀ ਦੇਖਭਾਲ ਦੀ ਸੀ, ਪਰ ਕੌਂਸਲ ਨੇ ਇਸ ਦੀ ਸਮੀਖਿਆ ਕਰਨ ਮਗਰੋਂ 32 ਬੱਚਿਆਂ ਲਈ ਮਨਜ਼ੂਰੀ ਦਿੱਤੀ। 26 ਮਈ ਨੂੰ ਹੋਈ ਸਾਰਵਜਨਿਕ ਸੁਣਵਾਈ ਦੌਰਾਨ ਆਰਕੀਟੈਕਟ ਮਨੀਕਾ ਗ੍ਰੋਵਰ ਨੇ 40 ਬੱਚਿਆਂ ਦੀ ਸਮਰਥਾ ਦੀ ਅਰਜੀ ਕੀਤੀ ਸੀ। ਉਨ੍ਹਾਂ ਕਿਹਾ, "ਸਰੀ ਵਿੱਚ ਪ੍ਰਤੀ 100 ਬੱਚਿਆਂ ਲਈ ਸਿਰਫ 17.9 ਲਾਇਸੈਂਸ ਪ੍ਰਾਪਤ ਚਾਈਲਡਕੇਅਰ ਸਥਾਨ ਹਨ, ਜੋ ਰਾਸ਼ਟਰੀ ਔਸਤ ਤੋਂ ਕਾਫ਼ੀ ਘੱਟ ਹਨ, ਖ਼ਾਸ ਕਰਕੇ ਉੱਚ ਘਣਤਾ ਵਾਲੇ ਇਲਾਕਿਆਂ ਵਿੱਚ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਘਾਟ ਸਿਰਫ ਪਰਿਵਾਰਾਂ ਅਤੇ ਪੇਸ਼ੇਵਰਾਂ ਨੂੰ ਹੀ ਨਹੀਂ, ਸਗੋਂ ਸਾਰੀ ਸਹਿਰ ਦੀ ਵਿਕਾਸ ਯੋਜਨਾ ਨੂੰ ਪ੍ਰਭਾਵਤ ਕਰਦੀ ਹੈ। "ਇਸ ਸਮੇਂ ਸਾਨੂੰ ਤੁਹਾਡੀ ਹਮਾਇਤ ਦੀ ਲੋੜ ਹੈ, ਤਾਂ ਜੋ ਅਸੀਂ 40 ਬੱਚਿਆਂ ਲਈ ਨਵੀਂ ਤਿਆਰ ਕੀਤੀ ਇਮਾਰਤ 'ਚ ਚਾਈਲਡ ਕੇਅਰ ਸੇਵਾ ਸ਼ੁਰੂ ਕਰ ਸਕੀਏ," ਗ੍ਰੋਵਰ ਨੇ ਕਿਹਾ। ਇਸ ਸੁਣਵਾਈ ਦੌਰਾਨ 10 ਪੱਖ ਵਿਚ ਅਤੇ 3 ਵਿਰੋਧ ਵਿਚ ਪੱਤਰ ਮਿਲੇ, ਪਰ ਕਿਸੇ ਹੋਰ ਵਕਤੀ ਨੇ ਦਰਸਨ ਨਹੀਂ ਦਿੱਤਾ। ਕੌਂਸਲ ਨੇ ਉਸ ਰਾਤ ਉਰਬਨ ਰਿਹਾਇਸ਼ੀ ਜ਼ੋਨ ਨੂੰ ਕਮਪ੍ਰੀਹੈਂਸਿਵ ਡਿਵੈਲਪਮੈਂਟ ਜ਼ੋਨ 'ਚ ਬਦਲਣ ਦੀ ਤੀਜੀ ਪੜਾਅ ਦੀ ਮਨਜ਼ੂਰੀ ਦਿੱਤੀ, ਤਾਂ ਜੋ ਇਸ ਘਰ ਵਿਚ 32 ਬੱਚਿਆਂ ਦਾ ਕੇਅਰ ਸੈਂਟਰ "ਐਕਸੈਸਰੀ ਯੂਜ਼" ਵਜੋਂ ਚੱਲ ਸਕੇ। ਕੌਂਸਲਰ ਡੱਗ ਐਲਫੋਰਡ ਨੇ ਇਸ ਦੇ ਵਿਰੋਧ ਵਿੱਚ ਵੋਟ ਦਿੱਤਾ। ਉਨ੍ਹਾਂ ਕਿਹਾ, "ਅਸੀਂ ਆਮ ਤੌਰ 'ਤੇ ਜ਼ੋਨਿੰਗ ਵਿਚ 25 ਬੱਚਿਆਂ ਦੀ ਮਨਜ਼ੂਰੀ ਦਿੰਦੇ ਹਾਂ। ਮੈਨੂੰ ਲੱਗਦਾ ਹੈ ਕਿ ਇਹ ਤਬਦੀਲੀ ਸਟਾਫ਼ ਲਈ ਮੁਸ਼ਕਲ ਬਣਾਏਗੀ, ਕਿਉਂਕਿ ਹੁਣ ਉਨ੍ਹਾਂ ਨੂੰ ਗਿਣਤੀਆਂ 'ਤੇ ਗੱਲਬਾਤ ਕਰਨੀ ਪਵੇਗੀ, ਜੋ ਕਿ ਨਿਆਂਸੰਗਤ ਨਹੀਂ।"

ਦੂਜੇ ਪਾਸੇ, ਕੌਂਸਲਰ ਮੰਦਿਪ ਨਗਰਾ ਨੇ ਇਸ ਨੂੰ ਸਮਰਥਨ ਦਿੱਤਾ, ਪਰ ਉਨ੍ਹਾਂ ਨੇ ਪਾਰਕਿੰਗ ਨੂੰ ਲੈ ਕੇ ਚਿੰਤਾ ਜਤਾਈ। "32 ਬੱਚੇ ਤੇ ਸਿਰਫ ਇਕ ਛੋਟੀ ਗਲੀ, ਇਹ ਆਉਣ ਵਾਲੇ ਸਮੇਂ ਵਿੱਚ ਮੁਸ਼ਕਿਲ ਪੈਦਾ ਕਰ ਸਕਦਾ ਹੈ।" ਉਨ੍ਹਾਂ ਸਿਫ਼ਾਰਸ਼ ਕੀਤੀ ਕਿ ਹਰੇਕ ਬੱਚੇ ਲਈ ਪਾਰਕਿੰਗ ਦੀ ਘੱਟੋ-ਘੱਟ ਅਤੇ ਵੱਧ ਤੋਂ ਵੱਧ ਲੋੜ ਤੈਅ ਕੀਤੀ ਜਾਵੇ। ਇਹ ਘਰ 716 ਵਰਗ ਮੀਟਰ 'ਚ ਹੈ, ਜੋ ਕਿ ਦੋ ਮੰਜ਼ਿਲਾਂ ਵਾਲੀ ਨਵੀਂ ਇਮਾਰਤ ਹੈ। ਇਸ ਵਿੱਚ ਇੱਕ ਦੋ-ਕਮਰੇ ਦੀ ਸੈਕੰਡਰੀ ਸੂਟ ਵੀ ਹੈ। ਪਿਛਲਾ ਸਾਰਾ ਆਂਗਣ ਚਾਈਲਡ ਕੇਅਰ ਖੇਡ ਖੇਤਰ ਲਈ ਵੱਖਰਾ ਕੀਤਾ ਗਿਆ ਹੈ।

ਇਸ ਤੋਂ ਇਲਾਵਾ, 28 ਅਪ੍ਰੈਲ ਨੂੰ ਕੌਂਸਲ ਨੇ ਕਲੋਵਰਡੇਲ ਵਿਚ 5860 188 ਸਟ੍ਰੀਟ 'ਤੇ ਸਥਿਤ ਇਕ ਹੋਰ ਇਕੱਲੇ ਪਰਿਵਾਰਕ ਘਰ ਵਿਚ 25 ਬੱਚਿਆਂ ਲਈ ਚਾਈਲਡ ਕੇਅਰ ਸੈਂਟਰ ਨੂੰ ਵੀ ਮਨਜ਼ੂਰੀ ਦਿੱਤੀ। ਹਾਲਾਂਕਿ, ਉਥੇ ਕਈ ਰਹਿਣ ਵਾਲਿਆਂ ਨੇ ਵਿਰੋਧ ਜਤਾਇਆ ਕਿ ਇਹ ਰਿਹਾਇਸ਼ੀ ਇਲਾਕਾ ਇਸ ਤਰ੍ਹਾਂ ਦੇ ਉੱਚ ਆਵਾਜ਼ ਵਾਲੇ ਸੈਂਟਰ ਲਈ ਉਚਿਤ ਨਹੀਂ। ਇਸ ਤਰ੍ਹਾਂ ਦੀਆਂ ਤਜਵੀਜ਼ਾਂ 'ਤੇ ਵਧ ਰਹੀ ਚਰਚਾ ਇਹ ਦਰਸਾਉਂਦੀ ਹੈ ਕਿ ਸਰੀ 'ਚ ਚਾਈਲਡਕੇਅਰ ਦੀ ਲੋੜ ਤੀਬਰ ਹੈ, ਪਰ ਉਸ ਦੇ ਨਾਲ ਹੀ ਆਬਾਦੀ ਅਤੇ ਆਵਾਜਾਈ ਨਾਲ ਸੰਬੰਧਿਤ ਚੁਣੌਤੀਆਂ ਵੀ ਸਾਹਮਣੇ ਆ ਰਹੀਆਂ ਹਨ।

# ਟਰੰਪ ਦੇ 'ਗੋਲਡਨ ਡੋਮ' ਰੱਖਿਆ ਯੋਜਨਾ ਲਈ 61 ਅਰਬ ਡਾਲਰ ਦੀ ਕੀਮਤ 'ਤੇ ਕੈਨੇਡਾ ਸਮੇਤ ਹੋਰ ਦੇਸ਼ ਵੀ ਉਲਝਣ 'ਚ




**ਵੈਨਕੂਵਰ, (ਪਰਮਜੀਤ ਸਿੰਘ):** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪੇਸ਼ ਕੀਤੀ ਗਈ ਨਵੀਂ 'ਗੋਲਡਨ ਡੋਮ' ਮਿਸਾਈਲ ਡਿਫੈਂਸ ਯੋਜਨਾ ਲਈ ਕੈਨੇਡਾ ਤੋਂ 61 ਅਰਬ ਡਾਲਰ ਦੀ ਮੰਗ ਨੇ ਰੱਖਿਆ ਨੀਤੀ ਨੂੰ ਲੈ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਕੈਨੇਡਾ ਦੇ ਰੱਖਿਆ ਮੰਤਰੀ ਡੇਵਿਡ ਮੈਕਗਿੰਟੀ ਨੇ ਬੁੱਧਵਾਰ ਨੂੰ ਕਿਹਾ, "ਮੈਂ ਇਸ ਵੇਲੇ ਇਹ ਅੰਦਾਜ਼ਾ ਨਹੀਂ ਲਾ ਸਕਦਾ ਕਿ ਇਹ ਯੋਜਨਾ ਸਾਨੂੰ ਕਿੰਨੀ ਮਹਿੰਗੀ ਪਵੇਗੀ। ਅਸੀਂ ਸਰਦੀ ਵਿੱਚ ਬਜਟ ਲਿਆਂਦੇ ਸਮੇਂ ਹੋਰ ਜਾਣਕਾਰੀ ਸਾਂਝੀ ਕਰਾਂਗੇ।"

ਟਰੰਪ ਨੇ ਮੰਗਲਵਾਰ ਨੂੰ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਦਾਅਵਾ ਕੀਤਾ ਕਿ ਜੇਕਰ ਕੈਨੇਡਾ ਇਹ ਯੋਜਨਾ ਆਪਣੀ ਆਜ਼ਾਦ ਦੇਸ਼ ਵਜੋਂ ਅਪਣਾਉਂਦਾ ਹੈ, ਤਾਂ ਇਹਦੀ ਲਾਗਤ 61 ਅਰਬ ਡਾਲਰ ਹੋਵੇਗੀ, ਪਰ ਜੇਕਰ ਕੈਨੇਡਾ ਅਮਰੀਕਾ ਦਾ ਰਾਜ ਬਣ ਜਾਂਦਾ ਹੈ ਤਾਂ ਇਹ ਮੁਫ਼ਤ ਹੋਵੇਗੀ।

ਮੰਤਰੀ ਮਾਰਕ ਕਾਰਨੀ ਨੇ ਟਰੰਪ ਦੇ ਬਿਆਨਾਂ 'ਤੇ ਜਵਾਬ ਦਿੰਦਿਆਂ ਕਿਹਾ ਕਿ ਉਹ ਜਨਤਕ ਤੌਰ 'ਤੇ ਕੋਈ ਰਾਏ ਜਾਂ ਗੱਲਬਾਤ ਨਹੀਂ ਕਰਨਗੇ। ਹਾਲਾਂਕਿ, ਉਨ੍ਹਾਂ ਨੇ ਪਹਿਲਾਂ ਕਿਹਾ ਸੀ ਕਿ ਕੈਨੇਡਾ ਇਸ ਪ੍ਰੋਜੈਕਟ ਵਿੱਚ ਸ਼ਾਮਿਲ ਹੋਣ ਦੀ ਸੰਭਾਵਨਾ 'ਤੇ ਵਿਚਾਰ ਕਰ ਰਿਹਾ ਹੈ।

ਸੰਯੁਕਤ ਰਾਸ਼ਟਰ ਵਿੱਚ ਕੈਨੇਡਾ ਦੇ ਰਾਜਦੂਤ ਨੇ ਟਰੰਪ ਦੀ ਇਸ ਪੇਸ਼ਕਸ਼ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ, "ਕਿਸੇ ਹੋਰ ਸੰਦਰਭ ਵਿੱਚ ਇਹ ਪੇਸ਼ਕਸ਼ ਇਕ 'ਪ੍ਰੋਟੈਕਸ਼ਨ ਰੈਕਟ' ਲੱਗਦੀ ਹੈ।"

ਦੂਜੇ ਪਾਸੇ, ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਅਮਰੀਕਾ ਦੇ ਵਿਦੇਸ਼ ਮੰਤਰੀ ਰਹੇ ਮਾਈਕ ਪੰਪਿਓ ਨੇ ਕਿਹਾ ਕਿ ਇਹ ਗਲਤ ਦਰਸਾਇਆ ਜਾ ਰਿਹਾ ਹੈ ਅਤੇ ਕੈਨੇਡਾ-ਅਮਰੀਕਾ ਵਿਚਕਾਰ ਰੱਖਿਆ ਸਹਿਯੋਗ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ, "ਇਹ ਪ੍ਰੋਜੈਕਟ ਸਹੀ ਢੰਗ ਨਾਲ ਲਾਗੂ ਕਰਨ ਲਈ ਕੈਨੇਡਾ ਦੀ ਰੱਖਿਆ ਸੰਸਥਾਵਾਂ ਅਤੇ ਉੱਨਤ ਤਕਨੀਕ ਨਾਲ ਸਾਂਝਾ ਸਹਿਯੋਗ ਜ਼ਰੂਰੀ ਹੋਵੇਗਾ।"

ਪੰਪਿਓ ਨੇ ਇਹ ਵੀ ਕਿਹਾ ਕਿ ਉਹ ਨਹੀਂ ਜਾਣਦੇ ਟਰੰਪ ਨੇ 61 ਅਰਬ ਡਾਲਰ ਦੀ ਲਾਗਤ ਕਿਵੇਂ ਨਿਕਾਲੀ, ਪਰ ਇਹ ਯਕੀਨੀ ਹੈ ਕਿ "ਗੋਲਡਨ ਡੋਮ" ਇਕ ਮਹਿੰਗਾ ਪ੍ਰੋਜੈਕਟ ਹੋਵੇਗਾ।

2022 ਵਿੱਚ, ਕੈਨੇਡਾ ਨੇ NORAD ਦੀ ਅਧੁਨੀਕਤਾ ਲਈ 38.6 ਅਰਬ ਡਾਲਰ ਦੀ ਯੋਜਨਾ ਦਾ ਐਲਾਨ ਕੀਤਾ ਸੀ ਜੋ ਅਗਲੇ 20 ਸਾਲਾਂ ਵਿੱਚ ਲਾਗੂ ਹੋਵੇਗੀ।







# ਫੈਰੀ ਟਰਮੀਨਲ ਨੇੜੇ ਬੱਸ ਹਾਦਸੇ 'ਚ 4 ਸਾਲਾ ਬੱਚੇ ਦੀ ਮੌਤ, ਮਾਂ ਗੰਭੀਰ ਜ਼ਖ਼ਮੀ

**ਸਰੀ, (ਅਮਰਪਾਲ ਸਿੰਘ):** ਵੈਸਟ ਵੈਨਕੂਵਰ ਪੁਲਿਸ ਅਨੁਸਾਰ ਬੁਧਵਾਰ ਦੁਪਿਹਰ ਵੈਸਟ ਵੈਨਕੂਵਰ ਦੇ ਹੋਰਸ-ਸ਼ੂ ਬੇਅ-ਫੈਰੀ ਟਰਮੀਨਲ ਦੇ ਨੇੜੇ ਇੱਕ ਦਰਦਨਾਕ ਹਾਦਸੇ ਦੌਰਾਨ ਚਾਰ ਸਾਲ ਦੇ ਬੱਚੇ ਦੀ ਮੌਤ ਹੋ ਗਈ ਜਦਕਿ ਉਸ ਦੀ ਮਾਂ ਗੰਭੀਰ ਹਾਲਤ ਵਿੱਚ ਹਸਪਤਾਲ ਦਾਖ਼ਲ ਹੈ।



ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਦੁਪਿਹਰ 3:30 ਵਜੇ ਹੋਇਆ ਜਦੋਂ ਤਿੰਨ ਪੈਦਲ ਚੱਲ ਰਹੇ ਵਿਅਕਤੀਆਂ ਨੂੰ ਇੱਕ ਟਰਾਂਜ਼ਲਿੰਕ ਦੀ ਬੱਸ ਨੇ ਟੱਕਰ ਮਾਰੀ।

ਇਸ ਹਾਦਸੇ ਵਿੱਚ ਬੱਚੇ ਦੀ ਮੌਤ ਮੌਕੇ 'ਤੇ ਹੀ ਹੋ ਗਈ ਸੀ, ਜਦਕਿ ਉਸ ਦੀ ਮਾਂ ਨੂੰ ਗੰਭੀਰ ਜ਼ਖ਼ਮਾਂ ਨਾਲ ਲਾਇੰਜ਼ ਗੇਟ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਨਾਲ ਮੌਜੂਦ ਇਕ ਹੋਰ ਵਿਅਕਤੀ, ਜੋ ਮਾਂ ਦੀ ਦੋਸਤ ਦੱਸਿਆ ਜਾ ਰਿਹਾ ਹੈ, ਨੂੰ ਵੀ ਹਸਪਤਾਲ ਲਿਜਾਇਆ ਗਿਆ ਹੈ, ਪਰ ਉਸ ਦੀ ਹਾਲਤ ਥੋਸ ਦੱਸੀ ਜਾ ਰਹੀ ਹੈ।

ਪੁਲਿਸ ਮੁਤਾਬਕ ਹਾਦਸੇ ਦੀ ਤਫਤੀਸ਼ ਜਾਰੀ ਹੈ ਅਤੇ ਹੁਣ ਤੱਕ ਗਤੀ ਨੂੰ ਇਸ ਹਾਦਸੇ ਦਾ ਕਾਰਨ ਨਹੀਂ ਮੰਨਿਆ ਗਿਆ। ਪਰ ਅਜੇ ਤੱਕ ਕੋਈ ਅਪਰਾਧਕ ਕਾਰਵਾਈ ਜਾਂਚ ਤੋਂ ਬਾਹਰ ਨਹੀਂ ਰੱਖੀ ਗਈ। ਬੱਸ ਦੇ ਡਰਾਈਵਰ ਨੂੰ ਪੁਲਿਸ ਵੱਲੋਂ ਪੁੱਛਗਿੱਛ ਲਈ ਰੋਕਿਆ ਗਿਆ ਹੈ।

ਟਰਾਂਜ਼ਲਿੰਕ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਹੋਰਸਸ਼ੂ ਬੇ ਟਰਮੀਨਲ ਨੇੜੇ ਇਕ ਹਾਦਸਾ ਹੋਇਆ ਹੈ ਜਿਸ ਵਿੱਚ ਉਨ੍ਹਾਂ ਦੀ ਬੱਸ ਸ਼ਾਮਲ ਸੀ। ਉਨ੍ਹਾਂ ਨੇ ਹੋਰ ਜਾਣਕਾਰੀ ਲਈ ਪੁਲਿਸ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ਹੈ।

ਮੌਕੇ ਦੀ ਹਵਾਈ ਫੁਟੇਜ ਵਿੱਚ ਦਿਖਾਇਆ ਗਿਆ ਕਿ ਇੱਕ ਲੰਬੀ ਆਕਾਰ ਦੀ ਟਰਾਂਜ਼ਲਿੰਕ ਬੱਸ ਰੋਡ ਅਤੇ ਸਟਰੀਟ ਦੇ ਕੋਨੇ 'ਤੇ ਖੜੀ ਹੈ, ਜਿਸ ਦੇ ਨੇੜੇ ਇੱਕ ਵੱਡਾ ਚਿੱਟਾ ਟੈਂਟ ਲਗਾਇਆ ਗਿਆ ਸੀ। ਇਹ ਥਾਂ ਬੀ.ਸੀ. ਫੈਰੀਜ਼ ਟਰਮੀਨਲ ਬਿਲਡਿੰਗ ਦੇ ਬਿਲਕੁਲ ਬਾਹਰ ਸਥਿਤ ਹੈ।

ਇੱਕ ਗਵਾਹ ਵੌਨ ਨੈਲਸਨ ਨੇ ਦੱਸਿਆ ਕਿ ਉਹ ਜਦੋਂ ਫੈਰੀ ਤੋਂ ਉਤਰੇ ਤਾਂ ਉਨ੍ਹਾਂ ਨੇ ਦੇਖਿਆ ਕਿ ਬੱਸ ਨੇ ਤੇਜ਼ੀ ਨਾਲ ਸੱਜੇ ਪਾਸੇ ਮੋੜ ਲਿਆ। "ਮੈਂ ਚੀਖਾਂ ਸੁਣੀਆਂ, ਤੇ ਜਦ ਮੈਂ ਉਥੇ ਪਹੁੰਚਿਆ ਤਾਂ ਦੇਖਿਆ ਕਿ ਔਰਤ ਬੱਸ ਹੇਠਾਂ ਸੀ।"

ਬੀ.ਸੀ. ਫੈਰੀਜ਼ ਵੱਲੋਂ ਕਿਹਾ ਗਿਆ ਹੈ ਕਿ ਇਹ ਹਾਦਸਾ ਉਨ੍ਹਾਂ ਦੀ ਸਰਵਿਸ 'ਤੇ ਪ੍ਰਭਾਵਿਤ ਨਹੀਂ ਹੋਇਆ, ਪਰ ਉਹ ਰਸਤਾ ਜਿੱਥੋਂ ਆਮ ਤੌਰ 'ਤੇ ਟ੍ਰਾਂਜ਼ਿਟ, ਟੈਕਸੀ ਜਾਂ ਗੱਡੀ ਰਾਹੀਂ ਆਉਣ ਵਾਲੇ ਯਾਤਰੀ ਆਉਂਦੇ ਹਨ, ਉਹ ਅਸਥਾਈ ਤੌਰ 'ਤੇ ਬੰਦ ਕੀਤਾ ਗਿਆ। This report was written by Amarpal Singh as part of the Local Journalism Initiative.


Are you looking to Buy, Sell or Invest in Properties?

We Can Help! for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ
ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।
Amarpal Singh | Call : 604.338.7310

PARALLEL
1200 W 73rd Ave Unit 828, Vancouver, BC V6P 6G5

HOUSE FOR SALE

9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.



Guru Nanak's Free Kitchen

LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।


Wire Shelving


Post


Dishwasher, Door Type


Dishtable, Soiled


Range, Stock Pot, Gas


Tilting Skillet Braising Pan, Gas


Kettle Mixer, Electric


Exhaust Hood


Hand Sink, Parts & Accessories


Wall / Splash Mount Faucet


Hot Food Well Unit, Drop-In, Electric


Sandwich / Salad Preparation Refrigerator

ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

# ਡੈਲਟਾ ਏਅਰ ਲਾਈਨਜ਼ ਦੀ ਉਡਾਣ ਵਿੱਚ ਕਬੂਤਰਾਂ ਦਾ ਹੰਗਾਮਾ, ਯਾਤਰੀਆਂ ਵਿੱਚ ਹਫੜਾ-ਦਫੜੀ



**ਸਰੀ, (ਪਰਮਜੀਤ ਸਿੰਘ):** ਬੀਤੇ ਦਿਨੀਂ ਡੈਲਟਾ ਏਅਰ ਲਾਈਨਜ਼ ਦੀ ਇੱਕ ਉਡਾਣ, ਜੋ ਮਿਨੀਆਪੋਲਿਸ ਤੋਂ ਵਿਸਕਾਨਸਿਨ ਦੇ ਮੈਡੀਸਨ ਜਾ ਰਹੀ ਸੀ, ਵਿੱਚ ਅਜੀਬੋ-ਗਰੀਬ ਵਾਕਿਆ ਵਾਪਰਿਆ। ਇਸ ਉਡਾਣ ਵਿੱਚ ਨਾ ਸਿਰਫ ਇੱਕ, ਸਗੋਂ ਦੋ ਕਬੂਤਰਾਂ ਨੇ ਜਹਾਜ਼ ਦੇ ਕੈਬਿਨ ਵਿੱਚ ਦਾਖਲ ਹੋ ਕੇ ਯਾਤਰੀਆਂ ਵਿੱਚ ਹਫੜਾ-ਦਫੜੀ ਮਚਾ ਦਿੱਤੀ। ਇਹ ਘਟਨਾ ਮੈਮੋਰੀਅਲ ਡੇਅ ਵੀਕੈਂਡ ਦੌਰਾਨ ਵਾਪਰੀ, ਜਦੋਂ ਜਹਾਜ਼ ਅਜੇ ਗੇਟ ਤੋਂ ਪਿੱਛੇ ਵੀ ਨਹੀਂ ਹਟਿਆ ਸੀ।

ਇੱਕ ਇੰਸਟਾਗ੍ਰਾਮ ਯੂਜ਼ਰ, ਟੌਮ ਕਾਅ, ਜਿਸ ਦਾ ਨਾਂ ਇਸ ਘਟਨਾ ਨਾਲ ਮੇਲ ਖਾਂਦਾ ਹੈ, ਨੇ ਘਟਨਾ ਦੇ ਵੇਰਵੇ ਸਾਂਝੇ ਕੀਤੇ। ਉਸ ਨੇ ਦੱਸਿਆ ਕਿ ਇੱਕ ਯਾਤਰੀ ਨੇ ਫਲਾਈਟ ਅਟੈਂਡੈਂਟ ਨੂੰ ਸੂਚਿਤ ਕੀਤਾ ਕਿ ਜਹਾਜ਼ ਵਿੱਚ ਇੱਕ ਕਬੂਤਰ ਹੈ। ਜਿਸ ਤੋਂ ਬਾਅਦ ਪਾਇਲਟ ਵਲੋਂ ਵੀ ਮਾਈਕਰੋਫੋਨ 'ਤੇ ਇਸ ਦੀ ਪੁਸ਼ਟੀ ਕੀਤੀ ਗਈ।

ਪਰ ਇਹ ਕਹਾਣੀ ਇੱਥੇ ਖਤਮ ਨਹੀਂ ਹੋਈ। ਜਦੋਂ ਜਹਾਜ਼ ਟੇਕਆਫ ਲਈ ਤਿਆਰ ਹੋ ਰਿਹਾ ਸੀ, ਤਾਂ ਇੱਕ ਹੋਰ ਕਬੂਤਰ ਕੈਬਿਨ ਵਿੱਚ ਉੱਡਦਾ ਨਜ਼ਰ ਆਇਆ, ਜਿਸ ਨੇ ਯਾਤਰੀਆਂ ਵਿੱਚ ਹੋਰ ਵੀ ਹੰਗਾਮਾ ਮਚਾ ਦਿੱਤਾ।

ਇੱਕ ਵੀਡੀਓ ਫੁਟੇਜ ਵਿੱਚ ਡਰੇ ਹੋਏ ਯਾਤਰੀਆਂ ਨੂੰ ਦਿਖਾਇਆ ਗਿਆ, ਜਿਨ੍ਹਾਂ ਵਿੱਚੋਂ ਇੱਕ ਯਾਤਰੀ ਚੀਕ ਰਿਹਾ ਸੀ, ਜਦਕਿ ਇੱਕ ਹੋਰ ਯਾਤਰੀ ਨੇ ਕਬੂਤਰ ਨੂੰ ਕੱਪੜੇ ਨਾਲ ਫੜਨ ਦੀ ਅਸਫਲ ਕੋਸ਼ਿਸ਼ ਕੀਤੀ। ਕੰਟਰੋਲ ਟਾਵਰ ਦੇ ਵਿਅਕਤੀ ਨੇ ਕਿਹਾ ਕਿ ਇਹ ਉਸ ਦੇ ਲਈ ਪਹਿਲੀ ਵਾਰ ਸੀ। ਪਾਇਲਟ ਨੇ ਜਵਾਬ ਦਿੱਤਾ ਕਿ ਇਹ ਉਸ ਦੀ ਦੂਜੀ ਵਾਰ ਸੀ, ਪਹਿਲੀ ਵਾਰ ਅੱਧੇ ਘੰਟੇ ਪਹਿਲਾਂ ਹੋਈ ਸੀ।

ਬੈਗੇਜ ਹੈਂਡਲਰਾਂ ਨੂੰ ਇੱਕ ਵਾਰ ਫਿਰ ਜਹਾਜ਼ ਵਿੱਚ ਬੁਲਾਇਆ ਗਿਆ ਅਤੇ ਉਨ੍ਹਾਂ ਨੇ ਦੂਜੇ ਕਬੂਤਰ ਨੂੰ ਵੀ ਬਾਹਰ ਕੱਢ ਦਿੱਤਾ। ਡੈਲਟਾ ਏਅਰ ਲਾਈਨਜ਼ ਨੇ ਇਸ ਘਟਨਾ ਕਾਰਨ ਉਡਾਣ ਵਿੱਚ ਹੋਈ ਦੇਰੀ ਲਈ ਮੁਆਫੀ ਮੰਗੀ। ਕੰਪਨੀ ਨੇ ਦਿੱਤੇ ਬਿਆਨ ਵਿੱਚ ਕਿਹਾ, "ਡੈਲਟਾ ਨੇ ਆਪਣੇ ਸਟਾਫ ਅਤੇ ਗਾਹਕਾਂ ਦੀ ਸੁਰੱਖਿਅਤ ਢੰਗ ਨਾਲ ਦੋ ਪੰਛੀਆਂ ਨੂੰ ਜਹਾਜ਼ ਤੋਂ ਹਟਾਉਣ ਦੀ ਸ਼ਲਾਘਾ ਕਰਦੀ ਹੈ ਅਤੇ ਅਸੀਂ ਯਾਤਰੀਆਂ ਦੀ ਯਾਤਰਾ ਵਿੱਚ ਹੋਈ ਦੇਰੀ ਲਈ ਮੁਆਫੀ ਮੰਗਦੇ ਹਾਂ।"

ਇਹ ਘਟਨਾ ਯਾਤਰੀਆਂ ਲਈ ਇੱਕ ਅਜੀਬ ਅਤੇ ਯਾਦਗਾਰ ਅਨੁਭਵ ਸੀ। ਜਹਾਜ਼ ਵਿੱਚ ਪੰਛੀਆਂ ਦੀ ਮੌਜੂਦਗੀ ਨੇ ਨਾ ਸਿਰਫ ਯਾਤਰੀਆਂ ਵਿੱਚ ਘਬਰਾਹਟ ਪੈਦਾ ਕੀਤੀ, ਸਗੋਂ ਸੋਸ਼ਲ ਮੀਡੀਆ 'ਤੇ ਵੀ ਇਸ ਦੀ ਚਰਚਾ ਨੇ ਜ਼ੋਰ ਫੜ ਲਿਆ। ਕਈ ਲੋਕਾਂ ਨੇ ਇਸ ਨੂੰ ਮਜ਼ਾਕੀਆ ਅੰਦਾਜ਼ ਵਿੱਚ ਲਿਆ, ਜਦਕਿ ਕੁਝ ਨੇ ਜਹਾਜ਼ ਦੀ ਸੁਰੱਖਿਆ ਅਤੇ ਸਫਾਈ ਪ੍ਰਕਿਰਿਆਵਾਂ 'ਤੇ ਸਵਾਲ ਉਠਾਏ।

# ਸਰੀ 'ਚ ਖੁੱਲਿਆ 'ਨੇਬਰਹੁੱਡ ਹਾਊਸ' ਲੋਕਾਂ ਦੀਆਂ ਜ਼ਰੂਰਤਾਂ ਨੂੰ ਦਿੱਤੀ ਜਾਵੇਗੀ ਪਹਿਲ




**ਸਰੀ, (ਪਰਮਜੀਤ ਸਿੰਘ):** ਸਰੀ ਦੇ ਗਿਲਫੋਰਡ ਇਲਾਕੇ ਵਿਚ ਭਾਈਚਾਰੇ ਦੀਆਂ ਹਕੀਕਤੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਇੱਕ ਨਵਾਂ ਪੈਲਾਂਕਾਰ ਸ਼ੁਰੂ ਹੋਇਆ ਹੈ। ਇਹ ਨਵਾਂ 'ਨੇਬਰਹੁੱਡ ਹਾਊਸ' 15659, 96 ਐਵੇਨਿਊ 'ਤੇ ਖੁੱਲ੍ਹਿਆ ਹੈ ਜੋ ਸਿਰਫ਼ ਸੇਵਾ ਦਿੰਦਾ ਸਥਾਨ ਨਹੀਂ, ਬਲਕਿ ਭਾਈਚਾਰੇ ਦੀ ਆਵਾਜ਼ ਤੇ ਚੱਲਣ ਵਾਲਾ ਇੱਕ ਮਾਡਲ ਬਣਾਇਆ ਗਿਆ ਹੈ।

ਇਸ ਸਥਾਨ ਦੇ ਸੰਸਥਾਪਕ ਤੇ ਨਿਰਦੇਸ਼ਕ ਉਪਕਾਰ ਸਿੰਘ ਤਤਲੇ ਨੇ ਦੱਸਿਆ ਕਿ "ਇਹ ਸੌ ਫੀਸਦੀ ਭਾਈਚਾਰੇ ਵੱਲੋਂ ਚਲਾਇਆ ਗਿਆ ਉਪਰਾਲਾ ਹੈ" । ਉਨ੍ਹਾਂ ਕਿਹਾ ਕਿ ਇਹ ਸਿਰਫ਼ ਭੌਤਿਕ ਤੇ ਸਿਹਤ ਸੰਬੰਧੀ ਜ਼ਰੂਰਤਾਂ ਹੀ ਨਹੀਂ, ਸਗੋਂ ਲੋਕਾਂ ਦੀਆਂ ਸਮਾਜਿਕ ਜ਼ਰੂਰਤਾਂ ਨੂੰ ਵੀ ਪੂਰਾ ਕਰਦਾ ਹੈ।

ਇਹ ਕੇਂਦਰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲ੍ਹਾ ਰਹੇਗਾ। ਇੱਥੇ ਲੋੜਵੰਦ ਸੇਵਾਵਾਂ ਲਈ ਡਰਾਪ-ਇਨ ਵਿਅਵਸਥਾ ਕੀਤੀ ਗਈ ਹੈ, ਪਰ ਇਹ ਕੇਵਲ ਗਿਲਫੋਰਡ ਇਲਾਕੇ ਤੱਕ ਸੀਮਤ ਨਹੀਂ। ਉਪਕਾਰ ਸਿੰਘ ਨੇ ਦੱਸਿਆ ਕਿ ਇਥੇ ਹੇਠ ਲਿਖੀਆਂ ਸੇਵਾਵਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

- ਭੋਜਨ ਅਤੇ ਕਿਚਨ ਸੇਵਾਵਾਂ: ਇੱਥੇ ਤਿਆਰ ਖਾਣਾ ਅਤੇ ਲੰਚ ਸਰਵ ਕਰਨ ਲਈ ਪੂਰੀ ਤਿਆਰੀ ਕੀਤੀ ਗਈ ਹੈ।
- ਲਾਂਡਰੀ ਅਤੇ ਸ਼ਾਵਰ ਰੂਮ: ਜਿੱਥੇ ਲੋਕ ਆਪਣੇ ਕੱਪੜੇ ਧੋ ਸਕਣ ਅਤੇ ਇਨਸਾਨੀ ਮਰਿਆਦਾ ਨਾਲ ਇਸ਼ਨਾਨ ਕਰ ਸਕਣ।
- ਮਨੋਵਿਗਿਆਨਕ ਸਲਾਹ ਸੇਵਾਵਾਂ: ਮਰੀਜ਼ਾਂ ਲਈ ਦੋ ਕਲੀਨਿਸ਼ੀਅਨ ਅਤੇ ਫਰੇਜ਼ਰ ਹੈਲਥ ਟੀਮ ਉਪਲੱਬਧ ਹੋਏਗੀ।
- ਕਪੜੇ ਅਤੇ ਕਿਤਾਬਾਂ ਦੀ ਦਾਨ ਸੇਵਾ: ਜਿੱਥੇ ਲੋਕ ਮੁਫ਼ਤ ਕੱਪੜੇ ਤੇ ਲਾਇਬ੍ਰੇਰੀ ਵਰਤ ਸਕਦੇ ਹਨ।
- ਬਜ਼ੁਰਗਾਂ ਅਤੇ ਨਵੇਂ ਆਏ ਲੋੜਵੰਦਾਂ ਲਈ ਕੰਪਿਊਟਰ ਟ੍ਰੇਨਿੰਗ: ਯੂਨੀਵਰਸਿਟੀ ਵਿਦਿਆਰਥੀ ਸੁਆਇਚਕ ਤੌਰ 'ਤੇ ਸਿਖਾਉਣ ਆਉਂਦੇ ਹਨ।

ਇੱਕ ਕਮਰਾ ਆਡੀਓ ਵਿਧੀਕ ਰੂਪ ਵਿੱਚ ਸੈੱਟ ਕੀਤਾ ਗਿਆ ਹੈ ਜਿਸ ਵਿਚ ਲਾਈਟਾਂ, ਮਾਈਕ ਅਤੇ ਬੈਕਡਰਾਪ ਆਦਿ ਉਪਕਰਨ ਹਨ। ਉਥੇ ਨੌਜਵਾਨ ਪੋਡਕਾਸਟ ਜਾਂ ਹੋਰ ਮੀਡੀਆ ਰਚਨਾਤਮਕਤਾ ਵਰਗੀਆਂ ਗਤੀਵਿਧੀਆਂ ਕਰ ਸਕਦੇ ਹਨ। ਇੱਕ ਆਮ ਕਮਰਾ ਵੀ ਬਣਾਇਆ ਗਿਆ ਹੈ, ਜਿੱਥੇ ਕੋਈ ਵੀ ਆ ਕੇ ਕੁਝ ਸਮਾਂ ਬਿਤਾ ਸਕਦਾ ਹੈ। ਇੱਥੇ ਕਿਤਾਬਾਂ ਦੀ ਸਾਂਝ ਅਤੇ ਹੋਰ ਸਮਾਜਿਕ ਪ੍ਰੋਗਰਾਮ ਵੀ ਚਲਾਏ ਜਾਂਦੇ ਹਨ।

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES
Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।
BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

FAST COMPUTER REPAIR
New Web Designing & Hosting Services
Onsite Service Available
Computer Repair & Upgrade
Spyware & Virus Removal
Same Day Service
Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

GURTAJ SAMRA
PERSONAL REAL ESTATE CORPORATION
ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
RESIDENTIAL, COMMERCIAL SALES & LEASING
GURTAJ SAMRA
ASSOCIATE
778-869-0607
778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

SINCE : 2007
ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- Brar Bhagta Bhai Ka
  604-751-1113
- Karamjit Singh Buttar
  Journalist
- Simranjit Singh
  Journalist
- Dr. Puran Singh
  Writer
- Gora Sandhu Khurd
  News Reporter (Punjab)
- Paramjit Singh
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**



# ਫ਼ਲਾਂ ਦੇ ਬਾਗ਼ਾਂ ਦੀ ਧਰਤੀ ਬੀ.ਸੀ. ਦੀ ਓਕਨਾਗਨ ਘਾਟੀ

**ਲੇਖਕ : ਗੁਰਪ੍ਰੀਤ ਸਿੰਘ ਤਲਵੰਡੀ**
**ਸੰਪਰਕ: 77898-09196**

ਕੈਨੇਡਾ ਦੇ ਸਭ ਤੋਂ ਖ਼ੂਬਸੂਰਤ ਰਾਜ ਬ੍ਰਿਟਿਸ਼ ਕੋਲੰਬੀਆ ਦੀ ਓਕਨਾਗਨ ਵੈਲੀ (ਘਾਟੀ) ਦੇਖਣਯੋਗ ਹੈ। ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਤੋਂ ਕੈਨੇਡਾ ਆਉਣ ਵਾਲੇ ਲੋਕਾਂ ਨੂੰ ਓਕਨਾਗਨ ਘਾਟੀ ਆਪਣੇ ਵੱਲ ਖਿੱਚਦੀ ਹੋਈ ਪ੍ਰਤੀਤ ਹੁੰਦੀ ਹੈ ਕਿਉਂਕਿ ਇਸ ਖੇਤਰ ਦੀ ਸੁੰਦਰਤਾ ਅਤੇ ਕੁਦਰਤੀ ਸੁਹੱਪਣ ਦਾ ਆਨੰਦ ਲੈਣ ਦੀ ਹਰ ਇੱਕ ਵਿੱਚ ਚਾਹਨਾਂ ਹੁੰਦੀ ਹੈ। ਓਕਨਾਗਨ ਘਾਟੀ ਦੇ ਖੇਤਰ ਵਿੱਚ ਕੈਲੋਨਾ, ਪੱਛਮੀ ਕੈਲੋਨਾ, ਓਲੀਵਰ, ਸੋਹੀਅਸ, ਪੈਨਟਿਕਟਨ ਅਤੇ ਵਰਨਨ ਆਦਿ ਸ਼ਹਿਰ ਆਉਂਦੇ ਹਨ। ਇਸ ਘਾਟੀ ਨੂੰ ਇੱਥੋਂ ਦੀਆਂ ਵਿਸ਼ਵ ਪ੍ਰਸਿੱਧ ਵਾਇਨਰੀਜ਼ (ਸ਼ਰਾਬ ਬਣਾਉਣ ਵਾਲੇ ਕਾਰੋਬਾਰ) ਅਤੇ ਫ਼ਲਾਂ ਦੀ ਪੈਦਾਵਾਰ ਕਰਕੇ ਜਾਣਿਆ ਜਾਂਦਾ ਹੈ। ਓਕਨਾਗਨ ਵੈਲੀ ਦੇ ਸਾਰੇ ਹੀ ਸ਼ਹਿਰ ਓਕਨਾਗਨ ਝੀਲ ਦੇ ਕੰਢੇ ਵਸੇ ਹੋਏ ਹਨ। ਇਹੀ ਝੀਲ ਅਤੇ ਦੂਸਰੇ ਪਾਸੇ ਪਹਾੜ ਇਸ ਖੇਤਰ ਨੂੰ ਵੱਡੀ ਖ਼ੂਬਸੂਰਤੀ ਪ੍ਰਦਾਨ ਕਰਦੇ ਹਨ। ਇਹੀ ਕਾਰਨ ਹੈ ਕਿ ਵਿਸ਼ਵ ਭਰ ਦੇ ਵੱਡੀ ਗਿਣਤੀ ਸੈਲਾਨੀ ਗਰਮੀਆਂ ਵਿੱਚ ਇਸ ਖੇਤਰ ਵੱਲ ਨੂੰ ਵਹੀਰਾਂ ਘੱਤ ਦਿੰਦੇ ਹਨ।

ਸਾਲ 2016 ਦੀ ਜਨਗਣਨਾ ਮੁਤਾਬਿਕ ਓਕਨਾਗਨ ਵੈਲੀ ਦੀ ਕੁਲ ਜਨਸੰਖਿਆ 3 ਲੱਖ 62258 ਸੀ। ਓਕਨਾਗਨ ਵੈਲੀ ਦੇ ਸ਼ਹਿਰਾਂ ਤੱਕ ਪਹੁੰਚਣ ਲਈ ਹਾਈਵੇ 97 ਜਾਂ ਹਾਈਵੇ 3 ਰਾਹੀਂ ਜਾਇਆ ਜਾ ਸਕਦਾ ਹੈ। ਹਾਈਵੇ 97 ਕੋਕਾਹਿੱਲ ਹਾਈਵੇ ਵਜੋਂ ਵੀ ਜਾਣਿਆ ਜਾਂਦਾ ਹੈ ਜੋ ਕੈਨੇਡਾ ਦੇ ਅਤਿ ਉੱਚੇ ਪਹਾੜ ਕੋਕਾਹਿੱਲ ਉੱਪਰੋਂ ਗੁਜ਼ਰਦਾ ਹੈ। ਇਸ ਕੋਕਾਹਿੱਲ ਪਹਾੜ ਦੀ ਉਚਾਈ ਬਾਰੇ ਕੈਨੇਡਾ ਦੇ ਟਰੱਕ ਡਰਾਈਵਰਾਂ ਜਾਂ ਪੰਜਾਬੀ ਗੀਤਾਂ ਵਿੱਚ ਵੀ ਜ਼ਿਕਰ ਅਕਸਰ ਕੀਤਾ ਜਾਂਦਾ ਹੈ। ਇਸ ਦੀ ਸਿੱਧੀ ਚੜ੍ਹਾਈ ਦਾ ਵੱਖਰਾ ਹੀ ਢੰਗ ਹੈ। ਚੰਗੀਆਂ ਮਜ਼ਬੂਤ ਗੱਡੀਆਂ ਵੀ ਕੋਕਾਹਿੱਲ ਦੀ ਚੜ੍ਹਾਈ ਚੜ੍ਹਦੀਆਂ ਦਮੋਂ ਉੱਖੜ ਜਾਂਦੀਆਂ ਹਨ।

ਓਕਨਾਗਨ ਘਾਟੀ ਦੇ ਸਮੁੱਚੇ ਵਾਤਾਵਰਨ ਵਿੱਚ ਹੁਣ ਥੋੜ੍ਹਾ ਬਦਲਾਅ ਆ ਰਿਹਾ ਹੈ। ਘਾਟੀ ਦੇ ਇੱਕ ਛੋਟੇ ਜਿਹੇ ਸ਼ਹਿਰ ਸਮਰਲੈਂਡ ਵਿੱਚ ਸਥਿਤ ਪੈਸੀਫਿਕ ਐਗਰੀਫੂਡ ਖੋਜ ਸੰਸਥਾ ਅਨੁਸਾਰ ਹੁਣ ਇਸ ਘਾਟੀ ਦਾ ਤਾਪਮਾਨ ਪਹਿਲਾਂ ਨਾਲੋਂ ਥੋੜ੍ਹਾ ਗਰਮ ਹੋ ਰਿਹਾ ਹੈ। ਪਹਿਲਾਂ ਪਹਿਲ ਇਸ ਘਾਟੀ ਵਿੱਚ ਕਰੀਬ 12 ਹਜ਼ਾਰ ਲੋਕ ਰਹਿਣ ਲਈ ਆਏ ਸਨ ਜੋ ਮੱਛੀਆਂ ਫੜਨ, ਸ਼ਿਕਾਰ ਕਰਨ ਜਾਂ ਆਪਣੇ ਭੋਜਨ ਦੀ ਤਲਾਸ਼ ਵਿੱਚ ਇੱਥੇ ਆਏ ਸਨ। ਇਨ੍ਹਾਂ ਨੂੰ ਰੈੱਡ ਇੰਡੀਅਨ ਵੀ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਚਿਹਰਾ ਮੋਹਰਾ ਤੇ ਰੰਗ ਰੂਪ ਭਾਰਤੀ ਲੋਕਾਂ ਨਾਲ ਮਿਲਦਾ ਜੁਲਦਾ ਹੈ। ਇਹ ਹੀ ਇਸ ਮੁਲਕ ਦੇ ਮੂਲ ਵਾਸੀ ਸਨ। ਇਹ ਹਾਲੇ ਵੀ ਕੈਨੇਡਾ ਦੇ ਪੇਂਡੂ ਇਲਾਕਿਆਂ ਵਿੱਚ ਰਹਿੰਦੇ ਹਨ।

ਸਾਲ 1811 ਵਿੱਚ ਪਹਿਲੀ ਵਾਰ ਓਕਨਾਗਨ ਵੈਲੀ ਵਿੱਚ ਕਈ ਗ਼ੈਰ ਮੂਲ ਨਿਵਾਸੀ ਪੁੱਜੇ ਅਤੇ ਉਨ੍ਹਾਂ ਫਰ ਟਰੇਡਿੰਗ ਦਾ ਕੰਮ ਸ਼ੁਰੂ ਕਰ ਦਿੱਤਾ। 15 ਕੁ ਸਾਲਾਂ ਤੱਕ ਫਰ ਟਰੇਡਿੰਗ ਕੰਪਨੀ ਦਾ ਕਾਫ਼ੀ ਵਿਸਥਾਰ ਹੋਇਆ। 1849 ਵਿੱਚ ਬਰਤਾਨੀਆ ਅਧੀਨ ਉੱਤਰੀ ਅਮਰੀਕਾ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਹੱਦਬੰਦੀ ਸਬੰਧੀ ਓਰੇਗੌਨ ਸੰਧੀ ਹੋਈ। ਇਸ ਤੋਂ ਬਾਅਦ ਓਕਨਾਗਨ ਵੈਲੀ ਸੋਈਅਸ ਨਦੀ ਤੱਕ ਦੋ ਭਾਗਾਂ ਵਿੱਚ ਵੰਡੀ ਗਈ। ਫਿਰ ਕਸਬਾ ਹੋਪ ਤੋਂ ਲੈ ਕੇ ਰੌਕ ਕਰੀਕ, ਵਿਲਡ ਹੌਰਸ ਕਰੀਕ ਸੋਈਅਸ ਲੇਕ ਅਤੇ ਅਮਰੀਕਾ ਦੀ ਸਰਹੱਦ ਤੱਕ ਸੋਨੇ ਅਤੇ ਤਾਂਬੇ ਦੇ ਭੰਡਾਰ ਖੋਜੇ ਗਏ। ਦੱਖਣੀ ਓਕਨਾਗਨ ਖੇਤਰ ਵਿੱਚ ਸੋਨੇ ਦੀਆਂ ਖਾਣਾਂ ਸਬੰਧੀ ਪਲਾਂਟ ਓਲੀਵਰ ਦੇ ਕੋਲ ਲਗਾਇਆ ਗਿਆ। ਸੋਨੇ ਦੀਆਂ ਖਾਣਾਂ ਵਿੱਚ ਕੰਮ ਕਰਦੇ ਵਿਅਕਤੀਆਂ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ 19ਵੀਂ ਸਦੀ ਵਿੱਚ ਹੋਰ ਵਧੇਰੇ ਕਿਸਾਨਾਂ ਨੂੰ ਉਕਤ ਖੇਤਰ ਵਿੱਚ ਫ਼ਲ ਅਤੇ ਸਬਜ਼ੀਆਂ ਦੀ ਖੇਤੀ ਕਰਨ ਲਈ ਉਤਸ਼ਾਹਿਤ ਕੀਤਾ ਗਿਆ।

ਫ਼ਲਾਂ ਦੀ ਖੇਤੀ ਅੱਜ ਓਕਨਾਗਨ ਵੈਲੀ ਦੀ ਇੱਕ ਵੱਡੀ ਪਛਾਣ ਬਣ ਚੁੱਕੀ ਹੈ। ਸੇਬਾਂ ਦੀ ਖੇਤੀ ਸਭ ਤੋਂ ਪਹਿਲਾਂ ਉਕਤ ਖੇਤਰ ਵਿੱਚ ਸੰਨ 1892 ਦੇ ਆਸ ਪਾਸ ਸ਼ੁਰੂ ਹੋਈ ਦੱਸੀ ਜਾਂਦੀ ਹੈ। ਸੋਈਅਸ, ਓਲੀਵਰ ਤੇ ਕੇਰੇਮੀਓਸ ਆੜੂ ਅਤੇ ਅੰਗੂਰਾਂ ਦੀ ਖੇਤੀ ਲਈ ਪ੍ਰਸਿੱਧ ਹਨ। ਇੱਥੇ ਪੰਜਾਬੀਆਂ ਦੇ ਵੀ ਫ਼ਲਾਂ ਦੇ ਬਾਗ ਹਨ। ਕੈਨੇਡਾ ਵਿੱਚ ਟਰੱਕਿੰਗ ਦੇ ਕਾਰੋਬਾਰ ਵਿੱਚ ਵੱਡਾ ਦਬਦਬਾ ਬਣਾਉਣ ਤੋਂ ਬਾਅਦ ਖੇਤੀਬਾੜੀ ਦੇ ਖੇਤਰ ਵਿੱਚ ਪੰਜਾਬੀ ਲਗਾਤਾਰ ਛਾਏ ਹੋਏ ਹਨ। ਸਰੀ, ਵੈਨਕੂਵਰ, ਲੈਂਗਲੀ ਅਤੇ ਐਬਟਸਫੋਰਡ ਇਲਾਕਿਆਂ ਵਿੱਚ ਬਲੂਬੈਰੀ, ਰਸਬੈਰੀ ਤੇ ਸਟਰਾਬੈਰੀ ਦੀ ਖੇਤੀ ਤੋਂ ਇਲਾਵਾ ਰਿਚਮੰਡ, ਡੈਲਟਾ ਅਤੇ ਚਿੱਲੀਵੈਕ ਸਮੇਤ ਹੋਰਨਾਂ ਕਈ ਇਲਾਕਿਆਂ ਵਿੱਚ ਸਬਜ਼ੀਆਂ, ਆਲੂ ਜਾਂ ਮੱਕੀ ਦੀ ਭਰਪੂਰ ਪੈਦਾਵਾਰ ਵੀ ਪੰਜਾਬੀਆਂ ਦੀ ਸਖ਼ਤ ਮਿਹਨਤ ਦਾ ਹੀ ਨਤੀਜਾ ਹੈ। ਇਸ ਤੋਂ ਇਲਾਵਾ ਕੋਕਾਹਿੱਲ ਪਹਾੜੀ ਲੜੀ ਪਾਰ ਕਰਕੇ ਕੇਰੇਮੀਓਸ, ਸੋਈਅਸ, ਓਲੀਵਰ, ਕੈਲੋਨਾ, ਵਰਨਨ, ਕੈਮਲੂਪਸ ਵਿੱਚ ਆੜੂ, ਅੰਗੂਰ ਜਾਂ ਸੇਬਾਂ ਦੇ ਵਿਸ਼ਾਲ ਬਾਗ਼ ਵੀ ਲਗਭਗ ਪੰਜਾਬੀਆਂ ਦੇ ਹਨ।

ਇਨ੍ਹਾਂ ਕਈ-ਕਈ ਸੈਂਕੜੇ ਏਕੜਾਂ ਦੇ ਫਾਰਮਾਂ ਅੱਗੇ ਪੰਜਾਬੀਆਂ ਦੇ ਗੋਤ ਜਾਂ ਨਾਮ ਦਰਸਾਉਂਦੇ ਬੋਰਡ ਇਨ੍ਹਾਂ ਖਿੱਤਿਆਂ ਵਿੱਚ ਪੰਜਾਬੀਆਂ ਦੀ ਚੜ੍ਹਤ ਨੂੰ ਦਰਸਾਉਂਦੇ ਹਨ। ਸੰਘਣੀ ਆਬਾਦੀ ਵਾਲੇ ਸ਼ਹਿਰਾਂ ਦੀ ਚਕਾਚੌਂਧ ਤੋਂ ਹਟ ਕੇ ਜਦ ਗਰਮੀਆਂ ਵਿੱਚ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਸਮੇਤ ਦੂਰ ਦੁਰਾਡੇ ਇਨ੍ਹਾਂ ਪੇਂਡੂ ਖੇਤਰਾਂ ਵਿੱਚ ਘੁੰਮਣ ਲਈ ਜਾਂਦੇ ਹਨ ਤਾਂ ਪੰਜਾਬੀਆਂ ਦੇ ਨਾਵਾਂ ਵਾਲੇ ਬੋਰਡ ਦੇਖ ਕੇ ਹਰ ਇੱਕ ਦਾ ਸੀਨਾ ਫ਼ਖ਼ਰ ਨਾਲ ਚੌੜਾ ਹੋ ਜਾਂਦਾ ਹੈ ਅਤੇ ਹਰ ਕੋਈ ਆਪਣੇ ਪੰਜਾਬੀ ਭਾਈਚਾਰੇ ਦੀ ਮਿਹਨਤ ਅਤੇ ਮਾਰੀਆਂ ਮੱਲਾਂ 'ਤੇ ਮਾਣ ਕਰਦਾ ਹੈ। ਇੱਥੇ ਇਹ ਗੱਲ ਵੀ ਕਾਬਲੇ ਗੌਰ ਹੈ ਕਿ ਸ਼ਹਿਰੀ ਖੇਤਰਾਂ ਵਿੱਚ ਰਹਿਣ ਵਾਲੇ ਪੰਜਾਬੀ ਪਰਿਵਾਰ ਆਪਣੇ ਆਸ ਪਾਸ ਦੇ ਲੋਕਾਂ ਨਾਲ ਬਹੁਤ ਘੱਟ ਸਹਿਚਾਰ ਰੱਖਦੇ ਹਨ ਜਦੋਂਕਿ ਬਹੁਤੇ ਆਪਣੇ ਗੁਆਂਢੀ ਨੂੰ ਜਾਣਦੇ ਤੱਕ ਵੀ ਨਹੀਂ ਹਨ। ਪਰ ਸ਼ਹਿਰਾਂ ਤੋਂ ਦੂਰ ਦੁਰਾਡੇ ਛੋਟੇ ਕਸਬਿਆਂ ਵਿੱਚ ਰਹਿਣ ਵਾਲੇ ਪੰਜਾਬੀ ਲਗਭਗ ਹਰ ਇੱਕ ਪੰਜਾਬੀ ਪਰਿਵਾਰ ਨੂੰ ਕੇਵਲ ਜਾਣਦੇ ਹੀ ਨਹੀਂ, ਸਗੋਂ ਆਪਣਾ ਸਹਿਚਾਰ ਵੀ ਪੂਰਾ ਰੱਖਦੇ ਹਨ। ਸ਼ਹਿਰੀ ਲੋਕਾਂ ਦੇ ਮੁਕਾਬਲੇ ਇਨ੍ਹਾਂ ਪਰਿਵਾਰਾਂ ਦੀ ਪ੍ਰਹੁਣਾਚਾਰੀ ਦਾ ਵੀ ਕੋਈ ਸਾਨੀ ਨਹੀਂ ਹੈ।

ਸੋਈਅਸ ਵਿੱਚ ਵਸਦਾ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਤਲਵੰਡੀ ਖ਼ੁਰਦ ਦਾ ਔਜਲਾ ਪਰਿਵਾਰ ਵੀ ਆਪਣੀ ਸਖ਼ਤ ਮਿਹਨਤ ਜ਼ਰੀਏ ਚੋਖਾ ਨਾ ਕਮਾਂ ਰਿਹਾ ਹੈ। ਅਮਰ ਸਿੰਘ ਔਜਲਾ ਦੇ ਵੱਡੇ ਲੜਕੇ ਮਨਪ੍ਰੀਤ ਸਿੰਘ ਔਜਲਾ ਕੋਲ ਸੋਈਅਸ ਅਤੇ ਛੋਟੇ ਲੜਕੇ ਮਨਜੋਤ ਸਿੰਘ ਕੋਲ ਓਲੀਵਰ ਵਿੱਚ ਸੈਂਕੜੇ ਏਕੜਾਂ ਦੇ ਫ਼ਲਾਂ ਦੇ ਫਾਰਮ ਹਨ। ਹਾਈਵੇ ਨੰਬਰ 3 ਰਾਹੀਂ ਸੋਈਅਸ ਵਿੱਚ ਦਾਖ਼ਲ ਹੁੰਦਿਆਂ ਹੀ ਸੋਈਅਸ ਫਰੂਟ ਬਾਸਕਟ ਨਾਮ ਦਾ ਤਾਜ਼ੇ ਫ਼ਲ ਅਤੇ ਸਬਜ਼ੀਆਂ ਦਾ ਵੱਡਾ ਸਟੋਰ ਅਤੇ ਅੱਗੇ ਸ਼ਿੰਗਾਰ ਕੇ ਖੜ੍ਹਾ ਕੀਤਾ ਪੰਜਾਬੋਂ ਮੰਗਵਾਇਆ ਫੋਰਡ ਟਰੈਕਟਰ ਹਰ ਇੱਕ ਪੰਜਾਬੀ ਦਾ ਧਿਆਨ ਖਿੱਚਦਾ ਹੈ। ਇਸੇ ਤਰ੍ਹਾਂ ਓਲੀਵਰ ਦਾ ਔਜਲਾ ਫਰੂਟ ਸਟੈਂਡ ਵੀ ਤਾਜ਼ੇ ਫ਼ਲ ਅਤੇ ਸਬਜ਼ੀਆਂ ਲਈ ਕਾਫ਼ੀ ਪ੍ਰਸਿੱਧ ਹੈ। ਮਨਪ੍ਰੀਤ ਸਿੰਘ ਔਜਲਾ ਕੋਲ ਦੋ ਦਿਨ ਛੁੱਟੀਆਂ ਦੇ ਬਿਤਾ ਕੇ ਪੰਜਾਬੀਆਂ ਵੱਲੋਂ ਕੀਤੀ ਜਾ ਰਹੀ ਫ਼ਲਾਂ ਦੀ ਖੇਤੀ ਬਾਰੇ ਕਾਫ਼ੀ ਜਾਣਕਾਰੀ ਇਕੱਤਰ ਕਰਨ ਦਾ ਮੌਕਾ ਮਿਲਿਆ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਕੈਨੇਡਾ ਪਹੁੰਚ ਕੇ ਹੋਰ ਵੀ ਕਈ ਤਰ੍ਹਾਂ ਦੇ ਕੰਮ ਕੀਤੇ ਪਰ ਪਿਤਾ ਪੁਰਖੀ ਧੰਦੇ ਖੇਤੀਬਾੜੀ ਵਿੱਚ ਲੱਗ ਕੇ ਉਨ੍ਹਾਂ ਦੀ ਰੂਹ ਨੂੰ ਅਸਲ ਸਕੂਨ ਮਿਲਿਆ। ਉਨ੍ਹਾਂ ਨੇ ਫ਼ਲਾਂ ਤੇ ਸਬਜ਼ੀਆਂ ਦੀ ਰਿਕਾਰਡਤੋੜ ਕਾਸ਼ਤ ਦੇ ਨਾਲ ਨਾਲ ਹੁਣ ਵਾਇਨਰੀ ਦਾ ਕਾਰੋਬਾਰ ਵੀ ਸ਼ੁਰੂ ਕੀਤਾ ਹੈ। ਉਹ ਦੱਸਦੇ ਹਨ ਕਿ ਉਨ੍ਹਾਂ ਦਾ ਸਮੁੱਚਾ ਪਰਿਵਾਰ ਖੇਤੀਬਾੜੀ ਵਿੱਚ ਬੜੇ ਹੀ ਉਤਸ਼ਾਹ ਨਾਲ ਜੁਟਿਆ ਹੋਇਆ ਹੈ। ਇੱਥੋਂ ਤੱਕ ਕਿ ਬੱਚੇ ਸਕੂਲ ਜਾਂ ਕਾਲਜ ਦੀ ਪੜ੍ਹਾਈ ਤੋਂ ਵਿਹਲੇ ਹੋ ਕੇ ਉਨ੍ਹਾਂ ਨਾਲ ਕੰਮ ਵਿੱਚ ਹੱਥ ਵਟਾਉਂਦੇ ਹਨ। ਉਨ੍ਹਾਂ ਖੇਤੀਬਾੜੀ ਦਾ ਕੰਮ ਕਰਨ ਦੇ ਨਾਲ ਨਾਲ ਆਪਣੇ ਪਰਿਵਾਰ ਜਾਂ ਹੋਰਨਾਂ ਸ਼ਹਿਰਾਂ ਤੋਂ ਘੁੰਮਣ ਆਏ ਪੰਜਾਬੀਆਂ ਦੇ ਮਨੋਰੰਜਨ ਲਈ ਇੰਜਣ ਵਾਲੀ ਵੱਡੀ ਕਿਸ਼ਤੀ ਵੀ ਰੱਖੀ ਹੋਈ ਹੈ। ਕਿਸ਼ਤੀ ਨੂੰ ਸੋਈਅਸ ਝੀਲ ਵਿੱਚ ਠੇਲ ਕੇ ਪਾਣੀ ਵਿੱਚ ਅਠਖੇਲੀਆਂ ਕਰਦੇ ਵੀ ਮਨਪ੍ਰੀਤ ਸਿੰਘ ਔਜਲਾ ਦਿਖਾਈ ਦਿੰਦਾ ਹੈ।

ਸੋਈਅਸ ਦੀ ਵਿਸ਼ਾਲ ਝੀਲ ਤੋਂ ਪਾਰ ਜਾ ਕੇ ਇੱਕ ਬਹੁਤ ਹੀ ਵੱਡਾ ਨਿਰੋਲ ਰੇਤੇ ਵਾਲਾ ਟਿੱਬਾ ਆਉਂਦਾ ਹੈ ਜੋ ਪੰਜਾਬ ਦੇ ਟਿੱਬਿਆਂ ਦਾ ਹੀ ਭੁਲੇਖਾ ਪਾਉਂਦਾ ਹੈ। ਇਸ ਟਿੱਬੇ ਉੱਪਰ ਛੋਟੀਆਂ ਝਾੜੀਆਂ, ਸਰਕੰਡੇ ਅਤੇ ਭੱਖੜਾ ਵੀ ਵੱਡੀ ਪੱਧਰ 'ਤੇ ਹੈ। ਇੱਥੇ ਪੰਜਾਬੀ ਹੀ ਨਹੀਂ ਸਗੋਂ ਗੋਰਿਆਂ ਦੇ ਬੱਚੇ ਅਤੇ ਖ਼ੁਦ ਗੋਰੇ-ਗੋਰੀਆਂ ਰੇਤੇ ਉੱਪਰ ਲਿਟ ਕੇ ਮਸਤੀ ਕਰਦੇ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਕੈਨੇਡਾ ਜਿਹੇ ਦੇਸ਼ ਵਿੱਚ ਆਪਣੀ ਸਖ਼ਤ ਮਿਹਨਤ ਦੇ ਬਲਬੂਤੇ ਚੰਗਾ ਮੁਕਾਮ ਹਾਸਲ ਕਰ ਰਹੇ ਅਜਿਹੇ ਵੱਡੀ ਗਿਣਤੀ ਪੰਜਾਬੀ ਪਰਿਵਾਰ ਇਸੇ ਤਰ੍ਹਾਂ ਮਿਹਨਤ ਕਰਦਿਆਂ ਆਪਣੇ ਭਾਈਚਾਰੇ ਨਾਲ ਜੁੜੇ ਰਹਿਣ।

# ਲਾਲੀ ਬਲੂ ਬੈਰੀ ਫਾਰਮ ਦੇ ਮਾਲਕ ਰਜਿੰਦਰ ਸਿੰਘ ਲਾਲੀ ਨਹੀਂ ਰਹੇ

### 31 ਮਈ ਦਿਨ ਸ਼ਨੀਵਾਰ ਨੂੰ ਅੰਤਿਮ ਸਸਕਾਰ ਐਬਸਫੋਰਡ ਵਿਖੇ ਹੋਵੇਗਾ



ਐਬਸਫੋਰਡ ਦੀ ਜਾਣੀ-ਪਛਾਣੀ ਸ਼ਖ਼ਸੀਅਤ ਅਤੇ ਲਾਲੀ ਫਾਰਮ ਦੇ ਮਾਲਕ ਰਜਿੰਦਰ ਸਿੰਘ ਲਾਲੀ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦੀ ਉਮਰ ਕਰੀਬ 77 ਸਾਲ ਸੀ ਤੇ ਪਿਛਲੇ ਕੁਝ ਸਮੇਂ ਤੋਂ ਸਿਹਤ ਢਿੱਲੀ ਸੀ। ਪੰਜਾਬ ਤੋਂ ਪਿੰਡ ਨੰਗਲ ਸ਼ਾਮਾਂ, ਜ਼ਿਲਾ ਜਲੰਧਰ ਨਾਲ ਸਬੰਧਿਤ ਰਜਿੰਦਰ ਸਿੰਘ ਲਾਲੀ 70ਵਿਆਂ 'ਚ ਕੈਨੇਡਾ ਆਏ। ਪਹਿਲਾਂ ਮੇਰਠ ਤੇ ਮਗਰੋਂ ਐਬਸਫੋਰਡ ਵਿਖੇ ਉਹਨਾਂ ਨੇ ਮਿਹਨਤ ਕਰਕੇ ਕਾਰੋਬਾਰ ਵਧਾਇਆ। ਦਾਨੀ ਸ਼ਖਸੀਅਤ ਵਜੋਂ ਐਬਸਫੋਰਡ ਹਸਪਤਾਲ ਦੀ ਸਥਾਪਨਾ ਸਮੇਤ ਕਈ ਕਾਰਜਾਂ ਵਿੱਚ ਅਹਿਮ ਸੇਵਾ ਨਿਭਾਈ। ਚਾਰ ਭੈਣਾਂ ਤੋਂ ਛੋਟੇ ਇੱਕੋ ਇੱਕ ਭਰਾ ਰਜਿੰਦਰ ਸਿੰਘ ਲਾਲੀ ਆਪਣੇ ਪਿੱਛੇ ਸੁਪਤਨੀ, ਦੋ ਪੁੱਤਰ ਅਤੇ ਉਹਨਾਂ ਦਾ ਵੱਡੇ ਪਰਿਵਾਰ ਛੱਡ ਗਏ ਹਨ। ਰਜਿੰਦਰ ਸਿੰਘ ਲਾਲੀ ਦੇ ਚਲਾਣੇ ਤੇ ਪਰਿਵਾਰ ਨਾਲ ਡੂੰਘੇ ਹਮਦਰਦੀ ਦਾ ਇਜ਼ਹਾਰ ਕਰਦੇ ਹਾਂ। ਪਰਿਵਾਰ ਨਾਲ ਗੱਲਬਾਤ ਤੋਂ ਪਤਾ ਲੱਗਿਆ ਕਿ ਉਹਨਾਂ ਨੇ ਭਾਈਚਾਰੇ ਦੇ ਸਮਾਜ ਸੇਵੀ ਕਾਰਜਾਂ 'ਚ ਵੱਧ ਚੜ ਕੇ ਹਿੱਸਾ ਲੈਂਦੇ ਸਨ। ਉਹਨਾਂ ਦਾ ਅੰਤਿਮ ਸੰਸਕਾਰ ਸ਼ਨਿਚਰਵਾਰ, 31 ਮਈ ਨੂੰ ਐਬਸਫੋਰਡ ਸ਼ਮਸ਼ਾਨ ਘਾਟ ਵਿਖੇ ਹੋਏਗਾ ਅਤੇ ਅੰਤਿਮ ਅਰਦਾਸ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਵਿਖੇ ਹੋਵੇਗੀ।

# ਕੋਵਿਡ-19 ਦੇ ਮਾਮਲੇ ਨਵੇਂ ਵੇਰੀਐਂਟ ਨਾਲ ਵਿਸ਼ਵ ਭਰ ਦੇ ਦੇਸ਼ਾਂ 'ਚ ਦੁਬਾਰਾ ਵਧਣ ਲੱਗੇ ਮਾਮਲੇ

ਵਾਸ਼ਿੰਗਟਨ : ਕੋਵਿਡ-19 ਦੇ ਮਾਮਲੇ ਇੱਕ ਨਵੇਂ ਵੇਰੀਐਂਟ NB.1.8.1 ਦੇ ਸਰਕੂਲੇਸ਼ਨ ਕਾਰਨ ਮੁੜ ਵਧ ਰਹੇ ਹਨ। ਵਿਸ਼ਵ ਸਿਹਤ ਸੰਗਠਨ (WHO) ਦੇ ਅਨੁਸਾਰ, ਇਹ ਵਾਧਾ ਮੁੱਖ ਤੌਰ 'ਤੇ ਪੂਰਬੀ ਮੈਡੀਟੇਰੀਅਨ, ਦੱਖਣ-ਪੂਰਬੀ ਏਸ਼ੀਆ ਅਤੇ ਪੱਛਮੀ ਪੈਸੀਫਿਕ ਖੇਤਰਾਂ ਵਿੱਚ ਦੇਖਿਆ ਜਾ ਰਿਹਾ ਹੈ। ਅਮਰੀਕਾ ਵਿੱਚ ਹਵਾਈ ਅੱਡਿਆਂ 'ਤੇ ਸਕ੍ਰੀਨਿੰਗ ਦੌਰਾਨ ਇਹ ਵੇਰੀਐਂਟ ਕੈਲੀਫੋਰਨੀਆ, ਵਾਸ਼ਿੰਗਟਨ, ਵਰਜੀਨੀਆ ਅਤੇ ਨਿਊਯਾਰਕ ਜਾਣ ਵਾਲੇ ਯਾਤਰੀਆਂ ਵਿੱਚ ਪਾਇਆ ਗਿਆ ਹੈ।

ਇਸ ਵੇਰੀਐਂਟ ਦੇ ਵਧਣ ਦੇ ਨਾਲ, ਅਮਰੀਕਾ ਵਿੱਚ ਕੋਵਿਡ-19 ਟੀਕਾਕਰਨ ਦੀ ਨੀਤੀ ਵਿੱਚ ਬਦਲਾਅ ਹੋ ਰਿਹਾ ਹੈ। ਮੰਗਲਵਾਰ ਨੂੰ ਸਿਹਤ ਸਕੱਤਰ ਰੌਬਰਟ ਐਫ. ਕੈਨੇਡੀ ਜੂਨੀਅਰ ਨੇ ਐਲਾਨ ਕੀਤਾ ਕਿ ਸਿਹਤਮੰਦ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਕੋਵਿਡ-19 ਟੀਕੇ ਦੀ ਸਿਫਾਰਸ਼ ਨਹੀਂ ਕੀਤੀ ਜਾਵੇਗੀ, ਜਿਸ ਦੀ ਕਈ ਜਨਤਕ ਸਿਹਤ ਮਾਹਿਰਾਂ ਨੇ ਆਲੋਚਨਾ ਕੀਤੀ ਹੈ।

WHO ਦੇ ਅਨੁਸਾਰ, NB.1.8.1 ਮਈ ਦੇ ਮੱਧ ਤੱਕ ਵਿਸ਼ਵਵਿਆਪੀ ਸੀਕੁਐਂਸਡ ਸੈਂਪਲਾਂ ਦਾ ਲਗਭਗ 11% ਸੀ। ਇਸ ਨੂੰ "ਨਿਗਰਾਨੀ ਅਧੀਨ ਵੇਰੀਐਂਟ" ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਅਤੇ ਮੌਜੂਦਾ ਵੈਕਸੀਨਾਂ ਦੇ ਇਸ ਦੇ ਖਿਲਾਫ ਪ੍ਰਭਾਵੀ ਰਹਿਣ ਦੀ ਉਮੀਦ ਹੈ। WHO ਨੇ ਇਸ ਦੇ ਜਨਤਕ ਸਿਹਤ ਜੋਖਮ ਨੂੰ ਘੱਟ ਦੱਸਿਆ ਹੈ। ਕੁਝ ਪੱਛਮੀ ਪੈਸੀਫਿਕ ਦੇਸ਼ਾਂ ਵਿੱਚ ਕੋਵਿਡ ਦੇ ਮਾਮਲਿਆਂ ਅਤੇ ਹਸਪਤਾਲ ਵਿੱਚ ਦਾਖਲਿਆਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ, ਪਰ NB.1.8.1 ਨਾਲ ਜੁੜੀ ਬਿਮਾਰੀ ਦੀ ਗੰਭੀਰਤਾ ਹੋਰ ਵੇਰੀਐਂਟਾਂ ਦੇ ਮੁਕਾਬਲੇ ਵੱਧ ਨਹੀਂ ਹੈ। ਅਮਰੀਕਾ ਅਤੇ ਵਿਸ਼ਵ ਪੱਧਰ 'ਤੇ LP.8.1 ਵੇਰੀਐਂਟ ਮੁੱਖ ਤੌਰ 'ਤੇ ਪ੍ਰਭਾਵੀ ਹੈ।

# ਅਗਲੇ ਕਈ ਸਾਲ ਹੋਰ ਵੀ ਜ਼ਿਆਦਾ ਗਰਮੀ ਵਾਲੇ ਹੋਣਗੇ: ਮੌਸਮ ਵਿਗਿਆਨੀਆਂ ਦੀ ਚੇਤਾਵਨੀ




ਲੰਡਨ : ਦੁਨੀਆਂ ਦੇ ਸਭ ਤੋਂ ਵਧੀਆ ਮੌਸਮ ਵਿਗਿਆਨਕ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਅਗਲੇ ਕੁਝ ਸਾਲ ਹੋਰ ਵੀ ਗਰਮੀ ਦੇ ਰਿਕਾਰਡ ਤੋੜਣ ਵਾਲੇ ਹੋਣਗੇ, ਜੋ ਧਰਤੀ ਲਈ ਮੌਤਾਂ, ਅੱਗਾਂ ਅਤੇ ਬੇਹੱਦ ਅਸੁਖਦਾਈ ਮੌਸਮ ਲਿਆ ਸਕਦੇ ਹਨ।

ਵਰਲਡ ਮੀਟੀਅਰੋਲੋਜੀਕਲ ਆਰਗਨਾਈਜ਼ੇਸ਼ਨ (WMO) ਅਤੇ ਯੂ.ਕੇ. ਮੀਟੀਅਰੋਲੋਜੀਕਲ ਆਫਿਸ ਵੱਲੋਂ ਬੁਧਵਾਰ ਨੂੰ ਜਾਰੀ ਕੀਤੇ ਪੰਜ ਸਾਲਾਂ ਦੇ ਅੰਦਾਜ਼ੇ ਅਨੁਸਾਰ, ਅਗਲੇ ਪੰਜ ਸਾਲਾਂ ਵਿੱਚ 80 ਫੀਸਦੀ ਸੰਭਾਵਨਾ ਹੈ ਕਿ ਇੱਕ ਹੋਰ ਨਵਾਂ ਗਰਮੀ ਦਾ ਰਿਕਾਰਡ ਟੁੱਟੇਗਾ।

ਇਹ ਵੀ ਸੰਭਾਵਨਾ ਹੈ ਕਿ ਸੰਸਾਰ 2015 ਦੀ ਪੈਰਿਸ ਹਵਾਈ ਮੌਸਮ ਸਮਝੌਤੇ ਵਿੱਚ ਨਿਰਧਾਰਤ ਕੀਤੇ 1.5 ਡਿਗਰੀ ਸੈਲਸੀਅਸ ਦੇ ਗਲੋਬਲ ਤਾਪਮਾਨ ਸੀਮਾ ਤੋਂ ਵੱਧ ਜਾਵੇ। ਇਨ੍ਹਾਂ ਅੰਕੜਿਆਂ ਮੁਤਾਬਕ, ਅਗਲੇ ਪੰਜ ਸਾਲਾਂ ਵਿੱਚ 86 ਫੀਸਦੀ ਚਾਂਸ ਹੈ ਕਿ ਕਿਸੇ ਇੱਕ ਸਾਲ ਵਿੱਚ ਗਲੋਬਲ ਤਾਪਮਾਨ 1.5 ਡਿਗਰੀ ਤੋਂ ਉੱਪਰ ਚਲਾ ਜਾਵੇਗਾ, ਅਤੇ 70 ਫੀਸਦੀ ਸੰਭਾਵਨਾ ਹੈ ਕਿ ਪੰਜ ਸਾਲਾਂ ਦੀ ਔਸਤ ਵੀ 1.5 ਡਿਗਰੀ ਤੋਂ ਵੱਧ ਹੋਵੇਗੀ।

ਕਾਰਨੇਲ ਯੂਨੀਵਰਸਿਟੀ ਦੀ ਮੌਸਮ ਵਿਗਿਆਨਕ ਨੈਟਲੀ ਮਾਹੋਵਾਲਡ ਨੇ ਕਿਹਾ, "ਤਾਪਮਾਨ ਵਧਣਾ ਸਿਧਾਂਤਕ ਲੱਗ ਸਕਦਾ ਹੈ, ਪਰ ਇਸਦਾ ਅਸਲ ਅਰਥ ਹੈ—ਹਰੀਕੇਨ, ਤੇਜ਼ ਬਾਰਿਸ਼ਾਂ, ਸੁੱਕਿਆਂ ਅਤੇ ਹੋਰ ਆਫਤਾਂ ਦੀ ਵਾਧੂ ਸੰਭਾਵਨਾ।"

ਇਨ੍ਹਾਂ ਅੰਦਾਜ਼ਿਆਂ ਵਿੱਚ 200 ਤੋਂ ਵੱਧ ਕਮਪਿਊਟਰ ਸਿਮੂਲੇਸ਼ਨ ਵਰਤੇ ਗਏ ਜੋ ਦੁਨੀਆ ਭਰ ਦੀਆਂ 10 ਵੱਖ-ਵੱਖ ਸੰਸਥਾਵਾਂ ਦੁਆਰਾ ਚਲਾਏ ਗਏ।

ਦਸ ਸਾਲ ਪਹਿਲਾਂ ਇਹੀ ਵਿਗਿਆਨਕ ਟੀਮਾਂ ਕਹਿ ਰਹੀਆਂ ਸਨ ਕਿ ਕਿਸੇ ਇੱਕ ਸਾਲ ਵਿੱਚ 1.5 ਡਿਗਰੀ ਦੀ ਸੀਮਾ ਪਾਰ ਹੋਣ ਦੀ ਕੇਵਲ 1 ਫੀਸਦੀ ਸੰਭਾਵਨਾ ਹੈ। ਪਰ ਇਹ ਅਗਿਆਤ ਸੰਭਾਵਨਾ ਪਿਛਲੇ ਸਾਲ ਸੱਚ ਹੋ ਗਈ। ਹੁਣ 2 ਡਿਗਰੀ ਤਾਪਮਾਨ ਵਾਧਾ ਵੀ ਇੱਕ ਚਿੰਤਾਜਨਕ ਸੰਭਾਵਨਾ ਬਣ ਗਿਆ ਹੈ, ਜਿਸ ਨੂੰ ਯੂ.ਕੇ. ਮੀਟ ਆਫਿਸ ਦੇ ਵਿਗਿਆਨਕ ਆਡਮ ਸਕੈਫ ਅਤੇ ਲਿਓਨ ਹਰਮਨਸਨ ਨੇ "ਹੈਰਾਨੀਜਨਕ" ਕਿਹਾ।

ਹਰਮਨਸਨ ਨੇ ਕਿਹਾ, "ਇਹ ਕੁਝ ਐਸਾ ਨਹੀਂ ਜੋ ਅਸੀਂ ਦੇਖਣਾ ਚਾਹੁੰਦੇ ਹਾਂ, ਪਰ ਵਿਗਿਆਨ ਇਹੀ ਦੱਸ ਰਿਹਾ ਹੈ।"

ਹਾਲਾਂਕਿ 2024 ਵਿੱਚ ਧਰਤੀ ਦਾ ਤਾਪਮਾਨ 1.5 ਡਿਗਰੀ ਵੱਧ ਗਿਆ ਸੀ, ਪਰ ਪੈਰਿਸ ਸਮਝੌਤਾ ਇਹ ਮਾਪ 20 ਸਾਲ ਦੀ ਔਸਤ ਲਈ ਲਾਗੂ ਕਰਦਾ ਹੈ।

ਵਰਲਡ ਮੀਟੀਅਰੋਲੋਜੀਕਲ ਆਰਗਨਾਈਜ਼ੇਸ਼ਨ ਦੇ ਕਲਾਈਮਟ ਸੇਵਾਵਾਂ ਡਾਇਰੈਕਟਰ ਕ੍ਰਿਸ ਹਿਊਇਟ ਨੇ ਅੰਦਾਜ਼ਾ ਲਾਇਆ ਕਿ ਪਿਛਲੇ 10 ਸਾਲਾਂ ਅਤੇ ਅਗਲੇ 10 ਸਾਲਾਂ ਦੀ ਪੇਸ਼ਗੋਈ ਅਨੁਸਾਰ ਸੰਸਾਰ ਹੁਣ ਮੱਧ 1800 ਤੋਂ ਲਗਭਗ 1.4 ਡਿਗਰੀ ਜ਼ਿਆਦਾ ਤਾਪਮਾਨ ਵਾਲਾ ਹੋ ਚੁੱਕਾ ਹੈ।

ਇਹ ਸਭ ਕੁਝ ਮਨੁੱਖੀ ਕਾਰਜਾਂ—ਖ਼ਾਸ ਕਰਕੇ ਕਾਰਬਨ ਡਾਈਆਕਸਾਈਡ ਉਤਸਰਜਨ—ਕਾਰਨ ਹੋ ਰਿਹਾ ਹੈ। ਮੌਸਮ ਵਿਗਿਆਨੀਆਂ ਨੇ ਦੱਸਿਆ ਕਿ ਜੇਕਰ ਅਸੀਂ ਹੁਣ ਵੀ ਗੰਭੀਰ ਅਤੇ ਤੁਰੰਤ ਕਦਮ ਨਾ ਚੁੱਕੇ, ਤਾਂ ਦੁਨੀਆਂ ਨੂੰ ਭਿਆਨਕ ਆਫਤਾਂ ਲਈ ਤਿਆਰ ਰਹਿਣਾ ਪਵੇਗਾ।


# ਬਿਲਨ ਫਾਰਮਜ਼ ਲਿਮਟਡ

## ਸਾਨੂੰ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।



- ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬੀ.ਸੀ. ਤੋਂ ਬਾਹਰੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।

**ਪਰੂਨਿੰਗ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰਨ**

ਭੁਪਿੰਦਰ ਕੌਰ ਸਰਾਂ
ਸੁਪਰਵਾਈਜ਼ਰ
604-230-9506

ਗੁਰਜੀਤ ਬੋਇਆਲ
ਸੁਪਰਵਾਈਜ਼ਰ
604-812-1115

ਭਜਨ ਸਿੰਘ
604-726-3405

ਜਸਵਿੰਦਰ ਬੱਲ
604-230-9506

ਜਰਨੈਲ ਬਿਲਨ
604-250-2703

ਜਗਤਾਰ ਸਿੰਘ ਨਾਗਰਾ
604-724-3813

ਬਲਵੀਰ ਸਿੰਘ ਭੁੱਲਰ
778-871-0066

# ਹਾਰਵਰਡ ਯੂਨੀਵਰਸਿਟੀ ’ਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ 'ਤੇ ਟਰੰਪ ਪ੍ਰਸ਼ਾਸਨ ਵੱਲੋਂ ਰੋਕ




ਵਾਸ਼ਿੰਗਟਨ : ਅਮਰੀਕਾ ਵਿੱਚ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਹਾਰਵਰਡ ਯੂਨੀਵਰਸਿਟੀ ਦੇ ਵਿਦੇਸ਼ੀ ਵਿਦਿਆਰਥੀਆਂ ਲਈ ਲਾਗੂ ਕੀਤੀ ਜਾਣ ਵਾਲੀ ਦਾਖਲਾ ਨੀਤੀ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਫ਼ੈਸਲੇ ਨਾਲ ਸਿਰਫ਼ ਅਮਰੀਕਾ ਹੀ ਨਹੀਂ, ਸਗੋਂ ਭਾਰਤ ਸਮੇਤ ਹੋਰ ਦੇਸ਼ਾਂ ਦੇ ਹਜ਼ਾਰਾਂ ਵਿਦਿਆਰਥੀਆਂ ਦੀਆਂ ਉਮੀਦਾਂ ’ਤੇ ਪਾਣੀ ਫਿਰ ਗਿਆ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (Department of Homeland Secuirty) ਵੱਲੋਂ ਚਲਾਈ ਜਾ ਰਹੀ ਜਾਂਚ ਦੇ ਤਹਿਤ ਇਹ ਕਦਮ ਚੁੱਕਿਆ ਗਿਆ ਹੈ।

ਪ੍ਰਸ਼ਾਸਨ ਨੇ ਹਾਰਵਰਡ ਯੂਨੀਵਰਸਿਟੀ ਨੂੰ ਆਗਾਹ ਕਰਦੇ ਹੋਏ ਸੂਚਿਤ ਕੀਤਾ ਕਿ ਉਨ੍ਹਾਂ ਦੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਯੋਗਤਾ ਹੁਣ ਖ਼ਤਮ ਕਰ ਦਿੱਤੀ ਗਈ ਹੈ। ਇਸਦੇ ਨਾਲ, ਅੱਜ ਤੱਕ ਵਿਦੇਸ਼ੀ ਵਿਦਿਆਰਥੀਆਂ ਲਈ ਅਮਰੀਕਾ ਦੀ ਸਭ ਤੋਂ ਪ੍ਰਤਿਸ਼ਠਿਤ ਯੂਨੀਵਰਸਿਟੀ ਮੰਨੀ ਜਾਂਦੀ ਹਾਰਵਰਡ ਉੱਤੇ ਸੰਕਟ ਮੰਡਰਾਉਂਦਾ ਦਿਖਾਈ ਦੇ ਰਿਹਾ ਹੈ।

ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੋਏਮ ਨੇ ਹਾਰਵਰਡ ਯੂਨੀਵਰਸਿਟੀ ਨੂੰ ਲਿਖੇ ਪੱਤਰ ਵਿੱਚ ਦੱਸਿਆ ਕਿ ਜਾਂਚ ਦੌਰਾਨ ਉਨ੍ਹਾਂ ਨੂੰ ਕੁਝ ਅਜਿਹੇ ਪੈਟਰਨ ਅਤੇ ਲਾਪਰਵਾਹੀਆਂ ਮਿਲੀਆਂ ਹਨ ਜੋ ਅਮਰੀਕੀ ਰਾਸ਼ਟਰਕ ਤਕਾਜਿਆਂ ਦੇ ਉਲਟ ਹਨ। ਉਨ੍ਹਾਂ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਨਾਲ ਸੰਬੰਧਿਤ ਨੀਤੀਆਂ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਾਰਵਰਡ ਇਸ ਵਿੱਚ ਉਲਝੀ ਹੋਈ ਦਿਖਾਈ ਦਿੰਦੀ ਹੈ।

ਇਸ ਫ਼ੈਸਲੇ ਨੂੰ ਸਿਰਫ਼ ਵਿਦਿਅਕ ਦਖ਼ਲ ਨਹੀਂ, ਸਗੋਂ ਸਿਆਸੀ ਟਕਰਾਅ ਦੇ ਤੌਰ ’ਤੇ ਵੀ ਦੇਖਿਆ ਜਾ ਰਿਹਾ ਹੈ। ਟਰੰਪ ਪ੍ਰਸ਼ਾਸਨ ਦੀ ਹਾਰਵਰਡ ਯੂਨੀਵਰਸਿਟੀ ਨਾਲ ਪਹਿਲਾਂ ਤੋਂ ਹੀ ਕਈ ਮਾਮਲਿਆਂ ਵਿੱਚ ਟਕਰਾਅ ਚੱਲਦਾ ਆ ਰਿਹਾ ਹੈ, ਖਾਸ ਕਰਕੇ ਇਮੀਗ੍ਰੇਸ਼ਨ ਨੀਤੀਆਂ ਅਤੇ ਅਕਾਦਮਿਕ ਆਜ਼ਾਦੀ ਨੂੰ ਲੈ ਕੇ। ਇਹ ਫ਼ੈਸਲਾ ਇਸ ਟਕਰਾਅ ਨੂੰ ਹੋਰ ਗੰਭੀਰ ਰੂਪ ਦੇਣ ਵਾਲਾ ਸਾਬਤ ਹੋ ਸਕਦਾ ਹੈ।

ਹਾਰਵਰਡ ਯੂਨੀਵਰਸਿਟੀ ਹਮੇਸ਼ਾ ਹੀ ਭਾਰਤ ਤੋਂ ਆਉਣ ਵਾਲੇ ਲਾਖਾਂ ਵਿਦਿਆਰਥੀਆਂ ਲਈ ਆਕਰਸ਼ਣ ਦਾ ਕੇਂਦਰ ਰਹੀ ਹੈ। ਹਰ ਸਾਲ ਸੈਂਕੜੇ ਭਾਰਤੀ ਵਿਦਿਆਰਥੀ ਇੱਥੇ ਪੜ੍ਹਾਈ ਲਈ ਆਉਂਦੇ ਹਨ। ਹੁਣ ਜਦੋਂ ਦਾਖਲੇ ਦੀ ਯੋਗਤਾ ’ਤੇ ਰੋਕ ਲੱਗ ਚੁੱਕੀ ਹੈ, ਤਾਂ ਭਾਰਤੀ ਵਿਦਿਆਰਥੀਆਂ ਨੂੰ ਜਾਂ ਤਾਂ ਹੋਰ ਯੂਨੀਵਰਸਿਟੀਆਂ ਦੀ ਤਲਾਸ਼ ਕਰਨੀ ਪਵੇਗੀ ਜਾਂ ਆਪਣੇ ਸਪਨੇ ਨੂੰ ਮੁਲਤਵੀ ਕਰਨਾ ਪਵੇਗਾ। ਬਹੁਤ ਸਾਰੇ ਵਿਦਿਆਰਥੀ ਪਹਿਲਾਂ ਹੀ ਦਾਖਲੇ ਲਈ ਐਪਲੀਕੇਸ਼ਨ ਭੇਜ ਚੁੱਕੇ ਸਨ, ਜੋ ਹੁਣ ਨਿਰਾਸ਼ ਹੋ ਰਹੇ ਹਨ।

ਇਸ ਫ਼ੈਸਲੇ ਦੀ ਅੰਤਰਰਾਸ਼ਟਰੀ ਅਕਾਦਮਿਕ ਸੰਸਾਰ ਵਿੱਚ ਨਿੰਦਾ ਹੋ ਰਹੀ ਹੈ। ਕਈ ਅਧਿਆਪਕਾਂ ਅਤੇ ਵਿਦਿਆਨੁਸ਼ਾਸਤਰੀ ਸੰਸਥਾਵਾਂ ਨੇ ਕਿਹਾ ਹੈ ਕਿ ਇਹ ਕਦਮ ਅਕਾਦਮਿਕ ਆਜ਼ਾਦੀ ਦੇ ਖਿਲਾਫ ਹੈ ਅਤੇ ਵਿਦਿਆਰਥੀਆਂ ਨੂੰ ਸ਼ਿਆਸੀ ਖੇਡਾਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਕੈਨੇਡਾ, ਯੂਰਪ ਅਤੇ ਆਸਟ੍ਰੇਲੀਆ ਵਰਗੇ ਦੇਸ਼ ਵੀ ਹੁਣ ਉਮੀਦ ਕਰ ਰਹੇ ਹਨ ਕਿ ਹੋਣਹਾਰ ਵਿਦਿਆਰਥੀਆਂ ਦੀ ਇਕ ਵੱਡੀ ਲਹਿਰ ਉਨ੍ਹਾਂ ਦੇ ਇੰਸਟੀਚਿਊਟਸ ਵੱਲ ਰੁਖ਼ ਕਰੇਗੀ।

ਹਾਰਵਰਡ ਯੂਨੀਵਰਸਿਟੀ ਨੇ ਅਜੇ ਤੱਕ ਇਸ ਫ਼ੈਸਲੇ ਖਿਲਾਫ ਔਪਚਾਰਿਕ ਵਿਰੋਧ ਨਹੀਂ ਕੀਤਾ, ਪਰ ਅੰਦਰੂਨੀ ਸਰੋਤਾਂ ਮੁਤਾਬਕ ਯੂਨੀਵਰਸਿਟੀ ਲੀਗਲ ਚੁਣੌਤੀ ਦੇਣ ’ਤੇ ਵਿਚਾਰ ਕਰ ਰਹੀ ਹੈ। ਕਈ ਵਿਦਿਆਰਥੀ ਸੰਸਥਾਵਾਂ ਅਤੇ ਅਕਾਦਮਿਕ ਸਮੂਹ ਵੀ ਇਸ ਫ਼ੈਸਲੇ ਦੀ ਸਮੀਖਿਆ ਕਰ ਰਹੇ ਹਨ।

ਇਹ ਫ਼ੈਸਲਾ ਸਿਰਫ਼ ਹਾਰਵਰਡ ਤੱਕ ਸੀਮਤ ਨਹੀਂ ਰਹੇਗਾ। ਹੋਰ ਯੂਨੀਵਰਸਿਟੀਆਂ, ਜੋ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਨਿਰਭਰ ਹਨ, ਉਨ੍ਹਾਂ ਨੂੰ ਵੀ ਹਵਾਲੇ ਵਿਚ ਸੁਚੇਤ ਹੋ ਜਾਣਾ ਚਾਹੀਦਾ ਹੈ। ਅਮਰੀਕਾ ਲਈ ਇਹ ਇੱਕ ਅਜਿਹਾ ਮੋੜ ਹੋ ਸਕਦਾ ਹੈ ਜੋ ਉਸਦੀ ਵਿਦਿਆਕ ਮਾਨਤਾ ਅਤੇ ਆਕਰਸ਼ਣ ਦੀ ਪਛਾਣ ਨੂੰ ਪ੍ਰਭਾਵਿਤ ਕਰ ਸਕਦਾ ਹੈ।

# ਮਨੁੱਖੀ ਹੱਕਾਂ ਲਈ ਆਵਾਜ਼ ਬਣੇ ਕਿਰਪਾਲ ਸਿੰਘ ਰੰਧਾਵਾ ਦਾ ਦੇਹਾਂਤ, ਖਾਲੜਾ ਅਗ਼ਵਾ ਮਾਮਲੇ ਦੇ ਮੁੱਖ ਗਵਾਹ ਸਨ



ਅੰਮ੍ਰਿਤਸਰ : ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਲੰਬੀ ਲੜਾਈ ਵਿੱਚ ਆਪਣਾ ਫ਼ਰਜ਼ ਨਿਭਾਉਂਦੇ ਹੋਏ ਇਤਿਹਾਸਕ ਭੂਮਿਕਾ ਅਦਾ ਕਰਨ ਵਾਲੇ ਕਿਰਪਾਲ ਸਿੰਘ ਰੰਧਾਵਾ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਹ 72 ਸਾਲ ਦੇ ਸਨ। ਸ੍ਰੀ ਰੰਧਾਵਾ ਮਨੁੱਖੀ ਹੱਕਾਂ ਦੇ ਪ੍ਰਖਰ ਆਵਾਜ਼ਕਾਰ, ਜਸਵੰਤ ਸਿੰਘ ਖਾਲੜਾ ਦੇ ਅਗਵਾ ਮਾਮਲੇ ਦੇ ਮੁੱਖ ਗਵਾਹ ਸਨ। ਉਨ੍ਹਾਂ ਦੀ ਮੌਤ ਨਾਲ ਪੰਜਾਬ ਨੇ ਇੱਕ ਨਿਡਰ, ਸੱਚਾਈ ਪੱਖੀ ਤੇ ਲੋਕਾਂ ਦੇ ਹੱਕਾਂ ਲਈ ਲੜਨ ਵਾਲਾ ਸਿਪਾਹੀ ਗੁਆ ਦਿੱਤਾ ਹੈ।

ਕਿਰਪਾਲ ਸਿੰਘ ਰੰਧਾਵਾ, ਜੋ ਕਿ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਸਾਬਕਾ ਡਿਪਟੀ ਚੇਅਰਪਰਸਨ ਰਹਿ ਚੁੱਕੇ ਸਨ, ਨੇ 1980ਵਿਆਂ ਅਤੇ 90ਵਿਆਂ ਵਿੱਚ ਮਨੁੱਖੀ ਹੱਕਾਂ ਦੀ ਲਹਿਰ ਨੂੰ ਨਵੀਂ ਦਿਸ਼ਾ ਦਿੱਤੀ। ਇਹ ਉਹ ਦੌਰ ਸੀ ਜਦ ਪੰਜਾਬ ਰਾਜ ਨਕਲਬੰਦੀ, ਪੁਲੀਸ ਝੂਠੇ ਮੁਕੱਦਮੇ, ਅਤੇ ਗੁੰਮਸ਼ੁਦਾ ਲੋਕਾਂ ਦੀ ਭਾਰੀ ਗਿਣਤੀ ਦਾ ਸਾਖੀ ਸੀ। ਰੰਧਾਵਾ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਪੰਜਾਬ ਵਿਚ ਮਨੁੱਖੀ ਹੱਕਾਂ ਦੀ ਆਵਾਜ਼ ਉੱਚੀ ਕੀਤੀ ਅਤੇ ਕਈ ਗੰਭੀਰ ਕੇਸਾਂ ਨੂੰ ਸਾਹਮਣੇ ਲਿਆਉਣ ਵਿੱਚ ਮੂਲ ਭੂਮਿਕਾ ਨਿਭਾਈ।

ਜਸਵੰਤ ਸਿੰਘ ਖਾਲੜਾ ਨੂੰ 6 ਸਤੰਬਰ, 1995 ਨੂੰ ਅੰਮ੍ਰਿਤਸਰ ਤੋਂ ਪੁਲੀਸ ਵੱਲੋਂ ਅਗਵਾ ਕਰ ਲਿਆ ਗਿਆ ਸੀ। ਇਹ ਮਾਮਲਾ ਕੇਵਲ ਅਗਵਾਹੀ ਤੱਕ ਸੀਮਿਤ ਨਹੀਂ ਰਿਹਾ, ਸਗੋਂ ਇਨਸਾਫ਼ ਦੀ ਲੰਮੀ ਲੜਾਈ ਦਾ ਆਗਾਜ਼ ਬਣਿਆ। ਸ੍ਰੀ ਰੰਧਾਵਾ ਉਸ ਵਾਰਦਾਤ ਦੇ ਮੁੱਖ ਚਸ਼ਮਦੀਦ ਗਵਾਹ ਸਨ। ਉਨ੍ਹਾਂ ਦੀ ਗਵਾਹੀ ਨੇ ਅੱਗੇ ਚੱਲ ਕੇ ਪੁਲੀਸ ਵੱਲੋਂ ਕੀਤੇ ਗਏ ਨਾਜਾਇਜ਼ ਹਥਕੰਡਿਆਂ ਨੂੰ ਬੇਨਕਾਬ ਕੀਤਾ। ਇਹੀ ਨਹੀਂ, ਉਨ੍ਹਾਂ ਨੇ ਵਿਸ਼ਵ ਪੱਧਰ ’ਤੇ ਵੀ ਇਹ ਮਾਮਲਾ ਉਤਸ਼ਾਹ ਨਾਲ ਪੇਸ਼ ਕੀਤਾ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੀ ਜਾਂਚ ਵਿੰਗ ਦੇ ਮੁਖੀ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਸ੍ਰੀ ਰੰਧਾਵਾ ਨੂੰ ਖਾਲੜਾ ਹੱਤਿਆ ਮਾਮਲੇ ਵਿੱਚ ਗਵਾਹੀ ਦੇਣ ਤੋਂ ਰੋਕਣ ਲਈ ਪੰਜਾਬ ਪੁਲੀਸ ਨੇ ਉਨ੍ਹਾਂ ਵਿਰੁੱਧ ਛੇ ਝੂਠੇ ਕੇਸ ਦਰਜ ਕੀਤੇ। ਇਹ ਕੇਸ ਰੰਧਾਵਾ ਦੀ ਇਮਾਨਦਾਰੀ, ਨਿਡਰਤਾ ਅਤੇ ਅਡਿੱਠੇਪਣ ਨੂੰ ਹਿਲਾ ਨਹੀਂ ਸਕੇ। ਉਨ੍ਹਾਂ ਨੇ ਹਰ ਪੜਾਅ ਤੇ ਸੱਚ ਦੀ ਆਵਾਜ਼ ਨੂੰ ਜਿੰਦਾ ਰੱਖਿਆ।

ਸੰਘਰਸ਼ਾਂ ਅਤੇ ਤਕਲੀਫਾਂ ਭਰੇ ਇਸ ਜੀਵਨ ਵਿਚ ਅਦਾਲਤ ਵੱਲੋਂ ਇਕ ਇਤਿਹਾਸਕ ਫ਼ੈਸਲਾ ਵੀ ਆਇਆ। ਪਟਿਆਲਾ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਨੇ ਰੰਧਾਵਾ ਦੇ ਹੱਕ ਵਿੱਚ ਫ਼ੈਸਲਾ ਸੁਣਾਉਂਦਿਆਂ ਉਨ੍ਹਾਂ ਨੂੰ 12 ਕਰੋੜ ਰੁਪਏ ਦਾ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ। ਇਹ ਕੇਵਲ ਇਕ ਆਰਥਿਕ ਭਰਪਾਈ ਨਹੀਂ ਸੀ, ਸਗੋਂ ਇਹ ਸੱਚਾਈ, ਸਹਿਣਸ਼ੀਲਤਾ ਅਤੇ ਇਨਸਾਫ਼ ਦੀ ਜਿੱਤ ਸੀ।

ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਰੰਧਾਵਾ ਨੇ ਅੰਮ੍ਰਿਤਸਰ ਦੇ ਕਬੀਰ ਪਾਰਕ ਸਥਿਤ ਆਪਣੇ ਘਰ ਵਿਖੇ ਬੀਤੀ ਰਾਤ ਕਰੀਬ 10 ਵਜੇ ਅੰਤਿਮ ਸਾਹ ਲਏ। ਉਨ੍ਹਾਂ ਦੀ ਮੌਤ ਨਾਲ ਸਮਾਜਕ ਕਾਰਜਕਰਤਾ, ਅਧਿਕਾਰਤਾਵਾਦੀ ਅਤੇ ਮਨੁੱਖੀ ਹੱਕਾਂ ਲਈ ਲੜਨ ਵਾਲਿਆਂ ਵਿਚਕਾਰ ਗਹਿਰੀ ਖਾਲੀ ਥਾਂ ਬਣ ਗਈ ਹੈ।

ਖਾਲੜਾ ਮਿਸ਼ਨ ਸੰਗਠਨ ਦੇ ਚੇਅਰਪਰਸਨ ਹਰਮਨ ਸਿੰਘ ਸਰਹਾਲੀ ਨੇ ਰੰਧਾਵਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੀ ਔਰਤਨਾਵਾਂ ਭਰੀ ਲੜਾਈ ਨੂੰ ਯਾਦ ਕੀਤਾ।

ਰੰਧਾਵਾ ਦੀ ਜ਼ਿੰਦਗੀ ਸਾਨੂੰ ਦੱਸਦੀ ਹੈ ਕਿ ਸੱਚ ਦੀ ਰਾਹ ਲੰਬਾ, ਔਖਾ ਅਤੇ ਸੰਘਰਸ਼ਪੂਰਨ ਹੋ ਸਕਦਾ ਹੈ, ਪਰ ਅੰਤ ਵਿੱਚ ਇਨਸਾਫ਼ ਅਤੇ ਨਿਆਂ ਦੀ ਜਿੱਤ ਹੁੰਦੀ ਹੈ। ਮਨੁੱਖੀ ਹੱਕਾਂ ਦੀ ਲਹਿਰ ਲਈ ਉਨ੍ਹਾਂ ਦੀ ਭੂਮਿਕਾ ਸਦੀਵਾਂ ਯਾਦ ਰਹੇਗੀ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
It's Time To Grow Your Business
Advertise with us...
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
: canadianpunjabtimes@gmail.com
Contact : 604-338-7310

# ਕੌਣ ਹਨ ਆਸਟ੍ਰੇਲੀਆ ਵਿੱਚ ਇਤਿਹਾਸ ਰਚਣ ਵਾਲੇ
# ਡਾ. ਪਰਵਿੰਦਰ ਕੌਰ

ਲੇਖਕ : ਮਿੰਟੂ ਬਰਾੜ,
ਸੰਪਰਕ : 61-434-289-905



ਇਹ ਪੰਜਾਬਣ ਆਸਟ੍ਰੇਲੀਆ ਦੀ ਸਿਆਸਤ ਵਿੱਚ ਕਿਸੇ ਵੀ ਰਾਜ ਦੇ ਪਹਿਲੇ ਪੰਜਾਬੀ ਮਹਿਲਾ ਮੈਂਬਰ ਪਾਰਲੀਮੈਂਟ ਬਣੇ ਹਨ। ਇਸ ਤੋਂ ਪਹਿਲਾਂ ਗੁਰਮੇਸ਼ ਸਿੰਘ ਨਿਊ ਸਾਊਥ ਵੇਲਸ ਤੋਂ ਪਹਿਲੇ 'ਸਿੰਘ' ਮੈਂਬਰ ਪਾਰਲੀਮੈਂਟ ਬਣੇ ਸਨ। ਤੇ ਹੁਣ ਡਾ ਪਰਵਿੰਦਰ ਕੌਰ ਨੂੰ ਆਸਟ੍ਰੇਲੀਆ ਦੇ ਤਕਰੀਬਨ ਦੋ ਸੌ ਸਾਲ ਦੇ ਇਤਿਹਾਸ ਵਿੱਚ ਪਹਿਲੇ 'ਕੌਰ' ਮੈਂਬਰ ਪਾਰਲੀਮੈਂਟ ਬਣਨ ਦਾ ਸੁਭਾਗ ਮਿਲਿਆ ਹੈ। ਆਉ ਤੁਹਾਨੂੰ ਮਿਲਾਈਏ ਪੰਜਾਬ ਦੇ ਇੱਕ ਪਿੰਡ ਤੋਂ ਪੱਛਮੀ ਆਸਟ੍ਰੇਲੀਆ ਦੇ ਪਾਰਲੀਮੈਂਟ ਤਕ ਦਾ ਸਫ਼ਰ ਤੈਅ ਕਰਨ ਵਾਲੀ ਮਾਣਮੱਤੀ ਡਾ. ਪਰਵਿੰਦਰ ਕੌਰ ਨਾਲ।

ਗੱਲ 2014 ਦੀ ਹੈ। ਸਿੱਖ ਖੇਡਾਂ ਦੇ ਸਿਲਸਿਲੇ ਵਿੱਚ ਅਸੀਂ ਪਰਥ ਵਿੱਚ ਸਾਂ। ਖੇਡਾਂ ਦੌਰਾਨ ਬਹੁਤ ਸਾਰੇ ਚਾਹੁਣ ਵਾਲੇ ਮਿਲੇ। ਇਸੇ ਦੌਰਾਨ ਬਹੁਤ ਹੀ ਖ਼ੂਬਸੂਰਤ, ਹਸੂੰ-ਹਸੂੰ ਕਰਦੇ ਚਿਹਰੇ ਦੀ ਮਾਲਕ ਇੱਕ ਕੁੜੀ ਨੇ ਭੀੜ ਵਿੱਚੋਂ ਦੀ ਅੱਗੇ ਹੁੰਦੀਆਂ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਕਿਹਾ, "ਮਿੰਟੂ ਭਾਜੀ, ਕਾਫ਼ੀ ਚਿਰ ਤੋਂ ਸੁਣਦੇ ਅਤੇ ਪੜ੍ਹਦੇ ਆ ਰਹੇ ਹਾਂ, ਬੱਸ ਮਿਲਣ ਦਾ ਸਬੱਬ ਨਹੀਂ ਬਣਿਆ।"

ਮੇਰੇ ਧੰਨਵਾਦ ਕਹਿਣ 'ਤੇ ਉਹਨਾਂ ਅੱਗੇ ਗੱਲ ਤੋਰਦਿਆਂ ਦੱਸਿਆ, "ਮੇਰਾ ਨਾਮ ਪਰਵਿੰਦਰ ਹੈ ਤੇ ਮੈਨੂੰ ਵੀ ਰੇਡੀਓ ਮੇਜ਼ਬਾਨੀ ਦਾ ਬੜਾ ਸ਼ੌਕ ਹੈ।"

ਪਰਵਿੰਦਰ ਨੇ ਸਾਨੂੰ ਦੂਜੇ ਦਿਨ ਆਪਣੇ ਦਫ਼ਤਰ ਆਉਣ ਦਾ ਸੱਦਾ ਦਿੱਤਾ। ਇਸ ਦੌਰਾਨ ਮੈਨੂੰ ਇੱਧਰੋਂ ਉੱਧਰੋਂ ਪਤਾ ਚੱਲਿਆ ਕਿ ਉਹ ਇੱਕ ਵਿਗਿਆਨੀ ਹਨ। ਜਦੋਂ ਦੂਜੇ ਦਿਨ ਅਸੀਂ ਉਹਨਾਂ ਕੋਲ ਪੁੱਜੇ ਤਾਂ ਚਿੱਟੇ ਕੋਟ ਵਿੱਚ ਆਪਣੀ ਲੈਬ ਵਿੱਚ ਮਸਰੂਫ਼ ਡਾ ਪਰਵਿੰਦਰ ਨੇ ਸਾਡਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਅਤੇ ਸਾਰੀ ਯੂਨੀਵਰਸਿਟੀ ਦਾ ਗੇੜਾ ਲਵਾ ਕੇ ਆਪਣੇ ਚੱਲ ਰਹੇ ਕੰਮਾਂ-ਕਾਰਾਂ ਤੋਂ ਜਾਣੂ ਕਰਵਾਇਆ।

ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਿਆਤਪੁਰ ਰੁੜਕੀ ਦੇ ਸਰਦਾਰ ਕਸ਼ਮੀਰ ਸਿੰਘ ਜੋ ਕਿ ਹੁਣ ਭਾਰਤੀ ਫ਼ੌਜ ਵਿੱਚ ਸੇਵਾ ਨਿਵਰਤ ਹਨ ਅਤੇ ਬੀਬੀ ਜਰਨੈਲ ਕੌਰ ਦੇ ਘਰ ਪਰਵਿੰਦਰ ਦਾ ਜਨਮ ਹੋਇਆ। ਉਹ ਦੋ ਭੈਣ ਭਰਾ ਹਨ। ਉਹਨਾਂ ਦੀ ਸਕੂਲੀ ਵਿੱਦਿਆ ਵੱਖ-ਵੱਖ ਫ਼ੌਜੀ ਸਕੂਲਾਂ ਵਿੱਚ ਹੋਈ, ਜਿਨ੍ਹਾਂ ਵਿੱਚ ਜਲੰਧਰ ਕੈਂਟ ਅਤੇ ਅੰਬਾਲਾ ਕੈਂਟ ਜ਼ਿਕਰਯੋਗ ਹਨ। ਇਸ ਉਪਰੰਤ ਉਹਨਾਂ ਪਟਿਆਲੇ ਤੋਂ ਆਪਣੀ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀ ਸਿੱਖਿਆ ਹਾਸਲ ਕੀਤੀ। ਭਾਵੇਂ ਫ਼ੌਜ ਦੀ ਨੌਕਰੀ ਕਾਰਨ ਪਰਵਿੰਦਰ ਨੂੰ ਵੱਖ-ਵੱਖ ਥਾਂਵਾਂ 'ਤੇ ਰਹਿਣਾ ਪਿਆ ਪਰ ਹਰ ਸਾਲ ਛੁੱਟੀਆਂ ਪਿੰਡ ਵਿੱਚ ਗੁਜ਼ਾਰਨ ਨੇ ਕਿਤੇ ਨਾ ਕਿਤੇ ਉਸ ਦੀ ਪਿੰਡ ਨਾਲ ਅਤੇ ਖੇਤੀ ਕਿੱਤੇ ਨਾਲ ਸਾਂਝ ਬਹੁਤ ਗੂੜ੍ਹੀ ਕਰ ਦਿੱਤੀ। ਉਹ ਦੱਸਦੇ ਹਨ, "ਗਿਆਰ੍ਹਵੀਂ ਵਿੱਚ ਉਹਨਾਂ ਨੂੰ ਕੁਝ ਨਹੀਂ ਪਤਾ ਸੀ ਕਿ ਮੇਰੀ ਮੰਜ਼ਿਲ ਕੀ ਹੈ! ਭਾਵੇਂ ਮੇਰੀ ਮੁੱਢ ਤੋਂ ਸਾਇੰਸ ਵਿੱਚ ਰੁਚੀ ਸੀ ਪਰ ਮੈਂ ਗਿਆਰ੍ਹਵੀਂ ਵਿੱਚ ਮਿਲੇ-ਜੁਲੇ ਜਿਹੇ ਵਿਸ਼ੇ ਚੁਣ ਲਏ। ਪਰ ਬਾਰ੍ਹਵੀਂ ਤਕ ਆਉਂਦੇ-ਆਉਂਦੇ ਮੈਨੂੰ ਇੰਨਾ ਕੁ ਅਹਿਸਾਸ ਹੋ ਗਿਆ ਸੀ ਕਿ ਬਿਨਾਂ ਟੀਚਾ ਮਿਥਿਆਂ ਕਾਮਯਾਬੀ ਹਾਸਲ ਨਹੀਂ ਹੋ ਸਕਦੀ। ਕੁਝ ਕੁ ਦਿਨਾਂ ਲਈ ਦੰਦਾਂ ਦੀ ਡਾਕਟਰੀ ਚੁਣ ਲਈ ਸੀ, ਭਾਵੇਂ ਮੇਰੀ ਪਸੰਦ ਦੇ ਵਿਸ਼ੇ ਜੀਵ ਵਿਗਿਆਨ (ਭਿਓਲੋਗੇ) ਸੀ।

"ਪਰ ਉਸੇ ਵਕਤ ਕਿਸਮਤ ਨਾਲ ਮੈਨੂੰ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ ਵਿੱਚ ਥਾਂ ਮਿਲ ਗਈ, ਉਹ ਵੀ ਸਕਾਲਰਸ਼ਿਪ ਨਾਲ ਕਿਉਂਕਿ ਮੈਂ ਪਹਿਲੇ ਪੰਜ ਵਿਦਿਆਰਥੀਆਂ ਵਿੱਚ ਆਪਣਾ ਨਾਮ ਦਰਜ ਕਰਵਾਉਣ ਵਿੱਚ ਕਾਮਯਾਬ ਹੋ ਗਈ ਸੀ। ਪਿੰਡ ਵਿੱਚ ਗੁਜ਼ਾਰੇ ਸਮੇਂ ਨੇ ਮੈਨੂੰ ਸਿਖਾ ਦਿੱਤਾ ਸੀ ਕਿ ਅੰਨਦਾਤਾ ਕਹਾਉਣਾ ਕਿੰਨਾ ਕੁ ਔਖਾ। ਸ਼ਾਇਦ ਇਸੇ ਕਰਕੇ ਇਹ ਮੇਰਾ ਜਨੂੰਨ ਬਣ ਗਿਆ।

"ਗਰੈਜੂਏਸ਼ਨ ਦੌਰਾਨ ਕੀਤੀ ਮਿਹਨਤ ਦਾ ਫ਼ਲ ਮਾਸਟਰਜ਼ ਲਈ ਸਕਾਲਰਸ਼ਿਪ ਦੇ ਰੂਪ ਵਿੱਚ ਮਿਲਿਆ ਤੇ ਮਾਸਟਰਜ਼ ਵਿੱਚ ਕੀਤੀ ਮਿਹਨਤ ਦਾ ਫ਼ਲ ਆਸਟ੍ਰੇਲੀਆ ਦੇ ਸ਼ਹਿਰ ਪਰਥ ਦੀ ਮਸ਼ਹੂਰ ਯੂਨੀਵਰਸਿਟੀ ਆਫ਼ ਵੈਸਟਰਨ ਆਸਟ੍ਰੇਲੀਆ ਨੇ ਸਕਾਲਰਸ਼ਿਪ ਦੇ ਰੂਪ ਵਿੱਚ ਦਿੱਤਾ। ਜਦੋਂ ਮੈਂ ਆਪਣੇ ਰਿਟਾਇਰ ਹੋ ਚੁੱਕੇ ਪਿਤਾ ਜੀ ਨੂੰ ਦੱਸਿਆ ਕਿ ਮੈਂ ਵਿਦੇਸ਼ ਜਾਣਾ ਤਾਂਹੈ ਉਹ ਕਹਿੰਦੇ ਆਪਾਂ ਇੱਕ ਛੋਟੇ ਜ਼ਿਮੀਂਦਾਰ ਹਾਂ, ਸੋ ਇੰਨਾ ਖ਼ਰਚ ਕਿਵੇਂ ਕਰਾਂਗੇ? ਜਦੋਂ ਮੈਂ ਉਹਨਾਂ ਨੂੰ ਦੱਸਿਆ ਕਿ ਯੂਨੀਵਰਸਿਟੀ ਮੇਰਾ ਸਾਰਾ ਖ਼ਰਚ ਚੁੱਕੇਗੀ, ਤਾਂ ਕਿਸੇ ਨੂੰ ਯਕੀਨ ਨਹੀਂ ਸੀ ਆਇਆ। ਪਰ ਸੱਚ ਦੱਸਾਂ ਮੇਰਾ ਇੱਕ ਪੈਸਾ ਵੀ ਨਹੀਂ ਲੱਗਿਆ ਇੱਥੇ ਆ ਕੇ ਪੜ੍ਹਨ ਲਿਖਣ ਅਤੇ ਰਹਿਣ ਬਹਿਣ 'ਤੇ।"

ਪਰਵਿੰਦਰ ਤੋਂ ਰੁਜ਼ਗਾਰ ਬਾਰੇ ਪੁੱਛਣ ਤੇ ਉਹਨਾਂ ਦੱਸਿਆ ਕਿ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਮਝਣਾ ਬਹੁਤ ਜ਼ਰੂਰੀ ਹੁੰਦਾ। ਦੂਜਾ ਉਹ ਭਾਗਾਂ ਵਾਲਾ ਹੁੰਦਾ, ਜਿਸ ਨੂੰ ਉਸਦੇ ਸ਼ੌਕ ਮੁਤਾਬਿਕ ਕਿੱਤਾ ਮਿਲ ਜਾਵੇ। ਡੀ.ਐੱਨ.ਏ. ਉੱਤੇ ਕੰਮ ਕਰਨਾ ਮੇਰਾ ਸ਼ੌਕ ਸੀ ਪਰ ਹੁਣ ਮੈਨੂੰ ਇਸਦੇ ਪੈਸੇ ਮਿਲਦੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਪਰਵਿੰਦਰ ਨੇ ਆਸਟ੍ਰੇਲੀਆ ਦੀ ਬਹੁਤ ਵੱਡੀ ਸਮੱਸਿਆ ਉੱਤੇ ਕੰਮ ਕੀਤਾ ਤੇ ਜਿਸ ਕਾਰਨ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਹੱਥੋਂ ਸਨਮਾਨ ਵੀ ਹਾਸਲ ਹੋਇਆ। ਉਹਨਾਂ ਦੇ ਦੱਸਣ ਮੁਤਾਬਕ ਆਸਟ੍ਰੇਲੀਆ ਦੇ ਪਸ਼ੂਆਂ ਦੇ ਚਾਰੇ ਵਿੱਚ ਕੁਝ ਅਜਿਹੇ ਤੱਤ ਸਨ, ਜਿਨ੍ਹਾਂ ਕਾਰਨ ਬਹੁਤ ਜ਼ਿਆਦਾ ਮੀਥਨ ਗੈਸ ਬਣਦੀ ਹੈ, ਜੋ ਕਿ ਓਜ਼ੋਨ ਵਿੱਚ ਹੋਏ ਸੁਰਾਖ਼ ਲਈ ਜ਼ਿੰਮੇਵਾਰ ਹੈ। ਆਸਟ੍ਰੇਲੀਆ ਵਿੱਚ ਬਣਦੀ ਕੁੱਲ ਮੀਥਨ ਗੈਸ ਦਾ ਚਾਲੀ ਪ੍ਰਤੀਸ਼ਤ ਹਿੱਸਾ ਇਸ ਚਾਰੇ ਨੂੰ ਖਾ ਕੇ ਇਹ ਜਾਨਵਰ ਬਣਾਉਂਦੇ ਸਨ। ਪਰ ਪਰਵਿੰਦਰ ਦੀ ਮਿਹਨਤ ਸਦਕਾ ਇਸ 'ਤੇ ਕਾਬੂ ਪੈਣਾ ਸ਼ੁਰੂ ਹੋ ਗਿਆ ਹੈ।

ਜਦੋਂ ਕਰੋਨਾ ਦਾ ਕਾਲ ਦੁਨੀਆ 'ਤੇ ਮੰਡਲਾਉਣ ਲੱਗਿਆ ਤਾਂ ਪਰਵਿੰਦਰ ਨੂੰ ਫਿਰ ਸੁਭਾਗ ਮਿਲਿਆ ਮਾਨਵਤਾ ਦੀ ਸੇਵਾ ਕਰਨ ਦਾ, ਜਿਸ ਨੂੰ ਉਸ ਨੇ ਖਿੜੇ ਮੱਥੇ ਸਵੀਕਾਰ ਕਰਦਿਆਂ ਦੱਸਿਆ ਕਿ ਕੋਰੋਨਾ ਦਾ ਡੀ.ਐੱਨ.ਏ. ਕੋਡ ਫ਼ਸਲਾਂ ਦੇ ਕੋਡ ਨਾਲੋਂ ਬਹੁਤ ਛੋਟਾ ਕੋਡ ਹੈ ਪਰ ਇਸਦਾ ਸਿੱਧਾ ਇਨਸਾਨ ਦੀ ਸਿਹਤ ਨਾਲ ਸੰਬੰਧ ਹੈ। ਇਸ ਲਈ ਇਸ ਨੂੰ ਹਲਕੇ ਵਿੱਚ ਨਹੀਂ ਲਿਆ ਜਾ ਸਕਦਾ। ਉਸ ਨੇ ਸਖ਼ਤ ਮਿਹਨਤ ਕਰਕੇ ਕਰੋਨਾ ਦੇ ਕੋਡ ਨੂੰ ਡੀ ਕੋਡ ਕੀਤਾ।

ਪਰਿਵਾਰ ਬਾਰੇ ਪੁੱਛਣ ਤੇ ਪਰਵਿੰਦਰ ਦਾ ਕਹਿਣਾ ਹੈ ਕਿ ਮੇਰੀ ਮੰਮੀ ਜੀ ਪਰਵਾਰਿਕ ਮਜਬੂਰੀਆਂ ਕਾਰਨ ਬਚਪਨ ਵਿੱਚ ਆਪਣੀ ਪੜ੍ਹਾਈ ਪੂਰੀ ਨਹੀਂ ਸਨ ਕਰ ਸਕੇ ਤੇ ਉਹਨਾਂ ਉਸੇ ਵਕਤ ਹੀ ਆਪਣੇ ਆਪ ਨਾਲ ਵਾਅਦਾ ਕੀਤਾ ਸੀ ਕਿ ਮੈਂ ਆਪਣੇ ਸੁਪਨੇ ਆਪਣੇ ਬੱਚਿਆਂ ਦੇ ਜ਼ਰੀਏ ਪੂਰੇ ਕਰਾਂਗੀ।

ਹਰ ਮਾਂ ਬਾਪ ਵਾਂਗ ਮੇਰੇ ਮਾਂ ਬਾਪ ਦੇ ਸਾਹਮਣੇ ਵੀ ਇੱਕ ਵੱਡੀ ਸਮੱਸਿਆ ਸੀ ਕਿ ਉਹ ਆਪਣੀ ਜ਼ਿੰਦਗੀ ਭਰ ਦੀ ਕਮਾਈ ਆਪਣੇ ਪੁੱਤਰ ਉੱਤੇ ਲਾਉਣ ਜਾਂ ਧੀ ਉੱਤੇ। ਕਿਉਂਕਿ ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਸਾਡੇ ਸਮਾਜ ਇਹ ਫ਼ਰਕ ਮੁੱਢ ਕਦੀਮ ਤੋਂ ਚੱਲਦਾ ਆਇਆ ਹੈ। ਪਰ ਮੈਂ ਇੱਥੇ ਵੀ ਖ਼ੁਸ਼ਕਿਸਮਤ ਰਹੀ ਤੇ ਮੇਰੇ ਮਾਂ ਬਾਪ ਨੇ ਆਪਣੀ ਧੀ ਉੱਤੇ ਵਿਸ਼ਵਾਸ ਜਿਤਾਇਆ ਅਤੇ ਮੈਨੂੰ ਹਰ ਥਾਂ ਲੋੜ ਤੋਂ ਵੱਧ ਸਾਥ ਦਿੱਤਾ।

ਮੈਂ ਇੱਥੇ ਵੀ ਭਾਗਾਂ ਵਾਲੀ ਰਹੀ ਹਾਂ ਕੇ ਮੈਨੂੰ ਮੇਰੇ ਸਹਿਪਾਠੀ ਅਮਿਤ ਦਾ ਸਾਥ ਮਿਲਿਆ। ਮੇਰੇ ਮਾਂ ਬਾਪ ਭਾਵੇਂ ਵਿਗਿਆਨ ਦੀ ਭਾਸ਼ਾ ਸਮਝਦੇ ਨਹੀਂ ਪਰ ਫਿਰ ਵੀ ਉਹ ਜਦੋਂ ਮੇਰੀ ਹਰ ਗੱਲ ਵਿੱਚ ਹੁੰਗਾਰਾ ਭਰਦੇ ਹਨ ਤਾਂ ਮੇਰੀ ਅੱਧੀ ਜਿੱਤ ਤੈਅ ਹੋ ਜਾਂਦੀ ਹੈ। ਅਮਿਤ ਗਿਆਰ੍ਹਵੀਂ ਕਲਾਸ ਵਿੱਚ ਪੜ੍ਹਾਈ ਦੌਰਾਨ ਮੇਰਾ ਮੁਕਾਬਲੇਬਾਜ਼ ਸੀ। ਸੰਜੋਗ ਵੱਸ ਲੰਮੇ ਅੰਤਰਾਲ ਬਾਅਦ ਅਸੀਂ ਫਿਰ ਪਰਦੇਸ ਆ ਮਿਲੇ ਅਤੇ ਜੀਵਨ ਸਾਥੀ ਬਣ ਗਏ।

ਮੇਰੇ ਉੱਤੇ ਮੇਰੇ ਸ਼ੌਕ ਦਾ ਜਨੂੰਨ ਇਸ ਕਦਰ ਭਾਰੂ ਸੀ ਕਿ ਜਦੋਂ ਮੇਰੇ ਘਰ ਪੁੱਤਰ ਦਾ ਜਨਮ ਹੋਇਆ, ਭਾਵੇਂ ਮੈਂ ਛੇ ਮਹੀਨਿਆਂ ਦੀ ਛੁੱਟੀ ਲੈ ਸਕਦੀ ਸੀ ਪਰ ਆਪਣੇ ਸ਼ੁਰੂ ਕੀਤੇ ਕਾਰਜ ਨੂੰ ਨਹੀਂ ਸੀ ਛੱਡ ਸਕਦੀ। ਮੇਰਾ ਮੰਨਣਾ ਹੈ ਕਿ ਤੁਸੀਂ ਆਪਣੇ ਹੱਥੀਂ ਲਾਏ ਬੂਟੇ ਨੂੰ ਉਦੋਂ ਨਹੀਂ ਛੱਡ ਸਕਦੇ, ਜਦੋਂ ਉਸ ਨੂੰ ਤੁਹਾਡੀ ਬਹੁਤ ਜ਼ਿਆਦਾ ਲੋੜ ਹੈ। ਸੋ ਮੈਂ ਸਿਰਫ਼ ਪੰਦਰਾਂ ਦਿਨਾਂ ਬਾਅਦ ਆਪਣੀ ਲੈਬ ਵਿੱਚ ਸੀ ਤੇ ਤਿੰਨ ਮਹੀਨਿਆਂ ਦਾ ਆਪਣਾ ਬੱਚਾ ਛੱਡ ਵੱਖ-ਵੱਖ ਮੁਲਕਾਂ ਵਿੱਚ ਰਿਸਰਚ ਦੀ ਲੱਗੀ ਡਿਊਟੀ ਲਈ ਤੁਰ ਪਈ ਸਾਂ। ਇਹ ਇੱਕ ਵੱਡਾ ਫ਼ੈਸਲਾ ਸੀ ਜੋ ਮੈਂ ਇਕੱਲੀ ਨਹੀਂ ਲੈ ਸਕਦੀ ਸੀ, ਅਮਿਤ ਅਤੇ ਮੇਰਾ ਸਹੁਰਾ ਪਰਿਵਾਰ ਮੇਰੇ ਪਿੱਛੇ ਆ ਖੜ੍ਹਿਆ ਸੀ। ਮੇਰੇ ਮੰਮੀ ਕਹਿੰਦੇ, ਸਾਰੀ ਉਮਰ ਪਛਤਾਉਣ ਨਾਲੋਂ ਤੈਨੂੰ ਆਪਣੇ ਮਿਸ਼ਨ 'ਤੇ ਜਾਣਾ ਚਾਹੀਦਾ ਹੈ। ਮੇਰੇ ਮਨ ਵਿੱਚ ਇਹ ਸੀ ਕੀ ਮੇਰਾ ਪੁੱਤਰ ਵੱਡਾ ਹੋ ਕੇ ਕੀ ਸੋਚੇਗਾ ਕਿ ਮੇਰੀ ਮਾਂ ਮੈਨੂੰ ਇੰਨੇ ਛੋਟੇ ਨੂੰ ਛੱਡ ਪਰਦੇਸ ਆਪਣੇ ਮਿਸ਼ਨ 'ਤੇ ਚਲੀ ਗਈ। ਪਰ ਉਸ ਵਕਤ ਮੇਰੇ ਮਾਂ ਬਾਪ ਨੇ ਸਮਝਾਇਆ ਕਿ ਉਹ ਵੱਡਾ ਹੋ ਕੇ ਤੇਰੇ 'ਤੇ ਮਾਣ ਕਰੇਗਾ।

ਇਹ ਸੱਚ ਵੀ ਹੋ ਰਿਹਾ ਹੈ ਕਿ ਮੇਰੇ ਸਾਰੇ ਵੱਡੇ ਮਾਅਰਕੇ ਉਸੇ ਵਕਤ ਮੈਨੂੰ ਮਿਲੇ। ਜੇਕਰ ਮੇਰਾ ਪਰਿਵਾਰ ਮੈਨੂੰ ਹੱਲਾਸ਼ੇਰੀ ਨਾ ਦਿੰਦਾ ਤਾਂ ਸ਼ਾਇਦ ਮੈਂ ਇਹ ਕੁਝ ਹਾਸਲ ਨਾ ਕਰ ਪਾਉਂਦੀ। ਤਿੰਨ ਮਹੀਨੇ ਬਾਅਦ ਜਦੋਂ ਮੈਂ ਘਰ ਵਾਪਸ ਆਈ ਤਾਂ ਮੇਰੇ ਪੁੱਤਰ 'ਅਕਸ਼ਰ' ਨੇ ਮੈਨੂੰ ਪਛਾਣਿਆ ਤਕ ਨਹੀਂ ਸੀ। ਇੱਕ ਮਾਂ ਲਈ ਇਹ ਪਲ ਬਹੁਤ ਔਖੇ ਹੁੰਦੇ ਹਨ। ਪਰ ਕੁਝ ਪਾਉਣ ਲਈ ਕੁਝ ਗੁਆਉਣ ਵੀ ਤਾਂ ਪੈਂਦਾ ਹੀ ਹੈ। ਪਰ ਉਸ ਤੋਂ ਬਾਅਦ ਮੈਂ ਆਪਣੇ ਪੁੱਤਰ ਨੂੰ ਹਰ ਥਾਂ ਨਾਲ ਰੱਖਿਆ। ਜਦੋਂ ਉਹ ਹਾਲੇ ਏ ਬੀ ਸੀ ਵੀ ਨਹੀਂ ਸੀ ਜਾਣਦਾ ਪਰ ਮੇਰੇ ਨਾਲ ਲੈਕਚਰ ਸੁਣਦਾ, ਕਾਨਫਰੈਂਸਾਂ 'ਤੇ ਜਾਂਦਾ, ਕਲਾਸਾਂ ਲਾਉਂਦਾ। ਇਹ ਤਾਂ ਸ਼ੁੱਕਰ ਹੈ ਇਸ ਮੁਲਕ ਦਾ, ਜੋ ਇੱਕ ਮਾਂ ਦੀ ਇਸ ਜੱਦੋਜਹਿਦ ਨੂੰ ਸਮਝਦੇ ਹੋਏ ਹਰ ਹਾਲਾਤ ਵਿੱਚ ਸਹਿਯੋਗ ਦਿੰਦਾ ਹੈ। ਅੱਜ ਗਿਆਰ੍ਹਾਂ ਵਰ੍ਹਿਆਂ ਦੇ ਪੁੱਤਰ ਵਿੱਚੋਂ ਮੈਨੂੰ ਜਦੋਂ ਪਰਪੱਕਤਾ ਦਿਸਦੀ ਹੈ ਤਾਂ ਮਹਿਸੂਸ ਹੁੰਦਾ ਹੈ ਕਿ ਮਿਹਨਤ ਅਜਾਈਂ ਨਹੀਂ ਗਈ।"

ਪਰਵਿੰਦਰ ਦਾ ਭਰਾ ਵੀ ਭੈਣ ਦੀਆਂ ਪੈੜਾਂ ਨੱਪਦਾ, ਵਜ਼ੀਫ਼ੇ ਲੈਂਦਾ ਆਸਟ੍ਰੇਲੀਆ ਆ ਪੁੱਜਿਆ। ਉਹ ਵੀ ਅੱਜਕੱਲ੍ਹ ਪੱਛਮੀ ਆਸਟ੍ਰੇਲੀਆ ਵਿੱਚ ਇੱਕ ਕੌਂਸਲਰ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਅੱਜ ਦੋਨੋਂ ਪਰਿਵਾਰ ਪਰਥ ਵਿਖੇ ਨਾਲ-ਨਾਲ ਘਰ ਪਾ ਕੇ ਇੱਕ ਸਾਂਝੇ ਪਰਿਵਾਰ ਵਾਂਗ ਵਿਚਰ ਰਹੇ ਹਨ।

ਪਰਵਿੰਦਰ ਇੱਕ ਬਹੁਤ ਹੀ ਖ਼ੂਬ ਸੂਰਤ ਅਤੇ ਖ਼ੂਬ ਸੀਰਤ ਵਾਲੀ ਕੁੜੀ ਹੈ। ਇਹ ਵੀ ਨਹੀਂ ਕਹਿ ਸਕਦੇ ਕਿ ਉਹ ਆਧੁਨਿਕ ਨਹੀਂ ਹੈ, ਉਹ ਨਵੇਂ ਖ਼ਿਆਲਾਂ ਦੀ ਹੈ, ਮਰਜ਼ੀ ਨਾਲ ਬਣਦੀ ਸੰਵਰਦੀ ਹੈ, ਮਰਜ਼ੀ ਦੇ ਕੱਪੜੇ ਪਾਉਂਦੀ ਹੈ। ਉਸ ਨੂੰ ਪੇਕਿਆਂ ਨੇ ਆਜ਼ਾਦੀ ਦਿੱਤੀ, ਉਸਦੇ ਸਹੁਰਿਆਂ ਨੇ ਉਸ ਦੀ ਆਜ਼ਾਦੀ ਬਰਕਰਾਰ ਰੱਖੀ ਪਰ ਉਸ ਨੇ ਉਸ ਆਜ਼ਾਦੀ ਨੂੰ ਮਾਣਿਆ ਨਾ ਕਿ ਉਸ ਦਾ ਨਾਜਾਇਜ਼ ਫ਼ਾਇਦਾ ਚੁੱਕਿਆ। ਪਰ ਉਸ ਨੇ ਕਦੇ ਵੀ ਸਸਤੀ ਸ਼ੁਹਰਤ ਦਾ ਰਾਹ ਨਹੀਂ ਚੁਣਿਆ। ਉਹ ਇੱਕ ਪਹਿਲੇ ਸਫ਼ਿਆਂ ਦੀ ਵਿਗਿਆਨੀ ਬਣੀ, ਪਰ ਨਾ ਤਾਂ ਉਹ ਰੱਬ ਨੂੰ ਭੁੱਲੀ ਹੈ ਨਾ ਵਿਰਸੇ ਨੂੰ। ਵਿਗਿਆਨ ਦੇ ਨਾਂ 'ਤੇ ਰੱਬ ਤੋਂ ਮੁਨਕਰ ਹੋਣਾ ਸਹੀ ਰਾਹ ਨਹੀਂ ਹੈ। ਸਗੋਂ ਜੋ ਸਾਡੇ ਗ੍ਰੰਥਾਂ ਵਿੱਚ ਪਹਿਲਾਂ ਤੋਂ ਹੀ ਦਰਜ ਹੈ, ਵਿਗਿਆਨ ਉਸੇ ਨੂੰ ਹੀ ਆਪਣਾ ਅਧਾਰ ਬਣਾ ਕੇ ਚੱਲ ਰਿਹਾ ਹੈ। ਸਾਨੂੰ ਮੰਨਣਾ ਪੈਣਾ ਹੈ ਕਿ ਦੁਨੀਆ 'ਤੇ ਕੋਈ ਤਾਂ ਸਿਰਮੌਰ ਤਾਕਤ ਹੈ ਜੋ ਇਹ ਸਭ ਚਲਾ ਰਹੀ ਹੈ। ਵਿਰਸੇ ਨੂੰ ਸਾਂਭਣ ਲਈ ਪਰਵਿੰਦਰ ਤੁਹਾਨੂੰ ਕਦੇ ਪਰਥ ਵਿੱਚ ਹੁੰਦੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈਂਦੀ ਦਿਖਾਈ ਦੇਵੇਗੀ, ਕਦੇ ਰੇਡੀਓ 'ਤੇ ਮੇਜ਼ਬਾਨੀ ਕਰਦੀ ਸੁਣਾਈ ਦੇਵੇਗੀ।

ਯੂਨੀਵਰਸਿਟੀ ਵਿੱਚ ਇੱਕ ਸਹਾਇਕ ਪ੍ਰੋਫੈਸਰ ਵਜੋਂ ਕੰਮ ਕਰਦਿਆਂ ਉਸ ਨੇ ਨਾਲ-ਨਾਲ ਸਰਕਾਰੇ ਦਰਬਾਰੇ ਵੀ ਆਪਣੀ ਹਾਜ਼ਰੀ ਲਗਵਾਉਣੀ ਸ਼ੁਰੂ ਕੀਤੀ, ਜਿਸ ਦੌਰਾਨ ਉਸ ਨੂੰ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਬਹੁਤ ਸਾਰੇ ਮੰਤਰੀਆਂ ਅਤੇ ਵੱਡੇ ਮਹਿਕਮਿਆਂ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਉਹਨਾਂ ਦੀਆਂ ਇਨ੍ਹਾਂ ਰੁਚੀਆਂ ਨੂੰ ਦੇਖਦੇ ਹੋਏ ਪੱਛਮੀ ਆਸਟ੍ਰੇਲੀਆ ਦੀ ਲੇਬਰ ਪਾਰਟੀ ਨੇ ਉਹਨਾਂ ਨੂੰ ਉਤਲੇ ਸਦਨ ਲਈ ਆਪਣਾ ਨੁਮਾਇੰਦਾ ਬਣਾਉਂਦੇ ਹੋਏ ਟਿਕਟ ਦਿੱਤੀ, ਜਿਸ ਨੂੰ ਉਹ ਅਸਾਨੀ ਨਾਲ ਜਿੱਤਣ ਵਿੱਚ ਕਾਮਯਾਬ ਹੋਏ। ਸੌਂਹ ਚੁੱਕਣ ਤੋਂ ਪਹਿਲਾਂ ਹੀ ਉਹਨਾਂ ਨੇ ਇੱਕ ਮਨਸ਼ਾ ਜ਼ਾਹਿਰ ਕਰਦੇ ਹੋਏ ਕਿਹਾ ਕਿ ਉਹ ਇੱਕ ਸਿਆਸਤਦਾਨ ਨਾਲੋਂ ਦੁਨੀਆ ਦਾ ਸਭ ਤੋਂ ਚੰਗਾ ਸਾਂਸਦ ਬਣਨ ਵਿੱਚ ਵਿਸ਼ਵਾਸ ਰੱਖਦੇ ਹਨ।

ਅਖੀਰ ਵਿੱਚ ਪਰਵਿੰਦਰ ਕੌਰ ਨੇ ਜੋ ਸੁਨੇਹਾ ਦਿੱਤਾ, ਉਹ ਇਹ ਸੀ ਕਿ ਆਪਣਾ ਇੱਕ ਨਿਸ਼ਾਨਾ ਮਿਥੋ, ਉਸ 'ਤੇ ਧਿਆਨ ਕੇਂਦਰਿਤ ਕਰ ਲਵੋ ਤੇ ਜਦੋਂ ਤੁਸੀਂ ਉਸ ਨੂੰ ਹਾਸਲ ਕਰ ਲਵੋ ਤਾਂ ਹੋਰ ਵੀ ਨਿਮਰ ਹੋ ਜਾਓ ਕਿਉਂਕਿ ਇਹੋ ਜਿਹੀ ਕਾਮਯਾਬੀ ਕਦੇ ਵੀ ਆਲ਼ੇ ਦੁਆਲ਼ੇ ਦੇ ਸਹਿਯੋਗ ਬਿਨਾਂ ਨਹੀਂ ਮਿਲ ਸਕਦੀ। ਸੋ ਵਾਹਿਗੁਰੂ ਸਮੇਤ ਸਭ ਦਾ ਸ਼ੁਕਰਗੁਜ਼ਾਰ ਹੋਣਾ ਹੀ ਕਾਮਯਾਬੀ ਦਾ ਅਸਲ ਸਿਖਰ ਹੈ। ਸੋ ਇਹ ਸੀ ਪ੍ਰੋ. ਪਰਵਿੰਦਰ ਕੌਰ ਦੀ ਵੱਡੀ ਕਾਮਯਾਬੀ ਦਾ ਸੰਖੇਪ ਵਰਣਨ।



AMAR MUSIC ACADEMY

INDIAN CLASSICAL LIGHT MUSIC, GURMAT SANGEET & TABLA

ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਬਲਾ ਸਿੱਖਣ ਲਈ ਫੋਨ ਕਰੋ



Prof. Gurdev Singh Phull,
Prof. Amrik Singh Phull

To Learn Indian Classical, Light Music & Tabla

Free Lessons for Blind & Handicapped



604-599-4628, 778-898-5052 | 13376-80 Ave, Surrey

# ‘ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ’ ਪਰ ਸਵਾਲ ਕਰਨਾ ਮਨ੍ਹਾ ਹੈ!

ਭਾਰਤ ਵਿਚ ਮਾਮੂਲੀ ਸੋਸ਼ਲ ਮੀਡੀਆ ਪੋਸਟਾਂ ਦੇ ਆਧਾਰ ’ਤੇ ਆਮ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰਨਾ ਆਮ ਵਰਤਾਰਾ ਬਣ ਚੁੱਕਾ ਹੈ। ਹੁਣ ਜਿਹੇ ਦੋ ਅਜਿਹੀਆਂ ਗ੍ਰਿਫ਼ਤਾਰੀਆਂ ਹੋਈਆਂ ਹਨ, ਜਿਨ੍ਹਾਂ ਦੇ ਪਿੱਛੇ ਸੱਤਾਧਾਰੀ ਧਿਰ ਦੀ ਰਾਜਨੀਤਕ ਜਬਰ ਦੀ ਨੀਤੀ ਤੋਂ ਬਿਨਾ ਹੋਰ ਕੋਈ ਕਾਰਨ ਨਜ਼ਰ ਨਹੀਂ ਆਉਂਦਾ। ਤ੍ਰਾਸਦੀ ਇਹ ਹੈ ਕਿ ਭਾਰਤ ਦੀ ਸਿਵਲ ਸੁਸਾਇਟੀ ਵਿਚ ਇਸ ਨੂੰ ਲੈ ਕੇ ਕੋਈ ਖ਼ਾਸ ਹਲਚਲ ਨਹੀਂ ਹੈ। ਇਨ੍ਹਾਂ ਪੱਖਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਵਿਚ ਕੀਤੀ ਹੈ।-ਸੰਪਾਦਕ

ਹਿਟਲਰ-ਮੁਸੋਲਿਨੀ ਦੀ ਪੈਰੋਕਾਰ ਭਗਵਾ ਹਕੂਮਤ ਭਾਰਤੀ ਲੋਕਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਲਗਾਤਾਰ ਹਮਲੇ ਕਰ ਰਹੀ ਹੈ। ਦੋ ਸ਼ਖ਼ਸੀਅਤਾਂ, ਅਲੀ ਖ਼ਾਨ ਮਹਮੂਦਾਬਾਦ ਅਤੇ ਰੇਜਾਜ਼ ਐੱਮ ਸ਼ੀਬਾ ਸਿਦੀਕ ਦੀ ਗ੍ਰਿਫ਼ਤਾਰੀ ਇਸ ਫਾਸ਼ੀਵਾਦੀ ਹਮਲੇ ਦੀਆਂ ਤਾਜ਼ਾ ਮਿਸਾਲਾਂ ਹਨ। ਗ੍ਰਿਫ਼ਤਾਰ ਕੀਤੇ ਪ੍ਰੋਫੈਸਰ ਅਲੀ ਖ਼ਾਨ ਰਾਜਨੀਤੀ-ਵਿਗਿਆਨ ਅਤੇ ਇਤਿਹਾਸ ਦੇ ਵਿਦਵਾਨ ਹਨ ਅਤੇ ਹਰਿਆਣਾ ਦੀ ਅਸ਼ੋਕਾ ਯੂਨੀਵਰਸਿਟੀ ਵਿਚ ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ ਹਨ। ਰੇਜਾਜ਼ ਕੇਰਲਾ ਤੋਂ ਸੁਤੰਤਰ ਪੱਤਰਕਾਰ ਤੇ ਡੈਮੋਕਰੇਟਿਕ ਸਟੂਡੈਂਟਸ ਆਰਗੇਨਾਈਜ਼ੇਸ਼ਨ ਦੇ ਕਾਰਕੁਨ ਹਨ। ਦੋਹਾਂ ਦੇ ਨਾਮਾਂ ਤੋਂ ਸਪਸ਼ਟ ਹੈ ਕਿ ਉਹ ਉਸ ਧਾਰਮਿਕ ਫਿਰਕੇ ਨਾਲ ਸੰਬੰਧਤ ਹਨ, ਜੋ ਆਰ.ਐੱਸ.ਐੱਸ.-ਭਾਜਪਾ ਦੇ ਰਾਜਨੀਤਕ ਪ੍ਰੋਜੈਕਟ ਵਿਚ ਦੋਇਮ-ਦਰਜੇ ਦੇ ਨਾਗਰਿਕ ਹਨ।

ਪ੍ਰੋਫੈਸਰ ਅਲੀ ਨੇ ‘ਓਪਰੇਸ਼ਨ ਸਿੰਧੂਰ’ ਨਾਲ ਬਣੇ ਮਾਹੌਲ ਦੇ ਹਵਾਲੇ ਨਾਲ ਸੋਸ਼ਲ ਮੀਡੀਆ ਪੋਸਟ ਪਾਈ ਸੀ। ਸੋਨੀਪਤ ਪੁਲਿਸ ਨੇ ਉਨ੍ਹਾਂ ਨੂੰ ਭਾਜਪਾ ਦੇ ‘ਯੁਵਾ ਮੋਰਚਾ’ ਦੇ ਸਕੱਤਰ ਦੀ ਸ਼ਿਕਾਇਤ ’ਤੇ ਸੰਗੀਨ ਧਾਰਾਵਾਂ ਲਗਾ ਕੇ ਗ੍ਰਿਫ਼ਤਾਰ ਕੀਤਾ ਹੈ। ਸ਼ਿਕਾਇਤ-ਕਰਤਾ ਕਿਉਂਕਿ ਭਗਵਾ ਸੱਤਾਧਾਰੀ ਧਿਰ ਨਾਲ ਸੰਬੰਧਤ ਹੈ, ਇਸ ਲਈ ਹਰਿਆਣਾ ਪੁਲਿਸ ਨੇ ਜਾਂਚ ਕੀਤੇ ਤੋਂ ਬਿਨਾ ਹੀ ਬੇਹੱਦ ਸੰਗੀਨ ਧਾਰਾਵਾਂ ਲਗਾ ਕੇ ਪ੍ਰੋਫੈਸਰ ਨੂੰ ਗ੍ਰਿਫ਼ਤਾਰ ਕਰ ਲਿਆ। ਸੈਂਕੜੇ ਉੱਘੀਆਂ ਸ਼ਖ਼ਸੀਅਤਾਂ ਅਤੇ ਰਾਜਨੀਤਕ ਆਗੂਆਂ ਨੇ ਇਸ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ ਹੈ ਅਤੇ ਸੋਸ਼ਲ ਮੀਡੀਆ ਉੱਪਰ ਉਸਦੀ ਹਮਾਇਤ ਵਿਚ ਜ਼ੋਰਦਾਰ ਮੁਹਿੰਮ ਚੱਲ ਰਹੀ ਹੈ।

ਹਰਿਆਣੇ ਦੇ ‘ਮਹਿਲਾ ਕਮਿਸ਼ਨ’ ਨੇ ਪ੍ਰੋਫੈਸਰ ਵਿਰੁੱਧ ਵੱਖਰਾ ਪਰਚਾ ਦਰਜ ਕਰਾਇਆ ਹੈ ਕਿ ਪ੍ਰੋਫੈਸਰ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿਚ ਫ਼ੌਜ ਦੀਆਂ ਔਰਤ ਅਧਿਕਾਰੀਆਂ ਦਾ ਅਪਮਾਨ ਕੀਤਾ ਹੈ। ਜਦਕਿ ਉਸ ਪੋਸਟ ਵਿਚ ਅਜਿਹਾ ਕੁਝ ਵੀ ਨਹੀਂ ਹੈ ਅਤੇ ਪ੍ਰੋਫੈਸਰ ਨੇ ਮਹਿਲਾ ਕਮਿਸ਼ਨ ਦੇ ਨੋਟਿਸ ਦੇ ਜਨਤਕ ਜਵਾਬ ਵਿਚ ਬੇ-ਬੁਨਿਆਦ ਦੋਸ਼ਾਂ ਨੂੰ ਤੱਥਾਂ ਸਹਿਤ ਰੱਦ ਕੀਤਾ ਹੈ। ਇਹ ਹਰਿਆਣੇ ਦਾ ਉਹੀ ‘ਮਹਿਲਾ ਕਮਿਸ਼ਨ’ ਜਿਸ ਨੂੰ ਨਾ ਪੂਰੇ ਮੁਲਕ ਵਿਚ ਔਰਤਾਂ ਉੱਪਰ ਹੋ ਰਹੇ ਜ਼ੁਲਮ ਨਜ਼ਰ ਆਉਂਦੇ ਹਨ ਅਤੇ ਨਾ ਇਸਨੂੰ ਹਰਿਆਣੇ ਦੀਆਂ ਪਹਿਲਵਾਨ ਕੁੜੀਆਂ ਦਾ ਜਿਨਸੀ ਸ਼ੋਸ਼ਣ ਨਜ਼ਰ ਆਇਆ ਸੀ। ਪੋ. ਅਲੀ ਨੇ ਅਜਿਹਾ ਕੀ ਲਿਖਿਆ, ਜਿਸ ਨਾਲ ਭਗਵਾ ਅਨਸਰਾਂ ਦੀਆਂ ਭਾਵਨਾਵਾਂ ਭੜਕ ਉੱਠੀਆਂ ਅਤੇ ਉਸ ਦੇ ਵਿਚਾਰਾਂ ਨੂੰ ਦੋ ਫਿਰਕਿਆਂ ਦਰਮਿਆਨ ਨਫ਼ਰਤ ਭੜਕਾਉਣ ਵਾਲੇ ਮੰਨ ਲਿਆ ਗਿਆ? ਇਸ ਨੂੰ ਸਮਝਣ ਲਈ ਪੂਰੀ ਸੋਸ਼ਲ ਮੀਡੀਆ ਪੋਸਟ ਪੜ੍ਹਨੀ ਠੀਕ ਰਹੇਗੀ। ਪ੍ਰੋਫੈਸਰ ਨੇ ਲਿਖਿਆ:

‘ਯੁੱਧਨੀਤਕ ਨਜ਼ਰੀਏ ਤੋਂ ਭਾਰਤ ਨੇ ਹੁਣ ਇਕ ਨਵੇਂ ਪੜਾਅ ਦੀ ਸ਼ੁਰੂਆਤ ਕਰ ਦਿੱਤੀ ਹੈ, ਜਿਸ ਵਿਚ ਪਾਕਿਸਤਾਨ ਵਿਚ ਮੌਜੂਦ ਦਹਿਸ਼ਤਵਾਦੀ ਅਤੇ ਫ਼ੌਜੀ ਸੰਸਥਾਵਾਂ ਦਰਮਿਆਨ ਦੀ ਰਵਾਇਤੀ ਰੇਖਾ ਖ਼ਤਮ ਕਰ ਦਿੱਤੀ ਗਈ ਹੈ। ਹੁਣ ਕਿਸੇ ਵੀ ਦਹਿਸ਼ਤਗਰਦ ਹਮਲੇ ਦਾ ਜਵਾਬ ਰਵਾਇਤੀ ਫ਼ੌਜੀ ਤਰੀਕੇ ਨਾਲ ਦਿੱਤਾ ਜਾਵੇਗਾ। ਇਸ ਬਦਲਾਅ ਦਾ ਸਿੱਧਾ ਅਸਰ ਇਹ ਹੋਇਆ ਹੈ ਕਿ ਹੁਣ ਪਾਕਿਸਤਾਨ ਦੀ ਫ਼ੌਜ ਆਪਣੇ ਪੁਰਾਣੇ ਤਰੀਕੇ-ਦਹਿਸ਼ਤਗਰਦਾਂ ਅਤੇ ਗ਼ੈਰ-ਰਾਜ ਪੱਖੀ ਅਨਸਰਾਂ ਦੀ ਓਟ ਲੈਣ ਦਾ ਸਹਾਰਾ ਨਹੀਂ ਲੈ ਸਕਦੀ। ਦਰਅਸਲ, ਪਾਕਿਸਤਾਨ ਦੀ ਫ਼ੌਜ ਨੇ ਬਹੁਤ ਸਮੇਂ ਤੱਕ ਇਲਾਕੇ ਵਿਚ ਅਸਥਿਰਤਾ ਪੈਦਾ ਕਰਨ ਲਈ ਹਥਿਆਰਬੰਦ ਗ਼ੈਰ-ਰਾਜ ਐਕਟਰਾਂ (ਨਾਨ-ਸਟੇਟ ਐਕਟਰਾਂ) ਦੀ ਵਰਤੋਂ ਕੀਤੀ ਹੈ। ਇਸੇ ਦੌਰਾਨ, ਅੰਤਰਰਾਸ਼ਟਰੀ ਮੰਚਾਂ ’ਤੇ ਉਹ ਆਪਣੇ ਆਪ ਨੂੰ ਪੀੜਤ ਦੱਸ ਕੇ ਹਮਦਰਦੀ ਇਕੱਠੀ ਕਰਦੀ ਰਹੀ ਹੈ। ਇਹੀ ਨਹੀਂ, ਇਨ੍ਹਾਂ ਵਿਚੋਂ ਕੁਝ ਜਥੇਬੰਦੀਆਂ ਨੂੰ—ਜਿਨ੍ਹਾਂ ਨੂੰ ਭਾਰਤੀ ਕਾਰਵਾਈਆਂ ਵਿਚ ਨਿਸ਼ਾਨਾ ਬਣਾਇਆ ਗਿਆ—ਪਾਕਿਸਤਾਨ ਦੇ ਅੰਦਰ ਹੀ ਫਿਰਕੂ ਤਣਾਅ ਪੈਦਾ ਕਰਨ ਲਈ ਵੀ ਵਰਤਿਆ ਗਿਆ ਹੈ। ‘ਓਪਰੇਸ਼ਨ ਸਿੰਧੂਰ’ ਭਾਰਤ-ਪਾਕਿਸਤਾਨ ਸੰਬੰਧਾਂ ਬਾਰੇ ਬਣੀਆਂ ਹੋਈਆਂ ਪੁਰਾਣੀਆਂ ਸਮਝਾਂ ਨੂੰ ਤੋੜਦਾ ਹੈ। ਇਹ ਸਾਫ਼ ਕਰ ਦਿੰਦਾ ਹੈ ਕਿ ਹੁਣ ਦਹਿਸ਼ਤਗਰਦ ਹਮਲਿਆਂ ਦਾ ਜਵਾਬ ਸਿੱਧੀ ਫ਼ੌਜੀ ਕਾਰਵਾਈ ਨਾਲ ਦਿੱਤਾ ਜਾਵੇਗਾ ਅਤੇ ਹੁਣ ਦਹਿਸ਼ਤਵਾਦ ਅਤੇ ਰਵਾਇਤੀ ਜੰਗ ਵਿਚਕਾਰ ਕੋਈ ਭਾਸ਼ਾਈ ਜਾਂ ਯੁੱਧਨੀਤਕ ਫ਼ਰਕ ਨਹੀਂ ਛੱਡਿਆ ਜਾਵੇਗਾ। ਹਾਲਾਂਕਿ ਇਹ ਫ਼ਰਕ ਮਿਟਾ ਦਿੱਤਾ ਗਿਆ ਹੈ, ਪਰ ਭਾਰਤੀ ਫ਼ੌਜ ਨੇ ਬਹੁਤ ਹੀ ਸੰਜਮ ਅਤੇ ਯੁੱਧਨੀਤਕ ਸੂਝ ਦਿਖਾਈ ਹੈ—ਇਹ ਯਕੀਨੀ ਬਣਾਉਂਦੇ ਹੋਏ ਕਿ ਕਿਸੇ ਫ਼ੌਜੀ ਛਾਉਣੀ, ਨਾਗਰਿਕ ਢਾਂਚੇ ਜਾਂ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ, ਤਾਂ ਜੋ ਤਣਾਅ ਕੰਟਰੋਲ ਤੋਂ ਬਾਹਰ ਨਾ ਹੋ ਜਾਵੇ।’

ਸੰਦੇਸ਼ ਬਿਲਕੁਲ ਸਾਫ਼ ਹੈ—ਜੇਕਰ ਤੁਸੀਂ ਆਪਣੇ ਇਲਾਕੇ ਵਿਚ ਪੈਦਾ ਹੋ ਰਹੇ ਦਹਿਸ਼ਤਵਾਦ ਨੂੰ ਕੰਟਰੋਲ ਨਹੀਂ ਕਰੋਗੇ, ਤਾਂ ਅਸੀਂ ਕਰਾਂਗੇ। ਨਾਗਰਿਕਾਂ ਦੀ ਜਾਨ ਦਾ ਨੁਕਸਾਨ—ਭਾਵੇਂ ਉਹ ਕਿਸੇ ਵੀ ਮੁਲਕ ਦੇ ਹੋਣ—ਦੁਖਦਾਈ ਅਤੇ ਮਾਫ਼ੀ ਦੇ ਯੋਗ ਨਹੀਂ ਹੈ, ਅਤੇ ਇਹੀ ਇਕ ਮੁੱਖ ਵਜ੍ਹਾ ਹੈ ਕਿ ਯੁੱਧ ਤੋਂ ਹਰ ਹਾਲਤ ’ਚ ਬਚਿਆ ਜਾਣਾ ਚਾਹੀਦਾ ਹੈ।

ਅੱਜ ਕੁਝ ਲੋਕ ਸੋਚੇ-ਸਮਝੇ ਬਿਨਾਂ ਯੁੱਧ ਦੀ ਹਮਾਇਤ ਕਰ ਰਹੇ ਹਨ, ਪਰ ਨਾ ਤਾਂ ਉਨ੍ਹਾਂ ਨੇ ਕਦੇ ਯੁੱਧ ਦੇਖਿਆ ਹੈ, ਅਤੇ ਨਾ ਹੀ ਕਿਸੇ ਯੁੱਧ ਪੀੜਤ ਖੇਤਰ ਦਾ ਸਾਹਮਣਾ ਕੀਤਾ ਹੈ। ਕਿਸੇ ਨਾਗਰਿਕ ਸੁਰੱਖਿਆ ਅਭਿਆਸ ਵਿਚ ਭਾਗ ਲੈਣ ਨਾਲ ਤੁਸੀਂ ਫ਼ੌਜੀ ਨਹੀਂ ਬਣ ਜਾਂਦੇ, ਅਤੇ ਨਾ ਹੀ ਤੁਸੀਂ ਕਦੇ ਉਸ ਪੀੜਾ ਨੂੰ ਸਮਝ ਸਕਦੇ ਹੋ ਜੋ ਕਿਸੇ ਯੁੱਧ-ਪ੍ਰਭਾਵਿਤ ਪਰਿਵਾਰ ਜਾਂ ਵਿਅਕਤੀ ਨੂੰ ਸਹਿਣੀ ਪੈਂਦੀ ਹੈ। ਯੁੱਧ ਇਕ ਵਹਿਸ਼ਤ ਹੈ। ਇਸ ਦਾ ਸਭ ਤੋਂ ਵੱਧ ਖਮਿਆਜ਼ਾ ਗਰੀਬਾਂ ਅਤੇ ਕਮਜ਼ੋਰ ਵਰਗਾਂ ਨੂੰ ਭੁਗਤਣਾ ਪੈਂਦਾ ਹੈ। ਅਤੇ ਇਸ ਤੋਂ ਲਾਭ ਕੇਵਲ ਰਾਜਨੀਤਕਾਂ ਅਤੇ ਡਿਫੈਂਸ ਦੀਆਂ ਕੰਪਨੀਆਂ ਨੂੰ ਹੁੰਦਾ ਹੈ। ਹਾਂ, ਇਹ ਸੱਚ ਹੈ ਕਿ ਇਤਿਹਾਸ ਸਾਨੂੰ ਦੱਸਦਾ ਹੈ ਕਿ ਰਾਜਨੀਤੀ ਆਖਿਰਕਾਰ ਹਿੰਸਾ ਰਾਹੀਂ ਹੀ ਚੱਲਦੀ ਆਈ ਹੈ, ਅਤੇ ਇਸੇ ਲਈ ਕਈ ਵਾਰੀ ਯੁੱਧ ਅਟੱਲ ਹੋ ਜਾਂਦਾ ਹੈ। ਪਰ ਇਤਿਹਾਸ ਵਿਚ ਸ਼ਾਇਦ ਹੀ ਕੋਈ ਰਾਜਨੀਤਕ ਝਗੜਾ ਸਿਰਫ਼ ਫ਼ੌਜੀ ਹਥਿਆਰਾਂ ਨਾਲ ਪੂਰੀ ਤਰ੍ਹਾਂ ਹੱਲ ਹੋਇਆ ਹੋਵੇ।

ਅਖੀਰ ਵਿਚ, ਮੈਨੂੰ ਇਹ ਦੇਖ ਕੇ ਖੁਸ਼ੀ ਹੋਈ ਕਿ ਕਈ ਸੱਜੇਪੱਖੀ ਟਿੱਪਣੀਕਾਰ ਕਰਨਲ ਸੋਫ਼ੀਆ ਕੁਰੈਸ਼ੀ ਦੀ ਤਾਰੀਫ਼ ਕਰ ਰਹੇ ਹਨ, ਪਰ ਸ਼ਾਇਦ ਉਨ੍ਹਾਂ ਨੂੰ ਏਨੀ ਹੀ ਗੰਭੀਰਤਾ ਨਾਲ ਇਹ ਵੀ ਮੰਗ ਕਰਨੀ ਚਾਹੀਦੀ ਹੈ ਕਿ ਹਜੂਮੀ ਹਿੰਸਾ ਦੇ ਸ਼ਿਕਾਰ, ਬਿਨਾ ਕਾਨੂੰਨੀ ਪ੍ਰਕਿਰਿਆ ਦੇ ਘਰਾਂ ’ਤੇ ਬੁਲਡੋਜ਼ਰ ਚਲਾਉਣ ਵਾਲਿਆਂ ਅਤੇ ਭਾਜਪਾ ਦੀ ਨਫ਼ਰਤ ਦੀ ਰਾਜਨੀਤੀ ਦੇ ਹੋਰ ਪੀੜਤਾਂ ਨੂੰ ਵੀ ਬਤੌਰ ਭਾਰਤੀ ਨਾਗਰਿਕ ਨਿਆਂ ਅਤੇ ਸੁਰੱਖਿਆ ਮਿਲੇ। ਦੋ ਔਰਤ ਅਧਿਕਾਰੀਆਂ ਵੱਲੋਂ ਪ੍ਰੈੱਸ ਕਾਨਫਰੰਸ ਕਰਨਾ ਦੇਖਣ ਨੂੰ ਮਹੱਤਵਪੂਰਨ ਦ੍ਰਿਸ਼ ਲੱਗ ਸਕਦਾ ਹੈ, ਪਰ ਜਦ ਤੱਕ ਇਹ ਮੰਜ਼ਰ ਜ਼ਮੀਨੀ ਪੱਧਰ ’ਤੇ ਠੋਸ ਬਦਲਾਅ ਵਿਚ ਨਹੀਂ ਬਦਲਦਾ, ਓਦੋਂ ਤੱਕ ਇਹ ਸਿਰਫ਼ ‘ਦ੍ਰਿਸ਼ ਰਾਜਨੀਤੀ’ (ਪਟਿਚਸ) ਹੀ ਰਹੇਗਾ—ਇਕ ਝੂਠਾ ਦਿਖਾਵਾ। ਜਦ ਇਕ ਮੁੱਖ ਮੁਸਲਮਾਨ ਆਗੂ ਨੇ ‘ਪਾਕਿਸਤਾਨ ਮੁਰਦਾਬਾਦ’ ਕਿਹਾ ਅਤੇ ਪਾਕਿਸਤਾਨੀ ਸੋਸ਼ਲ ਮੀਡੀਆ ਟਰੋਲਜ਼ ਨੇ ਉਸ ਨੂੰ ਨਿਸ਼ਾਨਾ ਬਣਾਇਆ, ਤਾਂ ਭਾਰਤ ਦੇ ਸੱਜੇਪੱਖੀ ਹਿੱਸਿਆਂ ਨੇ ਉਨ੍ਹਾਂ ਦੀ ਰੱਖਿਆ ਇਹ ਕਹਿ ਕੇ ਕੀਤੀ: ‘ਉਹ ਸਾਡੇ ਮੁੱਲਾ ਹਨ।’ ਇਹ ਗੱਲ ਹਾਸੋ-ਹੀਣੀ ਲੱਗ ਸਕਦੀ ਹੈ, ਪਰ ਇਹ ਵੀ ਦਰਸਾਉਂਦੀ ਹੈ ਕਿ ਫਿਰਕਾਪ੍ਰਸਤੀ ਭਾਰਤੀ ਸਿਆਸਤ ਅਤੇ ਸਮਾਜ ਦੀ ਰਗ-ਰਗ ਵਿਚ ਕਿੰਨੀ ਡੂੰਘੀ ਸਮਾ ਚੁੱਕੀ ਹੈ।

‘ਮੇਰੇ ਲਈ ਇਹ ਪ੍ਰੈੱਸ ਕਾਨਫਰੰਸ ਮਹਿਜ਼ ਪਲਾਂ ਦੀ ਝਲਕ ਸੀ—ਇਕ ਭਰਮਾਊ ਸੰਕੇਤ—ਉਸ ਭਾਰਤ ਦੀ, ਜੋ ਕਦੇ ਪਾਕਿਸਤਾਨ ਦੀ ਸਥਾਪਨਾ ਦੀ ਤਰਕਹੀਣਤਾ ਦੇ ਖ਼ਿਲਾਫ਼ ਡੱਟਿਆ ਸੀ। ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ—ਭਾਰਤ ਦੇ ਆਮ ਮੁਸਲਮਾਨਾਂ ਦੀ ਜ਼ਮੀਨੀ ਹਕੀਕਤ, ਉੱਥੇ ਪੇਸ਼ ਕੀਤੀ ਗਈ ਸਰਕਾਰੀ ਤਸਵੀਰ ਤੋਂ ਵੱਖਰੀ ਹੈ, ਪਰ ਇਹ ਵੀ ਸੱਚ ਹੈ ਕਿ ਵੰਨ-ਸੁਵੰਨਤਾ ਵਿਚ ਏਕਤਾ ਵਾਲਾ ਭਾਰਤ ਪੂਰੀ ਤਰ੍ਹਾਂ ਮਰਿਆ ਨਹੀਂ ਹੈ। ਉਹ ਅਜੇ ਵੀ ਸਾਹ ਲੈ ਰਿਹਾ ਹੈ। ਜੈ ਹਿੰਦ।’

ਇਸ ਪੂਰੀ ਟਿੱਪਣੀ ਨੂੰ ਪੜ੍ਹ ਕੇ ਪਾਠਕ ਆਪ ਦੇਖ ਸਕਦੇ ਹਨ ਕਿ ਪ੍ਰੋਫੈਸਰ ਅਲੀ ਦੇ ਵਿਚਾਰ ਕਿੰਨੇ ਤਰਕਪੂਰਨ ਹਨ ਅਤੇ ਉਸ ਵੱਲੋਂ ਦੋ ਫਿਰਕਿਆਂ ਦਰਮਿਆਨ ਦੁਸ਼ਮਣੀ ਭੜਕਾਉਣ ਦਾ ਤਾਂ ਸਵਾਲ ਹੀ ਨਹੀਂ ਹੈ। ਇਸਦਾ ਇਕ ਹੋਰ ਸਬੂਤ ਉਸ ਦੀ ਦਹਿਸ਼ਤੀ ਹਮਲੇ ਬਾਰੇ ਟਿੱਪਣੀ ਹੈ: ‘ਮੇਰੀ ਸੰਵੇਦਨਾ ਪਹਿਲਗਾਮ ਵਿਚ ਹੋਏ ਬੁਜ਼ਦਿਲ ਅਤੇ ਵਹਿਸ਼ਤੀ ਹਮਲੇ ਦੇ ਸਾਰੇ ਪੀੜਤਾਂ ਨਾਲ ਹੈ। ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ’ਚ ਲਿਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ। ਜਿਨ੍ਹਾਂ ਪਰਿਵਾਰਾਂ ਤੋਂ ਉਨ੍ਹਾਂ ਦੇ ਪਿਆਰੇ ਜੀਅ ਖੋਹ ਲਏ, ਉਨ੍ਹਾਂ ਲਈ ਦੁਆਵਾਂ। ਜੋ ਤਸਵੀਰਾਂ ਅਤੇ ਵੀਡੀਓ ਸਾਹਮਣੇ ਆਏ ਹਨ, ਉਹ ਬੇਹੱਦ ਦਿਲ ਦਹਿਲਾਉਣ ਵਾਲੇ ਹਨ।’

ਪ੍ਰੋਫੈਸਰ ਅਲੀ ਦੀ ਸੰਜੀਦਾ ਸੋਚ ਯੁੱਧਬੰਦੀ ਤੋਂ ਬਾਅਦ ਭੜਕਾਏ ਜਾ ਰਹੇ ਜੰਗਬਾਜ਼ ਜਨੂੰਨ ਤੋਂ ਸੁਚੇਤ ਕਰਨ ਲਈ ਕੀਤੀ ਗਈ ਟਿੱਪਣੀ ‘ਯੁੱਧ ਦੀ ਅੰਨ੍ਹੀ ਪਿਆਸ’ ਹੈ। ਉਨ੍ਹਾਂ ਲਿਖਿਆ:

‘ਸੀਜ਼ਫ਼ਾਇਰ ਦੇ ਬਾਵਜੂਦ ਕੁਝ ਲੋਕ ਯੁੱਧ ਦੀ ਮੰਗ ਕਰ ਰਹੇ ਹਨ, ਜਿਵੇਂ ਉਨ੍ਹਾਂ ਦੀ ਆਤਮਾ ਨੂੰ ਸਿਰਫ਼ ਖ਼ੂਨ ਚਾਹੀਦਾ ਹੋਵੇ। ਯੁੱਧ ਹੁਣ ਕਿਸੇ ਇਕ ਖੇਤਰ ਤੱਕ ਸੀਮਿਤ ਨਹੀਂ ਰਿਹਾ—ਇਹ ਹੁਣ ਹਰ ਥਾਂ ਹੈ, ਤੇ ਕਿਸੇ ਵੀ ਥਾਂ ਹੋ ਸਕਦਾ ਹੈ। ਨਾਗਰਿਕ ਹਮੇਸ਼ਾਂ ਤੋਂ ਹੀ ਯੁੱਧ ਦੀ ਲਪੇਟ ’ਚ ਆਉਂਦੇ ਰਹੇ ਹਨ, ਪਰ ਫ਼ੌਜੀ ਤਕਨਾਲੋਜੀ ਕਰਕੇ ਹੁਣ ਇਸ ਦਾ ਪ੍ਰਭਾਵ ਪਹਿਲਾਂ ਨਾਲੋਂ-ਇੱਥੋਂ ਤੱਕ ਕਿ ਦੋ ਸਦੀਆਂ ਪਹਿਲਾਂ ਨਾਲੋਂ ਵੀ- ਕਈ ਗੁਣਾ ਵਧ ਗਿਆ ਹੈ।

ਤਾਂ ਜਦ ਤੁਸੀਂ ਯੁੱਧ ਦੀ ਮੰਗ ਕਰਦੇ ਹੋ, ਜਾਂ ਕਹਿੰਦੇ ਹੋ ਕਿ ‘ਇਸ ਦੇਸ਼ ਨੂੰ ਮਿਟਾ ਦਿਓ’ ਤਾਂ ਅਸਲ ਵਿਚ ਤੁਸੀਂ ਕੀ ਮੰਗ ਕਰ ਰਹੇ ਹੋ? ਕੀ ਤੁਸੀਂ ਇਕ ਪੂਰੇ ਭਾਈਚਾਰੇ ਦੇ ਕਤਲੇਆਮ ਦੀ ਮੰਗ ਕਰ ਰਹੇ ਹੋ? ਮੈਨੂੰ ਪਤਾ ਹੈ ਕਿ ਇਜ਼ਰਾਈਲ ਇਹ ਸਭ ਕਰ ਰਿਹਾ ਹੈ—ਅਤੇ ਕੁਝ ਭਾਰਤੀ ਇਸ ਦੀ ਸ਼ਲਾਘਾ ਵੀ ਕਰਦੇ ਹਨ—ਪਰ ਕੀ ਅਸੀਂ ਵਾਕਈ ਬੱਚਿਆਂ ਦੇ ਸਮੂਹਿਕ ਕਤਲੇਆਮ ਦੀ ਹਮਾਇਤ ਕਰਨਾ ਚਾਹੁੰਦੇ ਹਾਂ, ਸਿਰਫ਼ ਇਸ ਲਈ ਕਿ ਉਹ ਸੰਭਾਵਿਤ ‘ਭਵਿੱਖੀ ਦੁਸ਼ਮਣ’ ਹਨ?

ਸਿਰਫ਼ ਇਸ ਕਰਕੇ ਕਿ ਤੁਸੀਂ ਸਰਹੱਦ ਤੋਂ ਦੂਰ ਹੋ ਜਾਂ ਤੁਹਾਡੇ ਅੰਦਰ ਏਨੀ ਨਫ਼ਰਤ ਭਰ ਦਿੱਤੀ ਗਈ ਹੈ ਕਿ ਤੁਸੀਂ ਕਿਸੇ ਮੁਲਕ, ਭਾਈਚਾਰੇ, ਧਰਮ, ਜਾਤੀ ਸਮੂਹ ਜਾਂ ਸਮਾਜਿਕ ਵਰਗ ਦੇ ਲੋਕਾਂ ਨੂੰ ਇਨਸਾਨ ਮੰਨਣਾ ਹੀ ਛੱਡ ਦਿੱਤਾ ਹੈ—ਇਸ ਦਾ ਇਹ ਮਤਲਬ ਨਹੀਂ ਕਿ ਤੁਸੀਂ ਸੁਰੱਖਿਅਤ ਹੋ। ਇਹ ਗੱਲ ਹਰ ਥਾਂ ਲਾਗੂ ਹੁੰਦੀ ਹੈ, ਜਿੱਥੇ ਵੀ ਟਕਰਾਅ ਹੈ। ਤੁਸੀਂ ਕਿਸੇ ਪੂਰੇ ਭਾਈਚਾਰੇ ਨੂੰ ਉਸ ਦੀ ਸਰਕਾਰ ਨਾਲ ਹੀ ਜੋੜ ਕੇ ਨਹੀਂ ਦੇਖ ਸਕਦੇ।

ਕਿਸੇ ਵੀ ਹਾਲਤ ਵਿਚ, ਆਖ਼ਿਰਕਾਰ ਯੁੱਧ ਸਭ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ—ਇਹ ਸਿਰਫ਼ ਵਕਤ ਦੀ ਗੱਲ ਹੁੰਦੀ ਹੈ। ਜ਼ਰਾ ਸੋਚੋ ਕਿ ਜਦ ਤੁਸੀਂ ਕਹਿੰਦੇ ਹੋ ‘ਉਨ੍ਹਾਂ ਨੂੰ ਮਿਟਾ ਦਿਓ,’ ‘ਖਤਮ ਕਰ ਦਿਓ,’ ‘ਨੇਸਤਨਾਬੂਦ ਕਰ ਦਿਓ’—ਤਾਂ ਤੁਸੀਂ ਅਸਲ’ਚ ਕੀ ਕਹਿ ਰਹੇ ਹੋ?

ਤੁਸੀਂ ਕਹਿ ਰਹੇ ਹੋ—ਉਨ੍ਹਾਂ ਦੇ ਸਾਰੇ ਬੱਚੇ, ਬਜ਼ੁਰਗ, ਘੱਟਗਿਣਤੀਆਂ, ਯੁੱਧ-ਵਿਰੋਧੀ ਲੋਕ ਅਤੇ ਹੋਰ ਸਾਰੇ ਨਿਰਦੋਸ਼ ਨਾਗਰਿਕ—ਜੋ ਵੀ ਤੁਹਾਡੇ ਵਾਂਗ ਇਕ ਪਿਓ, ਮਾਂ, ਧੀ, ਪੁੱਤਰ, ਦਾਦੀ-ਨਾਨੀ ਜਾਂ ਕੋਈ ਦੋਸਤ ਬਣ ਕੇ ਜੀਣਾ ਚਾਹੁੰਦੇ ਹਨ—ਉਨ੍ਹਾਂ ਸਭ ਨੂੰ ਮਾਰ ਦਿਓ। ਤੁਸੀਂ ਅਜਿਹਾ ਸਿਰਫ਼ ਉਦੋਂ ਹੀ ਕਹਿ ਸਕਦੇ ਹੋ ਜਦ ਤੁਸੀਂ ਉਨ੍ਹਾਂ ਨੂੰ ਪੂਰੀ ਤਰ੍ਹਾਂ ‘ਗ਼ੈਰ-ਇਨਸਾਨ’ ਮੰਨ ਲਿਆ ਹੋਵੇ।

ਇਹੀ ਤਾਂ ਮੀਡੀਆ, ਧਾਰਮਿਕ ਜਾਂ ਭਾਈਚਾਰੇ ਦੇ ਆਗੂਆਂ, ਰਾਜਨੀਤਕਾਂ ਅਤੇ ਹੋਰ ਪ੍ਰਭਾਵਸ਼ਾਲੀ ਤਾਕਤਾਂ ਦੀ ਕੋਸ਼ਿਸ਼ ਹੁੰਦੀ ਹੈ—ਦੂਜੇ ਪਾਸੇ ਵਾਲਿਆਂ ਨੂੰ ਇੰਨਾ ਅਮਾਨਵੀ ਬਣਾ ਦਿਓ ਕਿ ਤੁਸੀਂ ਉਨ੍ਹਾਂ ਨੂੰ ਇਨਸਾਨ ਵਜੋਂ ਦੇਖਣਾ ਹੀ ਛੱਡ ਦਿਓ।

ਇਹ ਦੋਹਾਂ ਪਾਸਿਆਂ ਦੀ ਹਕੀਕਤ ਹੈ—ਰੈਡਕਲਿਫ਼ ਲਾਈਨ ਦੇ ਦੋਵੇਂ ਪਾਸੇ। ਪਾਗਲ ਤਾਂ ਹਰ ਪਾਸੇ ਹਨ, ਪਰ ਜੋ ਲੋਕ ਸਰਹੱਦ ਦੇ ਨੇੜੇ ਰਹਿੰਦੇ ਹਨ, ਉਹ ਜਾਣਦੇ ਹਨ ਕਿ ਯੁੱਧ ਦਾ ਮਤਲਬ ਹੁੰਦਾ ਹੈ—ਮਨਮਾਨੀ, ਅਨਿਸ਼ਚਿਤ ਤੇ ਬੇਮਤਲਬ ਮੌਤ। ਜੋ ਲੋਕ ਸਰਹੱਦ ਤੋਂ ਦੂਰ ਹਨ, ਉਹ ਤਾਂ ਯੁੱਧ ਨੂੰ ਵੀਡੀਓ ਗੇਮ ਸਮਝਣ ਲੱਗੇ ਹਨ।

ਇਹ ਅਮਾਨਵੀਕਰਨ ਸਾਡੇ ਅੰਦਰਲੀ ਡੂੰਘੀ ਅਸੁਰੱਖਿਆ ਦਾ ਸੰਕੇਤ ਹੈ—ਅਸੀਂ ਆਪਣੀ ਇਨਸਾਨੀਅਤ ਨੂੰ ਸਾਬਤ ਕਰਨ ਲਈ ਦੂਜਿਆਂ ਦੀ ਇਨਸਾਨੀਅਤ ਨੂੰ ਨਕਾਰਨ ਦੀ ਕੋਸ਼ਿਸ਼ ਕਰਦੇ ਹਾਂ।

ਪਰ ਸੱਚ ਇਹ ਹੈ ਕਿ ਜਦੋਂ ਹੀ ਤੁਸੀਂ ਕਿਸੇ ਹੋਰ ਨੂੰ ਗ਼ੈਰ-ਇਨਸਾਨ ਮੰਨ ਲੈਂਦੇ ਹੋ—ਚਾਹੇ ਉਹ ਤੁਹਾਡੇ ਜੀਵਨ ਮੁੱਲਾਂ ਦੇ ਬਿਲਕੁਲ ਉਲਟ ਹੋਵੇ—ਉਸੇ ਪਲ ਤੁਸੀਂ ਆਪਣੇ ਸਭ ਤੋਂ ਹੇਠਲੇ ਪੱਧਰ ਦੇ ਸੁਭਾਅ ਦੇ ਅਧੀਨ ਹੋ ਜਾਂਦੇ ਹੋ।

ਤੁਸੀਂ ਆਪਣੇ ਵਿਨਾਸ਼ ਦਾ ਬੀਜ ਬੀਜ ਦਿੰਦੇ ਹੋ। ਲੋਕ ਕਹਿਣਗੇ ਕਿ ਜੋ ਸ਼ਾਂਤੀ ਦੀ ਗੱਲ ਕਰਦੇ ਹਨ, ਉਹ ਡਰਪੋਕ ਹਨ। ਨਹੀਂ! ਮੈਂ ਕਹਿੰਦਾ ਹਾਂ—ਜੋ ਲੋਕ ਘਰਾਂ ਵਿਚ ਬੈਠ ਕੇ ਯੁੱਧ ਦੀ ਮੰਗ ਕਰਦੇ ਹਨ, ਅਸਲ ਡਰਪੋਕ ਉਹ ਹਨ।

ਕਿਉਂਕਿ ਯੁੱਧ ਵਿਚ ਨਾ ਉਨ੍ਹਾਂ ਦੇ ਪੁੱਤਰ-ਧੀਆਂ ਮਰਦੇ ਹਨ, ਨਾ ਉਨ੍ਹਾਂ ਦੇ ਘਰ ਉੱਜੜਦੇ ਹਨ। ਆਖ਼ਿਰਕਾਰ, ਯੁੱਧ ਕਦੇ ਅਮਨ ਕਿਵੇਂ ਲਿਆ ਸਕਦਾ ਹੈ?...ਦੁਨੀਆ ਵਿਚ ਫੌਜੀ-ਉਦਯੋਗਿਕ ਤੰਤਰ (ਮਿਲਟਰੀ-ਇੰਡਸਟ੍ਰੀਅਲ ਕੰਪਲੈਕਸ) ਸਭ ਤੋਂ ਵੱਧ ਮੁਨਾਫ਼ਾ ਕਮਾਉਣ ਵਾਲਾ ਕਾਰੋਬਾਰ ਹੈ—2.46 ਖਰਬ ਡਾਲਰ ਦਾ ਕਾਰੋਬਾਰ। ਇਸਦੇ ਮੁਕਾਬਲੇ ਦਵਾ ਉਦਯੋਗ ਸਿਰਫ਼ 1.6 ਖਰਬ ਡਾਲਰ ਅਤੇ ਤੇਲ ਉਦਯੋਗ 750 ਅਰਬ ਡਾਲਰ ਦਾ ਕਾਰੋਬਾਰ ਹੈ। ਅੱਜ ਯੁੱਧ ਸਿਰਫ਼ ਮੁਨਾਫ਼ਾ ਹੈ ਅਤੇ ਲੋਭ ਦੀ ਖੇਡ ਹੈ—ਨਾ ਕਿ ਆਦਰਸ਼ਾਂ ਜਾਂ ਮੁੱਲਾਂ ਦੀ। ਜੇ ਕੋਈ ਐਸਾ ਯੁੱਗ ਹੋਇਆ ਵੀ ਹੋਵੇ, ਜਦੋਂ ਯੁੱਧ ‘ਧਰਮ ਯੁੱਧ’ ਹੋਇਆ ਕਰਦੇ ਸਨ, ਤਾਂ ਉਹ ਹੁਣ ਬੀਤ ਚੁੱਕਾ ਹੈ।...ਹੋਰ ਧਾਰਮਿਕ ਗ੍ਰੰਥਾਂ ਵਾਂਗ ਗੀਤਾ ਵੀ ਯੁੱਧ ਵਿਚ ਨੈਤਿਕ ਦੁਬਿਧਾਵਾਂ ਦੀ ਗਹਿਰੀ ਚਰਚਾ ਕਰਦੀ ਹੈ—ਅਤੇ ਇਹ ਵਿਚਾਰ ਕਰਦੀ ਹੈ ਕਿ ਕਿਸ ਤਰ੍ਹਾਂ ਦੀ ਹਿੰਸਾ ਉਚਿਤ ਹੈ। ਹਰਮਨ-ਪਿਆਰੇ ਭਰਮ ਦੇ ਉਲਟ, ਗੀਤਾ ਯੁੱਧ ਦੇ ਕਾਰਨਾਂ- ਧਰਮ, ਕਰਤੱਵ ਅਤੇ ਨਿਆਂ ਉੱਪਰ ਵਿਚਾਰ ਕਰਦੀ ਹੈ। ਕੀ ਯੁੱਧ ‘ਨਿਆਂਪੂਰਨ’ ਹੋ ਸਕਦਾ ਹੈ?...ਜੋ ਯੁੱਧ ਸਿਰਫ਼ ਘਮੰਡ, ਹਉਮੈ ਅਤੇ ਝੂਠੇ ਵਿਚਾਰਾਂ ਲਈ ਲੜੇ ਜਾਂਦੇ ਹਨ, ਉਹ ਕਦੇ ਵੀ ‘ਨਿਆਂਪੂਰਨ’ ਨਹੀਂ ਹੋ ਸਕਦੇ।’

ਪ੍ਰੋ. ਅਲੀ ਨੇ ਨਾਗਰਿਕਾਂ ਦੀ ਸੁਰੱਖਿਆ ਬਾਬਤ ਮੁਲਕ ਵਿਚ ਚੱਲ ਰਹੀ ਬਹਿਸ ਵਿਚ ਆਪਣੀ ਰਾਇ ਪੇਸ਼ ਕਰਕੇ ਆਪਣਾ ਫਰਜ਼ ਨਿਭਾਇਆ ਹੈ। ਭਗਵਾ ਹਕੂਮਤ ਆਲੋਚਨਾਤਮਕ ਸੰਵਾਦ ਨੂੰ ਦਬਾਉਣਾ ਚਾਹੁੰਦੀ ਹੈ। ਸੰਘ ਦੇ ਫਾਸ਼ੀਵਾਦੀ ਪ੍ਰਾਜੈਕਟ ਤੋਂ ਸਿਵਾਏ ਅਜਿਹੇ ਬੁੱਧੀਮਾਨ, ਦੂਰਅੰਦੇਸ਼ ਵਿਦਵਾਨ ਦੀ ਗ੍ਰਿਫ਼ਤਾਰੀ ਦੀ ਕੀ ਵਾਜਬੀਅਤ ਹੋ ਸਕਦੀ ਹੈ।

ਰੇਜਾਜ਼ ਵਿਰੁੱਧ ਬਣਾਇਆ ਕੇਸ ਇਸ ਤੋਂ ਵੀ ਬੇਤੁਕਾ ਹੈ। ਪੁਲਿਸ ਅਧਿਕਾਰੀਆਂ ਨੂੰ ਪਤਾ ਹੈ ਕਿ ਉਸ ਉੱਪਰ ਲਗਾਏ ਦੋਸ਼ ਕਾਨੂੰਨੀ ਜਾਂਚ ਵਿਚ ਟਿਕ ਨਹੀਂ ਸਕਣਗੇ, ਇਸ ਲਈ ਗ੍ਰਿਫ਼ਤਾਰੀ ਦੇ ਕਾਰਨ ਵਾਰ-ਵਾਰ ਬਦਲੇ ਜਾ ਰਹੇ ਹਨ। ਪਹਿਲਾਂ ਪੁਲਿਸ ਨੇ ਕਿਹਾ ਕਿ ਉਸ ਨੂੰ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਪਰ ‘ਭਾਰਤੀ ਫ਼ੌਜ ਵਿਰੁੱਧ’ ਅਤੇ ‘ਭਾਰਤ ਵਿਰੋਧੀ’ ਟਿੱਪਣੀਆਂ ਕਰਨ ਅਤੇ ਆਪਣੇ ਅਕਾਊਂਟ ਉੱਪਰ ਆਪਣੀ ਦੋਸਤ ਨਾਲ ਦੋ ਹਥਿਆਰਾਂ ਵਾਲੀ ਤਸਵੀਰ ਪੋਸਟ ਕਰਨ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤਾ ਗਿਆ। ਜਾਂਚ ਕਰਨ ’ਤੇ ਸਾਹਮਣੇ ਆਇਆ ਕਿ ਸੰਬੰਧਤ ਤਸਵੀਰ ਨਾਗਪੁਰ ਦੇ ਇਕ ਗੰਨ ਹਾਊਸ ਵਿਚ ਏਅਰਗੰਨਾਂ ਨਾਲ ਲਈ ਸੈਲਫੀ ਹੈ। ਫਿਰ ਉਸ ਉੱਪਰ ਸੀਪੀਆਈ (ਮਾਓਵਾਦੀ), ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਅਤੇ ਹਿਜ਼ਬੁੱਲ ਮੁਜਾਹਿਦੀਨ ਆਦਿ ‘ਪਾਬੰਦੀਸ਼ੁਦਾ’ ਜਥੇਬੰਦੀਆਂ ਨਾਲ ਸੰਪਰਕ ਰੱਖਣ ਦਾ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ ਗਿਆ। ਹੁਣ ਪੁਲਿਸ ਨੇ ਨਵਾਂ ਦੋਸ਼ ਘੜ ਲਿਆ ਕਿ ਉਸਦਾ ਸੰਬੰਧ ਪੁਣੇ ਆਧਾਰਤ ਕਬੀਰ ਕਲਾ ਮੰਚ ਨਾਲ ਹੈ। ਯਾਦ ਰਹੇ ਕਿ ਇਹ ਸੱਭਿਆਚਾਰਕ ਮੰਡਲੀ ਵੀ ਆਵਾਮੀ ਜਾਗਰੂਕਤਾ ਵਾਲੀਆਂ ਪੇਸ਼ਕਾਰੀਆਂ ਕਾਰਨ ਲਗਾਤਾਰ ਪੁਲਿਸ ਜਬਰ ਦਾ ਨਿਸ਼ਾਨਾ ਬਣੀ ਹੋਈ ਹੈ ਅਤੇ ਇਸਦੇ ਤਿੰਨ ਕਲਾਕਾਰ ‘ਭੀਮਾ-ਕੋਰੇਗਾਓਂ’ ਸਾਜ਼ਿਸ਼ ਕੇਸ ਵਿਚ ਫਸਾ ਕੇ ਬਿਨਾ ਜ਼ਮਾਨਤ ਜੇਲ੍ਹ ਵਿਚ ਡੱਕੇ ਹੋਏ ਹਨ।

ਦਰਅਸਲ, ਰੇਜਾਜ਼ ਆਪਣੇ ਆਲੋਚਨਾਤਮਕ ਖ਼ਿਆਲਾਂ ਕਾਰਨ ਹਕੂਮਤ ਦੇ ਨਿਸ਼ਾਨੇ ’ਤੇ ਸੀ। ਉਸਦਾ ਝੁਕਾਅ ਖੱਬੇਪੱਖੀ ਸਿਆਸਤ ਵੱਲ ਹੈ ਅਤੇ ਉਹ ਭਗਵਾ ਹਕੂਮਤ ਦੀਆਂ ਫਾਸ਼ੀਵਾਦੀ ਨੀਤੀਆਂ ਅਤੇ ਲੋਕ ਹੱਕਾਂ ਲਈ ਲਗਾਤਾਰ ਲਿਖਦਾ ਰਹਿੰਦਾ ਸੀ। ਗ੍ਰਿਫ਼ਤਾਰੀ ਤੋਂ ਪਹਿਲਾਂ ਉਹ ਦਿੱਲੀ ਵਿਚ ‘ਕੈਂਪੇਨ ਅਗੇਂਸਟ ਸਟੇਟ ਰਿਪਰੈਸ਼ਨ’ ਦੁਆਰਾ ਆਯੋਜਤ ਪ੍ਰੈੱਸ ਕਾਨਫਰੰਸ ਵਿਚ ਸ਼ਾਮਲ ਹੋਇਆ ਸੀ। ਉੱਥੋਂ ਉਹ ਆਪਣੀ ਇਕ ਦੋਸਤ ਨੂੰ ਮਿਲਣ ਲਈ ਨਾਗਪੁਰ ਚਲਾ ਗਿਆ, ਜਿੱਥੋਂ ਪੁਲਿਸ ਨੇ ਉਨ੍ਹਾਂ ਨੂੰ ਹੋਟਲ ਵਿਚੋਂ ਚੁੱਕ ਲਿਆ। ਉਸਦੀ ਦੋਸਤ ਸਿੰਬਾਇਓਸਿਸ ਲਾਅ ਸਕੂਲ ਵਿਚ ਲਾਅ ਦੀ ਆਖ਼ਰੀ ਸਾਲ ਦੀ ਪੜ੍ਹਾਈ ਕਰ ਰਹੀ ਹੈ। ਸਿਤਮ-ਜ਼ਰੀਫ਼ੀ ਇਹ ਕਿ ਕਾਲਜ ਪ੍ਰਸ਼ਾਸਨ ਨੇ ਉਸ ਕੁੜੀ ਨੂੰ ਮੁਅੱਤਲ ਕਰ ਦਿੱਤਾ ਅਤੇ ਨਾਗਪੁਰ ਹਾਈਕੋਰਟ ਨੇ ਵੀ ਉਸ ਨੂੰ ਕੋਈ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਹੋਰ ਵੀ ਦਿਲਚਸਪ ਇਹ ਹੈ ਕਿ ਪੁਲਿਸ ਨੇ ਰੇਜਾਜ਼ ਦੇ ਘਰੋਂ ਅਤੇ ਉਸ ਦੇ ਕੋਲੋਂ ਜੋ ਕਿਤਾਬਾਂ ‘ਬਰਾਮਦ’ ਕੀਤੀਆਂ ਉਨ੍ਹਾਂ ਵਿਚੋਂ ਕੋਈ ਵੀ ‘ਪਾਬੰਦੀਸ਼ੁਦਾ’ ਨਹੀਂ ਹੈ। ਇਕ ਕਿਤਾਬ ਕਾਰਲ ਮਾਰਕਸ ਦੀ ਹੈ, ਇਕ ਪ੍ਰੋਫੈਸਰ ਸਾਈਬਾਬਾ ਬਾਰੇ, ਇਕ ਲੈਨਿਨ ਦੀ ਸੋਸ਼ਲਿਸਟ ਰਾਜ ਬਾਰੇ, ਅਤੇ ਇਕ ਜਾਤ-ਪਾਤ ਬਾਰੇ ਕੇ. ਮੁਰਲੀ ਦੀ ਲਿਖੀ ‘ਕ੍ਰਿਟੀਕਿੰਗ ਬ੍ਰਾਹਮਨਿਜ਼ਮ’ ਹੈ। ਪੁਲਿਸ ਨੂੰ ਉਸ ਕੋਲੋਂ ‘ਨਜ਼ਰੀਆ’ ਰਸਾਲੇ ਦੀ ਇਕ ਕਾਪੀ ਮਿਲੀ, ਜਿਸ ਦੇ ਆਧਾਰ ’ਤੇ ਦਾਅਵਾ ਕੀਤਾ ਗਿਆ ਕਿ ਉਹ ਪਾਬੰਦੀਸ਼ੁਦਾ ਸੀ.ਪੀ.ਆਈ. (ਮਾਓਵਾਦੀ) ਲਈ ਫੰਡ ਜੁਟਾਉਣ ਵਿਚ ਮਦਦ ਕਰ ਰਿਹਾ ਹੈ। ਹਾਲਾਂਕਿ ਨਾ ਤਾਂ ਨਜ਼ਰੀਆ ਪਾਬੰਦੀਸ਼ੁਦਾ ਹੈ ਅਤੇ ਨਾ ਹੀ ਸਰਕਾਰ ਨੇ ਇਸ ਨੂੰ ਮਾਓਵਾਦੀ ‘ਫਰੰਟ’ ਐਲਾਨਿਆ ਹੈ। ਇਹ ਪੁਲਿਸ ਦੀਆਂ ਮਨਮਾਨੀਆਂ ਦਾ ਨਮੂਨਾ ਹੈ, ਜੋ ਕਿਸੇ ਨੂੰ ਵੀ ਜੇਲ੍ਹ ਵਿਚ ਡੱਕਣ ਲਈ ਕੋਈ ਵੀ ਬੇਹੂਦਾ ਕਹਾਣੀ ਘੜ ਸਕਦੀ ਹੈ ਅਤੇ ਨਿਆਂ ਪ੍ਰਣਾਲੀ ਬਿਨਾ ਕੋਈ ਉਜ਼ਰ ਕੀਤੇ ਪੁਲਿਸ ਦੀਆਂ ਮਨਘੜਤ ਕਹਾਣੀਆਂ ਨੂੰ ਸਵੀਕਾਰ ਕਰਕੇ ਪੁਲਿਸ ਦੀ ਇੱਛਾ ਅਨੁਸਾਰ ਰਿਮਾਂਡ ਦੇਣਾ ਜਾਰੀ ਰੱਖਦੀ ਹੈ।

ਦਰਅਸਲ, ਇਹ ਸਭ ਸਟੇਟ ਦੀਆਂ ਨੀਤੀਆਂ ਦੀਆਂ ਆਲੋਚਕ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ ਦੇ ਪ੍ਰਾਜੈਕਟ ਦਾ ਹਿੱਸਾ ਹੈ। ਇੱਥੋਂ ਤੱਕ ਕਿ ਹਰਮਨ-ਪਿਆਰੇ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੀਆਂ ਨਜ਼ਮਾਂ ਪੜ੍ਹਨ ਨੂੰ ਵੀ ‘ਸ਼ਹਿਰੀ ਨਕਸਲੀ’ ਦੇ ਦਾਇਰੇ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ ਗਿਆ ਹੈ। ਨਾਗਪੁਰ ਪੁਲਿਸ ਨੇ ਇਕ ਕਲਾਕਾਰ ਦੇ ਬਰਸੀ ਸਮਾਗਮ ਵਿਚ ਫ਼ੈਜ਼ ਦੀ ਮਸ਼ਹੂਰ ਨਜ਼ਮ ‘ਹਮ ਦੇਖੇਂਗੇ’ ਪੜ੍ਹੇ ਜਾਣ ’ਤੇ ਆਯੋਜਕਾਂ ਵਿਰੁੱਧ ਪਰਚਾ ਦਰਜ ਕੀਤਾ ਹੈ। ਭਾਰਤ ਦੇ ਆਮ ਨਾਗਰਿਕ ਇਨ੍ਹਾਂ ਗ੍ਰਿਫ਼ਤਾਰੀਆਂ ਤੋਂ ਬੇਖ਼ਬਰ ਹੋਣ ਕਾਰਨ ਅਤੇ ਜ਼ਿਆਦਾਤਰ ਬੌਧਿਕ ਹਲਕੇ ਹਕੂਮਤੀ ਬਿਰਤਾਂਤ ਦੇ ਜ਼ਹਿਰੀਲੇ ਪ੍ਰਭਾਵ ਹੇਠ ਹੋਣ ਕਾਰਨ ਹੁਕਮਰਾਨ ਧਿਰ ਨੂੰ ਆਲੋਚਕ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ ’ਚ ਕੋਈ ਮੁਸ਼ਕਲ ਨਹੀਂ ਆ ਰਹੀ।

# ਜਲਵਾਯੂ ਵਿਗਾੜ ਭੁੱਖਮਰੀ ਵਿਚ ਕਈ ਗੁਣਾ ਵਾਧਾ ਕਰੇਗਾ

ਲੇਖਕ : ਡਾਕਟਰ ਕੇਸਰ ਸਿੰਘ ਭੰਗੂ

ਅੱਜਕੱਲ੍ਹ ਦੁਨੀਆ ਦੇ ਲਗਭਗ ਸਾਰੇ ਦੇਸ਼ ਅਤੇ ਦੁਨੀਆ ਭਰ ਦੀਆਂ ਅਨੇਕਾਂ ਸੰਸਥਾਵਾਂ ਜਲਵਾਯੂ ਤਬਦੀਲੀਆਂ,ਇਨ੍ਹਾਂ ਤਬਦੀਲੀਆਂ ਕਾਰਨ ਹੋਏ ਵਿਗਾੜਾਂ ਅਤੇ ਪਲੀਤ ਹੋਏ ਵਾਤਾਵਰਨ ਨੂੰ ਬਚਾਉਣ ਲਈ ਬਹੁਤ ਉਪਰਾਲੇ ਅਤੇ ਜੱਦੋ-ਜਹਿਦ ਕਰ ਰਹੀਆਂ ਹਨ ਪਰ ਜਲਵਾਯੂ ਅਤੇ ਵਾਤਾਵਰਨ ਨੂੰ ਸੰਭਾਲਣ ਅਤੇ ਬਚਾਉਣ ਦੇ ਇਨ੍ਹਾਂ ਉਪਰਾਲਿਆਂ ਨੂੰ ਹੁਣ ਤੱਕ ਬੂਰ ਪੈਂਦਾ ਦਿਖਾਈ ਨਹੀਂ ਦੇ ਰਿਹਾ, ਕਿਉਂਕਿ ਕਿਸੇ ਕਿਸਮ ਦੇ ਕਾਰਗਰ ਨਤੀਜੇ ਹਾਲੇ ਤੱਕ ਸਾਹਮਣੇ ਨਹੀਂ ਆਏ। ਇਹ ਜ਼ਰੂਰ ਵੇਖਣ 'ਚ ਆਇਆ ਹੈ ਕਿ ਸੰਸਾਰ ਪੱਧਰ 'ਤੇ ਵਾਤਾਵਰਨ ਅਤੇ ਜਲਵਾਯੂ 'ਚ ਵਿਗਾੜ ਅਤੇ ਤਬਦੀਲੀਆਂ ਲਗਭਗ ਹਰ ਦੇਸ਼ 'ਚ ਹਰ ਚੀਜ਼ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਖ਼ਾਸ ਕਰਕੇ ਇਹ ਵਿਗਾੜ ਸਾਡੀਆਂ ਭੋਜਨ ਪ੍ਰਣਾਲੀਆਂ, ਭਾਵ ਭੋਜਨ ਪੈਦਾ ਕਰਨ ਦੇ ਤਰੀਕਿਆਂ ਤੋਂ ਲੈ ਕੇ ਖਪਤ ਤੱਕ ਉੱਪਰ ਬਹੁਤ ਮਾੜੇ ਪ੍ਰਭਾਵ ਪਾਉਂਦੇ ਸਾਫ਼ ਦਿਖਾਈ ਦੇ ਰਹੇ ਹਨ। ਇਸ ਦਾ ਸਿੱਧਾ ਅਤੇ ਸਪੱਸ਼ਟ ਮਤਲਬ ਹੈ ਕਿ ਜਿਹੜੇ ਦੇਸ਼ ਮੁੱਖ ਤੌਰ 'ਤੇ ਖੇਤੀਬਾੜੀ ਅਤੇ ਭੋਜਨ ਪੈਦਾ ਕਰਨ ਵਾਲੇ ਕੰਮਕਾਰਾਂ ਨਾਲ ਸਿੱਧੇ ਅਤੇ ਅਸਿੱਧੇ ਤੌਰ 'ਤੇ ਨਿਰਭਰ ਹਨ, ਉਹ ਦੇਸ਼ ਇਨ੍ਹਾਂ ਵਿਗਾੜਾਂ ਦੇ ਵਧੇਰੇ ਮਾੜੇ ਪ੍ਰਭਾਵ ਝੱਲ ਰਹੇ ਹਨ ਅਤੇ ਉਨ੍ਹਾਂ ਨੂੰ ਭਵਿੱਖ 'ਚ ਹੋਰ ਵੀ ਵਧੇਰੇ ਪ੍ਰਭਾਵ ਝੱਲਣੇ ਪੈਣਗੇ। ਇਹ ਇਕ ਮਹੱਤਵਪੂਰਨ ਗੱਲ ਹੈ ਕਿ ਜਲਵਾਯੂ ਤਬਦੀਲੀਆਂ ਅਤੇ ਵਿਗਾੜਾਂ ਨੂੰ ਗਹਿਰਾ ਕਰਨ 'ਚ ਅਮੀਰ ਦੇਸ਼ਾਂ ਅਤੇ ਅਮੀਰ ਲੋਕਾਂ ਦਾ ਵਧੇਰੇ ਹਿੱਸਾ ਹੈ, ਪਰ ਇਸ ਦਾ ਖਮਿਆਜ਼ਾ ਦੁਨੀਆ ਦੇ ਗ਼ਰੀਬ ਦੇਸ਼ਾਂ ਅਤੇ ਗ਼ਰੀਬ ਲੋਕਾਂ ਨੂੰ ਵਧੇਰੇ ਭੁਗਤਣਾ ਪੈ ਰਿਹਾ ਹੈ। ਭਵਿੱਖ 'ਚ ਇਹ ਹੋਰ ਵੀ ਭੁਗਤਣਾ ਪਵੇਗਾ, ਕਿਉਂਕਿ ਜਿਸ ਕਿਸਮ ਦੇ ਤਰੀਕੇ ਅਪਨਾ ਕੇ ਦੁਨੀਆ ਭਰ 'ਚ ਪਿਛਲੇ ਸਮਿਆਂ 'ਚ ਵਿਕਾਸ ਕੀਤਾ ਗਿਆ ਹੈ, ਉਸ ਨੇ ਸਿੱਧਮ-ਸਿੱਧਾ ਜਲਵਾਯੂ 'ਚ ਬਹੁਤ ਸਾਰੇ ਵਿਗਾੜ ਪੈਦਾ ਕੀਤੇ ਹਨ। ਵਿਕਾਸ ਲਈ ਦੁਨੀਆ ਭਰ 'ਚ ਕੁਦਰਤੀ ਸੋਮਿਆਂ ਦੀ ਲੋੜ ਤੋਂ ਜ਼ਿਆਦਾ ਵਰਤੋਂ ਜਾਂ ਦੁਰਵਰਤੋਂ ਕੀਤੀ ਗਈ ਹੈ ਅਤੇ ਕੀਤੀ ਜਾ ਰਹੀ ਹੈ, ਜਿਸ ਨਾਲ ਦਰਿਆਵਾਂ, ਸਮੁੰਦਰਾਂ, ਪਾਣੀ ਦੇ ਹੋਰ ਸੋਮੇ ਤੇ ਹਵਾ ਦੂਸ਼ਿਤ ਹੋਈ ਹੈ, ਨਾਲ ਹੀ ਜੰਗਲਾਂ ਦੀ ਵੱਡੇ ਪੱਧਰ 'ਤੇ ਕਟਾਈ ਅਤੇ ਖੇਤੀਬਾੜੀ ਕਰਨ ਦੇ ਢੰਗ-ਤਰੀਕਿਆਂ ਨੇ ਵੀ ਵਾਤਾਵਰਨ ਨੂੰ ਖ਼ਰਾਬ ਕੀਤਾ ਹੈ। ਵਾਤਾਵਰਨ ਦੀ ਸੰਭਾਲ ਦੀ ਅਣਹੋਂਦ ਅਤੇ ਘਾਟ ਨੇ ਵੀ ਇਸ ਨੂੰ ਹੋਰ ਗਹਿਰਾਇਆ ਹੈ। ਭਾਰਤ ਵੀ ਜਲਵਾਯੂ ਤਬਦੀਲੀਆਂ ਅਤੇ ਵਿਗਾੜਾਂ ਤੋਂ ਬਚ ਨਹੀਂ ਸਕਿਆ ਅਤੇ ਇਨ੍ਹਾਂ ਤਬਦੀਲੀਆਂ ਨੇ ਪਾਣੀ, ਹਵਾ ਅਤੇ ਕੁਦਰਤ ਦੇ ਹੋਰ ਸੋਮਿਆਂ ਨੂੰ ਬਹੁਤ ਪਲੀਤ ਕੀਤਾ ਹੈ।



ਭਾਰਤ ਦੁਨੀਆ ਦਾ ਇਕ ਖੇਤੀਬਾੜੀ ਪ੍ਰਧਾਨ ਦੇਸ਼ ਹੈ ਅਤੇ ਇਹ ਵੱਡੀ ਅਤੇ ਵਧ ਰਹੀ ਅਰਥਵਿਵਸਥਾ ਹੈ, ਜਿਸ ਕੋਲ ਦੁਨੀਆ ਦਾ ਸਭ ਤੋਂ ਵੱਡਾ ਵਾਹੀਯੋਗ/ਖੇਤੀਯੋਗ ਜ਼ਮੀਨੀ ਖੇਤਰ ਹੈ। ਖੇਤੀਬਾੜੀ ਭਾਰਤੀ ਲੋਕਾਂ ਦੀ ਰੋਜ਼ੀ-ਰੋਟੀ ਦਾ ਸਭ ਤੋਂ ਵੱਡਾ ਸਰੋਤ ਹੈ ਅਤੇ ਖੇਤੀਬਾੜੀ ਖੇਤਰ ਦੇਸ਼ ਦੇ ਕੁੱਲ ਘਰੇਲੂ ਉਤਪਾਦ 'ਚ ਬਹੁਤ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਵੇਲੇ ਦੇਸ਼ ਭੋਜਨ ਦੀ ਅਤਿਅੰਤ ਘਾਟ ਵਾਲੇ ਦੇਸ਼ਾਂ 'ਚ ਸ਼ਾਮਿਲ ਸੀ, ਪਰ ਹੌਲੀ-ਹੌਲੀ ਖੇਤੀ ਖੇਤਰ 'ਚ ਸੁਧਾਰਾਂ ਨਾਲ ਖੇਤੀ ਉਤਪਾਦਨ ਅਤੇ ਉਤਪਾਦਕਤਾ 'ਚ ਵਾਧਾ ਹੋਣ ਨਾਲ ਦੇਸ਼ ਖ਼ੁਰਾਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਦੇਸ਼ਾਂ 'ਚ ਸ਼ਾਮਿਲ ਹੋ ਗਿਆ। ਇਸ ਦੇ ਬਾਵਜੂਦ ਵੀ ਦੇਸ਼ 'ਚ ਬੱਚਿਆਂ, ਔਰਤਾਂ ਅਤੇ ਗ਼ਰੀਬਾਂ ਦੀ ਪੌਸ਼ਟਿਕ ਅਤੇ ਸਹੀ ਗੁਣਵੱਤਾ ਵਾਲੇ ਭੋਜਨ ਤੱਕ ਵਿਆਪਕ ਪਹੁੰਚ ਦੀ ਘਾਟ ਨੇ ਸਿਹਤ-ਸੰਬੰਧਿਤ ਸਮੱਸਿਆਵਾਂ ਅਤੇ ਮੁੱਦਿਆਂ ਨੂੰ ਜਨਮ ਦਿੱਤਾ ਹੈ। ਜਿਵੇਂ ਕਿ ਭਾਰਤ 'ਚ ਦੁਨੀਆ ਦੇ ਸਭ ਤੋਂ ਵੱਧ ਕੁਪੋਸ਼ਿਤ ਬੱਚੇ ਵੇਖਣ ਨੂੰ ਮਿਲਦੇ ਹਨ, ਨਾਲ ਹੀ ਵੱਡੀ ਗਿਣਤੀ 'ਚ ਅਤਿ ਗ਼ਰੀਬ ਆਬਾਦੀ ਲਈ ਖ਼ੁਰਾਕ ਸੁਰੱਖਿਆ ਵੀ ਯਕੀਨੀ ਨਹੀਂ ਹੈ। ਇਨ੍ਹਾਂ ਸਭ ਦੇ ਵਿਚਕਾਰ, ਜਲਵਾਯੂ ਪਰਿਵਰਤਨ ਦੇ ਵਿਆਪਕ ਮਾੜੇ ਪ੍ਰਭਾਵ ਇਨ੍ਹਾਂ ਅਲਾਮਤਾਂ ਨੂੰ ਹੋਰ ਗਹਿਰਾ ਕਰ ਰਹੇ ਹਨ ਅਤੇ ਵਧੇਰੇ ਟਿਕਾਊ ਅਤੇ ਬਰਾਬਰ ਭੋਜਨ ਵੰਡ ਪ੍ਰਣਾਲੀਆਂ 'ਚ ਰੁਕਾਵਟਾਂ ਵੀ ਖੜ੍ਹੀਆਂ ਕਰ ਰਹੇ ਹਨ। ਇਸ ਸੰਦਰਭ 'ਚ ਦੇਸ਼ 'ਚ ਵਾਤਾਵਰਨ ਤਬਦੀਲੀਆਂ ਦੇ ਵਿਗਾੜਾਂ ਖ਼ਾਸ ਕਰਕੇ ਖੇਤੀ ਜਿਣਸਾਂ ਦੇ ਉਤਪਾਦਨ 'ਚ ਘਾਟ, ਭੁੱਖਮਰੀ ਦੀ ਸਥਿਤੀ ਨੂੰ ਜਾਣਨ ਲਈ ਅਤੇ ਇਨ੍ਹਾਂ ਪ੍ਰਭਾਵਾਂ ਨੂੰ ਘਟਾਉਣ ਲਈ, ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ (96ਫ਼9) ਦੀਆਂ ਰਿਪੋਰਟਾਂ ਅਤੇ ਇਸ ਸੰਬੰਧੀ ਹੋਰ ਰਿਪੋਰਟਾਂ ਉੱਤੇ ਨਿਗ੍ਹਾ ਮਾਰਨੀ ਚਾਹੀਦੀ ਹੈ ਤਾਂ ਕਿ ਜਲਵਾਯੂ ਤਬਦੀਲੀਆਂ, ਖੇਤੀ ਉਤਪਾਦਨ ਅਤੇ ਭੁੱਖਮਰੀ ਸੰਬੰਧੀ ਬਦਲ ਰਹੀਆਂ ਸਥਿਤੀਆਂ ਨੂੰ ਸਮਝਿਆ ਜਾ ਸਕੇ।

ਹਥਲੇ ਲੇਖ 'ਚ ਇਨ੍ਹਾਂ ਰਿਪੋਰਟਾਂ 'ਚ ਜਲਵਾਯੂ ਅਤੇ ਵਾਤਾਵਰਨ ਤਬਦੀਲੀਆਂ ਅਤੇ ਵਿਗਾੜਾਂ ਦੇ ਖੇਤੀ ਖੇਤਰ ਅਤੇ ਅੰਨ ਸੁਰੱਖਿਆ ਤੇ ਭੁੱਖਮਰੀ 'ਤੇ ਕੀ ਪ੍ਰਭਾਵ ਪੈਣ ਦੀਆਂ ਪੇਸ਼ੀਨਗੋਈਆਂ ਕੀਤੀਆਂ ਗਈਆਂ ਅਤੇ ਇਨ੍ਹਾਂ ਵਿਗਾੜਾਂ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਕੀ ਕੀਤਾ ਜਾਵੇ ਦੇ ਵਿਸ਼ੇ 'ਤੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਭ ਤੋਂ ਪਹਿਲਾਂ ਜੇ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਖੇਤੀਬਾੜੀ ਖੇਤਰ ਅਤੇ ਖੇਤੀ ਜਿਣਸਾਂ ਦੇ ਉਤਪਾਦਨ ਉੱਤੇ ਜਲਵਾਯੂ ਪਰਿਵਰਤਨ ਸਭ ਤੋਂ ਵੱਧ ਮਾੜੇ ਪ੍ਰਭਾਵ ਪਾਉਂਦੇ ਨਜ਼ਰ ਆਉਂਦੇ ਹਨ। ਇਨ੍ਹਾਂ ਮਾੜੇ ਪ੍ਰਭਾਵਾਂ 'ਚ ਮੁੱਖ ਤੌਰ 'ਤੇ, ਮਿੱਟੀ ਦੀ ਉਪਜਾਊ ਸ਼ਕਤੀ ਦਾ ਘਟਣਾ, ਖੇਤੀ ਉਪਜ ਦੀ ਉਤਪਾਦਕਤਾ ਘਟਣਾ ਤੇ ਕੀੜਿਆਂ ਅਤੇ ਹੋਰ ਚੁਣੌਤੀਆਂ ਦੇ ਵਧਦੇ ਹੋਏ ਖ਼ਤਰੇ, ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਹੋਣਾ ਅਤੇ ਖ਼ਤਮ ਹੋ ਜਾਣਾ ਅਤੇ ਵਪਾਰਕ ਅਤੇ ਹੋਰ ਕੰਮਾਂ ਲਈ ਖੇਤੀਬਾੜੀ ਹੇਠਲੀ ਜ਼ਮੀਨ ਦਾ ਵੱਡੇ ਪੱਧਰ 'ਤੇ ਤਬਦੀਲ ਹੋਣਾ ਆਦਿ ਹਨ। ਗਲੋਬਲ ਫੂਡ ਪਾਲਿਸੀ ਦੇ ਅੰਦਾਜ਼ਿਆਂ ਅਨੁਸਾਰ ਵਿਸ਼ਵ ਪੱਧਰ 'ਤੇ 2050 ਤੱਕ ਭੋਜਨ ਉਤਪਾਦਨ 8 ਪ੍ਰਤੀਸ਼ਤ ਘਟਣ ਦੇ ਖ਼ਦਸ਼ੇ ਪ੍ਰਗਟਾਏ ਗਏ ਹਨ। ਭਾਰਤ 'ਚ ਕੁੱਲ ਭੋਜਨ ਉਤਪਾਦਨ 'ਚ 16 ਪ੍ਰਤੀਸ਼ਤ ਦੀ ਕਮੀ ਦਾ ਅਨੁਮਾਨ ਲਗਾਇਆ ਗਿਆ ਹੈ, ਜੋ ਕਿ ਦੱਖਣੀ ਏਸ਼ਿਆਈ ਖੇਤਰ 'ਚ ਸਭ ਤੋਂ ਵੱਧ ਹੈ। ਦੂਜੇ ਦੇਸ਼ਾਂ 'ਚ, ਸੰਯੁਕਤ ਰਾਜ ਅਮਰੀਕਾ ਲਈ ਅਨੁਮਾਨ 34 ਪ੍ਰਤੀਸ਼ਤ, ਆਸਟ੍ਰੇਲੀਆ ਲਈ 18 ਪ੍ਰਤੀਸ਼ਤ, ਜਾਪਾਨ ਲਈ 17 ਪ੍ਰਤੀਸ਼ਤ, ਬਰਤਾਨੀਆ ਲਈ 7 ਪ੍ਰਤੀਸ਼ਤ ਅਤੇ ਚੀਨ ਲਈ 5 ਪ੍ਰਤੀਸ਼ਤ ਉਤਪਾਦਨ ਘਟਣ ਦਾ ਅਨੁਮਾਨ ਹੈ। ਇਨ੍ਹਾਂ ਅੰਕੜਿਆਂ ਤੋਂ ਸਾਫ਼ ਪਤਾ ਲਗਦਾ ਹੈ ਕਿ ਆਉਣ ਵਾਲੇ ਸਮੇਂ 'ਚ ਖੇਤੀ ਜਿਣਸਾਂ ਦੀ ਪੈਦਾਵਾਰ ਘੱਟਣ ਕਾਰਨ ਦੁਨੀਆ 'ਚ ਖ਼ੁਰਾਕ ਸੁਰੱਖਿਆ ਨੂੰ ਢਾਹ ਲੱਗੇਗੀ, ਖ਼ਾਸ ਕਰਕੇ ਗ਼ਰੀਬ ਲੋਕਾਂ ਅਤੇ ਗ਼ਰੀਬ ਦੇਸ਼ਾਂ 'ਚ ਪੌਸ਼ਟਿਕ ਭੋਜਨ ਅਤੇ ਲੋੜੀਂਦਾ ਭੋਜਨ ਪਹੁੰਚ ਤੋਂ ਬਾਹਰ ਹੋ ਜਾਵੇਗਾ। ਅਜਿਹੀ ਸਥਿਤੀ 'ਚ ਇਹ ਸੁਭਾਵਿਕ ਹੈ ਕਿ ਵਪਾਰੀ ਅਤੇ ਕਾਰਪੋਰੇਟ ਘਰਾਣੇ ਆਪਣੇ ਮੁਨਾਫ਼ੇ ਲਈ ਖੇਤੀ ਜਿਣਸਾਂ ਦੀ ਜ਼ਖ਼ੀਰੇਬਾਜ਼ੀ ਅਤੇ ਕਾਲਾਬਾਜ਼ਾਰੀ ਕਰਨ ਤੋਂ ਸੰਕੋਚ ਨਹੀਂ ਕਰਨਗੇ। ਨਤੀਜੇ ਵਜੋਂ ਸੰਸਾਰ ਪੱਧਰ 'ਤੇ ਭੁੱਖਮਰੀ ਦੀ ਕਗਾਰ 'ਤੇ ਖੜ੍ਹੇ ਲੋਕਾਂ ਦੀ ਗਿਣਤੀ 'ਚ ਵਾਧਾ ਹੋਵੇਗਾ।

ਅੰਦਾਜ਼ਿਆਂ ਮੁਤਾਬਿਕ 2030 ਤੱਕ ਵਿਸ਼ਵ ਪੱਧਰ 'ਤੇ, ਲਗਭਗ 6.5 ਕਰੋੜ ਹੋਰ ਲੋਕ ਜਲਵਾਯੂ ਪਰਿਵਰਤਨ ਦੇ ਵਿਗਾੜਾਂ ਕਾਰਨ ਭੁੱਖਮਰੀ ਦੇ ਖ਼ਤਰੇ 'ਚ ਚਲੇ ਜਾਣਗੇ। ਆਲਮੀ ਜਲਵਾਯੂ ਤਬਦੀਲੀ-ਪ੍ਰੇਰਿਤ ਭੁੱਖਮਰੀ ਦੇ ਜੋਖ਼ਮ 'ਚ ਪਹੁੰਚਣ ਵਾਲੇ ਦੇਸ਼ਾਂ ਦੀ ਗਿਣਤੀ 'ਚ ਦੱਖਣੀ ਏਸ਼ੀਆ, ਭਾਰਤ ਸਮੇਤ, ਸਭ ਤੋਂ ਉੱਪਰ ਹੈ। ਸਾਡੇ ਦੇਸ਼ 'ਚ ਸਾਰੀ ਦੁਨੀਆ ਤੋਂ ਵੱਧ ਲਗਭਗ 1.7 ਕਰੋੜ ਹੋਰ ਲੋਕ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਜਾਣਗੇ, ਦੂਜੇ ਸਥਾਨ 'ਤੇ ਡੈਮੋਕ੍ਰੇਟਿਕ ਰੀਪਬਲਿਕ ਆਫ਼ ਕਾਂਗੋ 'ਚ 48 ਲੱਖ ਵਾਧੂ ਲੋਕ ਭੁੱਖਮਰੀ ਦੇ ਖ਼ਤਰੇ 'ਚ ਚਲੇ ਜਾਣਗੇ। ਇੱਥੇ ਹੀ ਬਸ ਨਹੀਂ ਇਹ ਵੀ ਅੰਦਾਜ਼ੇ ਲਗਾਏ ਗਏ ਹਨ ਕਿ ਜੇਕਰ ਜਲਵਾਯੂ ਤਬਦੀਲੀਆਂ ਅਤੇ ਵਿਗਾੜ ਪੈਦਾ ਤਾਂ ਭਾਰਤ 'ਚ 2030 ਤੱਕ ਭੁੱਖਮਰੀ ਦੀ ਕਗਾਰ 'ਤੇ ਖੜ੍ਹੇ ਲੋਕਾਂ ਦੀ ਗਿਣਤੀ 7.39 ਕਰੋੜ ਰਹਿਣੀ ਸੀ, ਪਰ 2050 ਤੱਕ ਘਟ ਕੇ 4.5 ਕਰੋੜ ਰਹਿ ਜਾਣੀ ਸੀ। ਜੇਕਰ ਜਲਵਾਯੂ ਤਬਦੀਲੀਆਂ ਅਤੇ ਵਿਗਾੜ ਇਵੇਂ ਹੀ ਜਾਰੀ ਰਹਿੰਦੇ ਹਨ ਤਾਂ 2030 'ਚ ਭਾਰਤ 'ਚ ਭੁੱਖਮਰੀ ਦੀ ਕਗਾਰ 'ਤੇ ਖੜ੍ਹੇ ਲੋਕਾਂ ਦੀ ਗਿਣਤੀ 9.06 ਕਰੋੜ ਹੋ ਜਾਵੇਗੀ। ਇਹ ਸਪੱਸ਼ਟ ਹੈ ਕਿ ਜਲਵਾਯੂ ਪਰਿਵਰਤਨ ਅਤੇ ਵਿਗਾੜ ਵਿਸ਼ਵ ਪੱਧਰ 'ਤੇ ਕੁੱਲ ਭੋਜਨ ਉਤਪਾਦਨ 'ਚ ਬਦਲਾਅ ਲਿਆ ਸਕਦੇ ਹਨ। ਨਾਲ ਹੀ ਇਹ ਵਰਨਣਯੋਗ ਹੈ ਕਿ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਲੰਬੇ ਸਮੇਂ ਤੱਕ ਚੱਲਣ ਵਾਲੇ ਹਨ। ਜੇਕਰ ਜਲਵਾਯੂ ਤਬਦੀਲੀਆਂ ਦੇ ਮਾੜੇ ਪ੍ਰਭਾਵਾਂ ਦਾ ਕੋਈ ਹੱਲ ਨਾ ਕੀਤਾ ਗਿਆ ਤਾਂ ਕਰੋੜਾਂ ਲੋਕ ਖ਼ਾਸ ਕਰਕੇ ਗ਼ਰੀਬ ਭੁੱਖਮਰੀ ਅਤੇ ਮੌਤ ਦੇ ਖ਼ਤਰੇ 'ਚ ਪੈ ਜਾਣਗੇ ।

ਹੁਣ ਅੰਤ 'ਚ ਜੇ ਗੱਲ ਕਰੀਏ ਤਾਂ ਰਿਪੋਰਟਾਂ ਨੇ ਜਲਵਾਯੂ ਤਬਦੀਲੀਆਂ ਅਤੇ ਵਿਗਾੜਾਂ ਦੇ ਕੁਝ ਪ੍ਰਮੁੱਖ ਕਾਰਨ ਦੱਸੇ ਹਨ ਅਤੇ ਉਨ੍ਹਾਂ ਨੂੰ ਠੀਕ ਕਰਨ ਲਈ ਕੁਝ ਸੁਝਾਅ ਵੀ ਦਿੱਤੇ ਹਨ। ਜਲਵਾਯੂ ਪਰਿਵਰਤਨ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਮੁੱਖ ਕਾਰਨਾਂ 'ਚ ਮੱਧਮ ਅਤੇ ਅਤਿਅੰਤ ਤਾਪਮਾਨਾਂ 'ਚ ਵਾਧਾ ਅਤੇ ਇਸ ਰੁਝਾਨ ਦੇ ਜਾਰੀ ਰਹਿਣ ਦੀ ਉੱਚੀਆਂ ਸੰਭਾਵਨਾਵਾਂ ਹਨ। ਹਿਮਾਲਿਅਨ ਗਲੇਸ਼ੀਅਰਾਂ ਪਿਘਲਣ ਦੀ ਬੇਮਿਸਾਲ ਦਰ ਅਤੇ ਗਰਮੀ ਵਧਣ ਅਤੇ ਵਧੀ ਹੋਈ ਔਸਤ ਵਰਖਾ ਕਾਰਨ ਮੌਨਸੂਨ ਦੀਆਂ ਤਬਾਹੀ ਵਾਲੀਆਂ ਬਾਰਿਸ਼ਾਂ ਵਿਚ ਵਾਧਾ ਹੋ ਰਿਹਾ ਹੈ। ਜਲਵਾਯੂ ਪਰਿਵਰਤਨ ਅਤੇ ਵਿਗਾੜਾਂ ਦੇ ਇਨ੍ਹਾਂ ਖ਼ਤਰਿਆਂ ਦੇ ਭਵਿੱਖ 'ਚ ਹੋਰ ਵਧਣ ਅਤੇ ਗਹਿਰੇ ਹੋਣ ਦਾ ਅਨੁਮਾਨ ਹੈ। ਰਿਪੋਰਟਾਂ ਦੇ ਅਨੁਸਾਰ, 2100 ਤੱਕ ਪੂਰੇ ਭਾਰਤ 'ਚ ਔਸਤ ਤਾਪਮਾਨ 2.4 ਡਿਗਰੀ ਸੈਲਸੀਅਸ ਅਤੇ 4.4 ਡਿਗਰੀ ਸੈਲਸੀਅਸ ਦੇ ਵਿਚਕਾਰ ਵਧਣ ਦਾ ਅਨੁਮਾਨ ਹੈ। ਇਸੇ ਤਰ੍ਹਾਂ, ਭਾਰਤ 'ਚ 2100 ਤੱਕ ਗਰਮੀ ਦੀਆਂ ਲਹਿਰਾਂ 'ਚ ਤਿੰਨ ਗੁਣਾ ਜਾਂ ਚਾਰ ਗੁਣਾ ਵਾਧਾ ਹੋਣ ਦਾ ਵੀ ਅਨੁਮਾਨ ਹੈ। ਜਲਵਾਯੂ ਪਰਿਵਰਤਨ ਅਤੇ ਵਿਗਾੜਾਂ ਦੇ ਇਨ੍ਹਾਂ ਪ੍ਰਭਾਵਾਂ ਦਾ ਅਧਿਐਨ ਕਰਨ ਤੋਂ ਬਾਅਦ, ਰਿਪੋਰਟਾਂ ਇਨ੍ਹਾਂ ਪ੍ਰਭਾਵਾਂ ਨੂੰ ਕੁਝ ਘਟਾਉਣ ਵਾਲੇ ਉਪਾਵਾਂ ਦਾ ਪ੍ਰਸਤਾਵ ਵੀ ਕਰਦੀਆਂ ਹਨ। ਫ਼ਸਲੀ ਵੰਨ-ਸੁਵੰਨਤਾ ਨੂੰ ਅਪਣਾਉਣਾ ਸਭ ਤੋਂ ਮਹੱਤਵਪੂਰਨ ਹੱਲ ਸੁਝਾਇਆ ਗਿਆ ਹੈ। ਖੇਤੀਬਾੜੀ 'ਚ ਉਹ ਫ਼ਸਲਾਂ ਬੀਜਣ ਦੀ ਸਲਾਹ ਦਿੱਤੀ ਗਈ ਹੈ, ਜੋ ਜਲਵਾਯੂ ਉੱਤੇ ਮਾੜਾ ਪ੍ਰਭਾਵ ਨਾ ਪਾਉਂਦੀਆਂ ਹੋਣ। ਨਾਲ ਹੀ ਖੇਤੀਬਾੜੀ ਖੋਜ ਅਤੇ ਵਿਕਾਸ 'ਚ ਜਨਤਕ ਨਿਵੇਸ਼ ਵਧਾਉਣਾ ਚਾਹੀਦਾ ਹੈ। ਇੱਥੇ ਦੱਸਣਯੋਗ ਹੈ ਕਿ ਭਾਰਤ 'ਚ ਖੇਤੀਬਾੜੀ 'ਚ ਜਨਤਕ ਨਿਵੇਸ਼ ਨਿਗੂਣਾ ਹੈ, ਇਸ ਨੂੰ ਵਧਾਉਣਾ ਸਮੇਂ ਦੀ ਲੋੜ ਹੈ।

ਖੇਤੀ ਮਸ਼ੀਨੀਕਰਨ ਅਤੇ ਮਿੱਟੀ ਦੀ ਨਮੀ ਦੀ ਸੰਭਾਲ ਨੂੰ ਫੌਰੀ ਅਤੇ ਤਰਜੀਹੀ ਆਧਾਰ 'ਤੇ ਅਪਣਾਉਣਾ ਚਾਹੀਦਾ ਹੈ। ਖਾਦ ਸਬਸਿਡੀਆਂ, ਊਰਜਾ ਨੀਤੀ ਅਤੇ ਖੇਤੀਬਾੜੀ ਸਹਾਇਤਾ ਵਿਧੀਆਂ 'ਚ ਸੁਧਾਰਾਂ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਭੋਜਨ ਪ੍ਰਣਾਲੀ ਦੇ ਸਹੀ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਨਵੀਆਂ ਸੰਸਥਾਵਾਂ ਦੀ ਸਥਾਪਨਾ ਸਮੇਂ ਦੀ ਲੋੜ ਹੈ ਅਤੇ ਮਹਾਂਮਾਰੀਆਂ ਦੌਰਾਨ ਖੇਤੀਬਾੜੀ ਭੋਜਨ ਪ੍ਰਣਾਲੀਆਂ ਦੁਆਰਾ ਪ੍ਰਦਰਸ਼ਿਤ ਲਚਕਤਾ ਦਾ ਲਾਭ ਉਠਾਉਣਾ ਅਤੇ ਇਸ ਸੈਕਟਰ ਨੂੰ ਵਧੇਰੇ ਸੰਮਿਲਤ, ਟਿਕਾਊ ਅਤੇ ਲਚਕੀਲਾ ਬਣਾਉਣਾ ਬਹੁਤ ਮਹੱਤਵਪੂਰਨ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

NOW HIRING
Carpenter,
full time work permanent
Duties: Construct, installs, and repairs wooden structures.
1 year carpentry experience needed,
No formal language requirement
$35 per hour
Job is in Surrey, BC
Natt Star Homes Ltd.
Address: 14257 Park Drive Surrey, BC V3R5P1
Email: Setforfuture@gmail.com



# ਹੁਕਮਰਾਨਾਂ ਦੀ ਕਾਲੀ ਨੀਤੀ ਦਾ ਦੌਰ

## ਓਪਰੇਸ਼ਨ ਬਲਿਊ ਸਟਾਰ ਦੇ ਚਸ਼ਮਦੀਦ ਗਵਾਹ ਦੀ ਜ਼ੁਬਾਨੀ

ਦੇਸ਼ ਦੀ ਵੰਡ ਵਿੱਚ ਭੋਗੇ ਦੁਖਾਂਤ ਤੋਂ ਬਾਅਦ ਜੂਨ 1984 ਵਿੱਚ ਵਾਪਰੀ 'ਓਪਰੇਸ਼ਨ ਬਲਿਊ ਸਟਾਰ ਦੀ ਘਟਨਾ ਪੰਜਾਬ ਲਈ ਸਭ ਤੋਂ ਵੱਧ ਮਹੱਤਵਪੂਰਨ ਘਟਨਾ ਹੈ, ਜਿਸ ਦਾ ਮਾੜਾ ਪ੍ਰਭਾਵ ਪੰਜਾਬ ਦੇ ਜਨ ਜੀਵਨ ਤੇ ਸਦੀਆਂ ਤੱਕ ਮਹਿਸੂਸ ਕੀਤਾ ਜਾਂਦਾ ਰਹੇਗਾ, ਪਰ ਇਸ ਮਹੱਤਵਪੂਰਨ ਘਟਨਾ ਦੇ ਅਸਲੀ ਹਾਲਾਤ ਤੋਂ ਜਨਤਾ ਨੂੰ ਜਾਣੂ ਕਰਵਾਉਣ ਦਾ ਕੋਈ ਸਮਰੱਥਕ ਯਤਨ ਨਹੀਂ ਹੋਇਆ। ਇਹ ਠੀਕ ਹੈ ਕਿ ਸਰਕਾਰ ਨੇ "ਵਾਈਟ ਪੇਪਰ " ਛਾਪ ਕੇ ਇਸ ਅਤਿ ਘਿਨਾਉਣੀ ਦੁਰਘਟਨਾ ਤੇ ਪੋਚਾ ਫੇਰਨ ਦਾ ਯਤਨ ਕੀਤਾ ਹੈ ਪਰ ਉਸ ਵਿੱਚ ਵਰਨਣ ਕੀਤੇ ਹਾਲਾਤ ਦਾ ਜੇ ਜਰਾ ਬਾਰੀਕੀ ਨਾਲ ਵਿਸ਼ਲੇਸਣ ਕੀਤਾ ਜਾਵੇ ਤਾਂ ਬਿਰਤਾਂਤ ਦਾ ਸਾਰਾ ਖੋਖਲਾਪਣ ਉੱਘੜ ਆਉਂਦਾ ਹੈ। ਇਸ ਉਪਰੰਤ ਓਪਰੇਸਨ ਬਲਿਊ ਸਟਾਰ ਬਾਰੇ ਕਈ ਕਿਤਾਬਾਂ ਪ੍ਰਕਾਸ਼ਿਤ ਹੋਈਆਂ ਹਨ ਪਰ ਇੰਨ੍ਹਾਂ ਵਿੱਚ ਦਰਜ ਸਮੱਗਰੀ ਉਹੀ ਹੈ ਜੋ ਸਰਕਾਰੀ ਖੁਫੀਆਂ ਏਜੰਸੀਆਂ ਨੇ ਪਲਾਂਟ ਕੀਤੀ ਹੈ। ਇੰਨ੍ਹਾਂ ਸਾਰੇ ਲੇਖਕਾਂ ਨੇ ਆਪ ਕੋਈ ਖੋਜ ਨਹੀ ਕੀਤੀ। ਸਰਕਾਰ ਨੇ ਉਹੋ ਸੂਚਨਾ ਉਪਲਬੱਧ ਕੀਤੀ ਹੈ ਜਿਸ ਨਾਲ ਅਸਲ ਹਾਲਾਤ ਦੀ ਪਰਦਾਪੋਸ਼ੀ ਹੁੰਦੀ ਹੈ। 'ਓਪਰੇਸ਼ਨ ਬਲਿਊ ਸਟਾਰ ਬਾਰੇ ਉਹੋ ਕੋਈ ਪਰਮਾਣਿਕ ਪੁਸਤਕ ਲਿਖ ਸਕਦਾ ਹੈ ਜਿਸ ਨੇ ਇਸ ਘਟਨਾ ਵਿੱਚ ਆਪ ਭਾਗ ਲਿਆ ਹੋਵੇ ਜਾਂ ਇਸ ਦੀ ਪਹੁੰਚ ਸਰਕਾਰੀ ਦਸਤਾਵੇਜਾਂ ਤੱਕ ਹੋਵੇ। ਪਰ ਮੰਦੇਭਾਗੀ ਅਜਿਹਾ ਕੁਝ ਨਹੀ ਹੋ ਰਿਹਾ। ਜਰਨਲ ਬਰਾੜ, ਜਿਸਨੇ ਇਸ ਓਪਰੇਸਨ ਦੀ ਕਮਾਨ ਕੀਤੀ ਸੀ ਨੇ ਵੀ ਭਾਵੇਂ ਆਪਣੀ ਕਿਤਾਬ ਦਾ ਨਾਂ " ਸੱਚੀ ਕਹਾਣੀ" ਰੱਖਿਆ ਹੈ ਪਰ ਉਸ ਦੀ ਭੂਮਿਕਾ ਪੜ੍ਹ ਕੇ ਹੀ ਪਤਾ ਲੱਗ ਜਾਂਦਾ ਹੈ ਕਿ ਇਸ ਪੁਸਤਕ ਵਿੱਚ ਦਰਸਾਇਆ ਗਿਆ 'ਸੱਚ" ਕੇਵਲ ਉਹ ਹੈ ਜਿਸ ਤੇ ਸਰਕਾਰ ਨੇ ਪ੍ਰਵਾਨਗੀ ਦੀ ਮੋਹਰ ਲਾਈ ਹੈ।

ਸ੍ਰੀ ਜਗਦੀਸ ਚੰਦਰ ਹਿੰਦੀ ਦੇ ਵਿਸ਼ਵ ਪ੍ਰਸਿੱਧੀ ਵਾਲੇ ਨਾਵਲਕਾਰ ਹਨ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਹਮਲੇ ਦਾ ਕੁਝ ਭਾਗ ਅੱਖੀਂ ਦੇਖਿਆ ਸੀ। ਇਸ ਤੋਂ ਇਲਾਵਾ ਇਸ ਲੇਖਕ ਨੂੰ ਦੋ ਹੋਰ ਮਹੱਤਵਪੂਰਨ ਉਤਮਤਾਵਾਂ ਪ੍ਰਾਪਤ ਸਨ।



ਪਹਿਲੀ ਇਹ ਕਿ ਉਹ ਇਸ ਹਮਲੇ ਤੋਂ ਪਹਿਲਾ ਵੀ ਦਰਬਾਰ ਸਾਹਿਬ ਆਮ ਜਾਂਦੇ ਸਨ ਅਤੇ ਉਨ੍ਹਾਂ ਨੂੰ ਇਸ ਹਮਲੇ ਤੋਂ ਪਹਿਲਾ ਦੇ ਦਰਬਾਰ ਸਾਹਿਬ ਦੇ ਵਾਤਾਵਰਣ ਦਾ ਪੂਰਾ ਪੂਰਾ ਗਿਆਨ ਸੀ।

ਸੰਤ ਭਿੰਡਰਾਂਵਾਲੇ ਨਾਲ ਉਨ੍ਹਾਂ ਦਾ ਚੰਗਾ ਮੇਲ ਜੋਲ ਸੀ। ਦੋਹਾਂ ਦਾ ਸਮਕਾਲੀ ਸਥਿਤੀ ਬਾਰੇ ਵਿਚਾਰ-ਵਟਾਂਦਰਾ ਚੱਲਦਾ ਰਹਿੰਦਾ ਸੀ। ਦੂਸਰੇ ਇੱਕ ਯੋਗ ਲੇਖਕ ਹੋਣ ਦੇ ਨਾਤੇ ਉਨ੍ਹਾਂ ਨੂੰ ਸਾਰੇ ਹਾਲਾਤ ਨੂੰ ਬਿਆਨ ਕਰਨ ਵਿੱਚ ਕੋਈ ਦਿੱਕਤ ਨਹੀਂ ਸੀ। ਅੱਜ ਤੱਕ ਸ੍ਰੀ ਹਰਿਮੰਦਰ ਸਾਹਿਬ ਤੇ ਹਮਲੇ ਸਬੰਧੀ ਜੋ ਵੀ ਚਰਚਾ ਛਪੀ ਹੈ। ਉਸ ਤੇ ਇੱਕ ਜਾਂ ਦੂਸਰੀ ਧਿਰ ਦੀ ਤਰਫਾਦਾਰੀ ਦਾ ਇਲਜਾਮ ਲੱਗਦਾ ਰਿਹਾ ਹੈ। ਪਰ ਜਗਦੀਸ ਚੰਦਰ ਦਾ ਓਪਰੇਸ਼ਨ ਬਲਿਊ ਸਟਾਰ ਅਜਿਹੇ ਸਭ ਦੋਸ਼ਾਂ ਤੋਂ ਮੁਕਤ ਹੈ। ਇੱਕ ਹਿੰਦੂ ਹੋਣ ਦੇ ਨਾਤੇ ਉਨ੍ਹਾਂ ਤੇ ਇਹ ਇਲਜਾਮ ਕਿਸੇ ਤਰ੍ਹਾਂ ਢੁੱਕ ਨਹੀਂ ਸਕਦਾ। ਇਸ ਗੱਲ ਵੱਲ ਮੈਂ ਵਿਸ਼ੇਸ਼ ਤੌਰ ਤੇ ਕਿਉਂ ਸੰਕੇਤ ਕਰ ਰਿਹਾ ਹਾਂ, ਇਸ ਦਾ ਭੇਤ ਅੱਗੇ ਚੱਲ ਕੇ ਖੁੱਲੇਗਾ। ਓਪਰੇਸ਼ਨ ਬਲਿਊ ਸਟਾਰ ਸਮੇਂ ਜਗਦੀਸ਼ ਜਲੰਧਰ ਦੂਰਦਰਸ਼ਨ ਵਿੱਚ ਸਮਾਚਾਰ ਸੰਪਾਦਕ ਵਜੋਂ ਨਿਯੁਕਤ ਸੀ। ਓਪਰੇਸ਼ਨ ਤੋਂ ਪਹਿਲਾ ਜਗਦੀਸ਼ ਅਤੇ ਉਸ ਦੇ ਯੂਨਿਟ ਨੂੰ ਚੰਡੀਗੜ੍ਹ ਬੁਲਾਇਆ ਗਿਆ। ਉਸ ਨੇ ਮੈਨੂੰ ਚੰਡੀਗੜ੍ਹ ਵਿੱਚ ਆਪਣੇ ਹੋਣ ਬਾਰੇ ਟੈਲੀਫੋਨ ਤੇ ਸੂਚਿਤ ਕੀਤਾ ਪਰ ਮੁਲਾਕਾਤ ਨਾ ਹੋ ਸਕੀ। ਓਪਰੇਸ਼ਨ ਤੋਂ ਬਾਅਦ ਮੈਨੂੰ ਪਤਾ ਲੱਗਾ ਕਿ ਉਹ ਓਪਰੇਸ਼ਨ ਕਾਰਨ ਕਾਫੀ ਝੰਜੋੜਿਆ ਗਿਆ ਸਾਂ। ਇਸ ਲਈ ਮੈਂ ਵਿਹਲ ਕੱਢ ਕੇ ਉਸ ਨੂੰ ਮਿਲਣ ਉਚੇਚਾ ਜਲੰਧਰ ਗਿਆ। ਮੈਂ ਤਾਂ ਪ੍ਰੇਸ਼ਾਨ ਸਾਂ ਹੀ ਉਹ ਮੇਰੇ ਤੋਂ ਵੱਧ ਬੌਦਲਿਆ ਹੋਇਆ ਸੀ। ਉਸ ਨੂੰ ਸਾਰੇ ਚਸ਼ਮਦੀਦ ਵਾਕਿਅਤ ਸੁਣਾਉਣ ਲਈ ਬੇਨਤੀ ਕੀਤੀ, ਪਰ ਉਸ ਦੀ ਗੱਲਬਾਤ ਵਿੱਚ ਕੋਈ ਤੁਕ ਨਹੀਂ ਸੀ ਬੱਝ ਰਹੀ। ਉਹ ਕਦੇ ਇੱਕ ਗੱਲ ਸੁਣਾਉਂਦਾ ਫੇਰ ਉਸ ਨੂੰ ਵਿਚੇ ਛੱਡ ਕੇ ਦੂਜੀ ਛੋਹ ਬਹਿੰਦਾ। ਕੋਈ ਤਾਲਮੇਲ ਨਾ ਬੱਝਦਾ। ਮੈਂ ਕਿਹਾ ਜਗਦੀਸ਼ ਛੱਡ ਇਸ ਤਰ੍ਹਾਂ ਕੋਈ ਖਾਸ ਮਜ਼ਾ ਨਹੀ ਆ ਰਿਹਾ ਤੂੰ ਇਸ ਸਾਕੇ ਬਾਰੇ ਇੱਕ ਰਿਪੋਰਟ ਲਿਖ। ਉਸ ਨੇ ਜਜ਼ਬਾਤੀ ਹੋ ਕੇ ਉਤਰ ਦਿੱਤਾ, ਮੈਂ ਜੋ ਕੁਝ ਦੇਖਿਆ ਹੈ ਉਹ ਏਨਾ ਭਿਆਨਕ ਹੈ ਕਿ ਸ਼ਾਇਦ ਮੈਂ ਕਦੇ ਲਿਖ ਨਾ ਸਕਾਂ। ਜਗਦੀਸ਼ ਦੀ ਧਰਮਪਤਨੀ ਨੇ ਕਿਹਾ," ਜੀ ਜੋ ਵੀ ਹੋਇਆ ਹੈ ਬੜਾ ਮਾੜਾ ਹੋਇਆ। ਇਸ ਦੇ ਨਤੀਜੇ ਬੜੇ ਭਿਆਨਕ ਨਿਕਲਣਗੇ। ਮੇਰਾ ਤਾਂ ਇਹ ਸਭ ਕੁਝ ਸੋਚ ਕੇ ਦਿਲ ਕੰਬ ਜਾਂਦਾ ਹੈ। ਮੈਂ ਕਿਹਾ," ਗੱਲ ਤਾਂ ਤੁਹਾਡੀ ਠੀਕ ਹੈ ਪਰ ਸਰਕਾਰ ਦੇ ਨਾਲ-ਨਾਲ ਕਸੂਰ ਭਿੰਡਰਾਂਵਾਲੇ ਦਾ ਵੀ ਸੀ।" ਉਸ ਗੁੱਸਾ ਖਾ ਕੇ ਪਰਤ ਕੇ ਕਿਹਾ," ਤੁਸੀ ਮੈਨੂੰ ਇਹ ਦੱਸੋ ਕਿ ਦਰਬਾਰ ਸਾਹਿਬ ਭਿੰਡਰਾਂਵਾਲੇ ਦੀ ਆਪਣੀ ਜਾਇਦਾਦ ਸੀ ? ਉਸ ਨੂੰ ਸਜ਼ਾ ਦੇਣ ਲਈ ਦਰਬਾਰ ਸਾਹਿਬ ਨੂੰ ਢਾਹ ਦਿੱਤਾ। ਇਹ ਅਸਥਾਨ ਤਾਂ ਸਾਰਿਆਂ ਲਈ ਸਾਂਝਾ ਸੀ। ਕੀ ਸਿੱਖ ਤੇ ਕੀ ਹਿੰਦੂ। ਸਾਰੇ ਇਸ ਨੂੰ ਮੰਨਦੇ ਹਨ। ਬੜਾ ਅਨਰਥ ਹੋਇਆ।"ਮੈਂ ਚੁਪ ਕਰ ਗਿਆ। ਜਗਦੀਸ਼ ਨੇ ਕਿਹਾ ਬਹੁਤਾ ਨੁਕਸਾਨ ਤਾਂ ਅਕਾਲ ਤਖ਼ਤ ਸਾਹਿਬ ਦਾ ਹੋਇਆ ਹੈ। ਅਸੀਂ ਸਰਕਟ ਹਾਊਸ ਵਿੱਚ ਸੀ ਜਦੋਂ ਗੋਲਾਬਾਰੀ ਸ਼ੁਰੂ ਹੋਈ। ਬਹੁਤ ਭਿਆਨਕ ਸਮਾਂ ਸੀ। ਗਰਮੀ ਅੰਤਾਂ ਦੀ ਸੀ। ਪਰ ਕੋਈ ਬਿਜਲੀ ਨਹੀ ਸੀ। ਇਸ ਲਈ ਸੌਣ ਦਾ ਸਵਾਲ ਹੀ ਪੈਦਾ ਨਹੀ ਸੀ ਹੁੰਦਾ। ਸਾਰੇ ਜਣੇ ਜਾਗ ਰਹੇ ਸਾਂ ਅਤੇ ਹਰ ਗੋਲਾ ਫੱਟਣ ਤੇ ਅਨੁਮਾਨ ਲਗਾ ਰਹੇ ਸਾਂ ਕਿ ਕੀ ਹੋਇਆ ਹੋਵੇਗਾ। ਅਚਾਨਕ ਗੋਲਾ ਫੱਟਣ ਬਾਅਦ ਇੱਕ ਭਿਆਨਕ ਆਵਾਜ਼ ਆਈ। ਜਿਵੇਂ ਪਾਣੀ ਵਿੱਚ ਕੋਈ ਬਹੁਤ ਭਾਰੀ ਚੀਜ਼ ਡਿੱਗੀ ਹੋਵੇ। ਅਸੀਂ ਸਾਰੇ ਕੰਬ ਗਏ ਕਿ ਗੋਲਾ ਦਰਬਾਰ ਸਾਹਿਬ ਉੱਤੇ ਡਿੱਗਾ ਹੈ ਅਤੇ ਦਰਬਾਰ ਸਾਹਿਬ ਢਹਿ ਕੇ ਸਰੋਵਰ ਵਿੱਚ ਡਿੱਗ ਪਿਆ ਹੈ। ਇਸ ਤੋਂ ਬਾਅਦ ਤਾਂ ਫੇਰ ਚੈਨ ਪੈਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸਵੇਰੇ ਉਠ ਕੇ ਪਤਾ ਲੱਗਾ ਕਿ ਪਾਣੀ ਦੀ ਟੈਂਕੀ ਢੱਠੀ ਹੈ ਤਾਂ ਜਾਨ ਵਿੱਚ ਜਾਨ ਆਈ। ਮੈਂ ਪੁੱਛਿਆ ਕੀ ਇਹ ਠੀਕ ਹੈ ਕਿ ਜਦੋਂ ਗਿਆਨੀ ਜੈਲ ਸਿੰਘ ਹਰਮਿੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਤਾਂ ਖਾੜਕੂ ਅਜੇ ਦਰਬਾਰ ਸਾਹਿਬ ਦੇ ਅੰਦਰ ਮੌਜੂਦ ਸਨ ਅਤੇ ਉਨ੍ਹਾਂ ਦੇ ਗਿਆਨੀ ਜੀ ਤੇ ਗੋਲੀ ਚਲਾ ਦਿੱਤੀ ਸੀ। ਜਗਦੀਸ਼ ਨੇ ਉਤਰ ਦਿੱਤਾ ਇਹ ਬਿਲਕੁਲ ਨਿਰਮੂਲ ਹੈ। ਮੈਂ ਕਿਹਾ ਪਰ ਟੈਲੀਵਿਯਨ ਤੇ ਜੋ ਦ੍ਰਿਸ਼ ਦਿਖਾਇਆ ਗਿਆ ਸੀ, ਉਸ ਵਿੱਚ ਗੋਲੀ ਚੱਲਣ ਦੀ ਆਵਾਜ਼ ਸਾਫ ਸੁਣਾਈ ਦਿੰਦੀ ਸੀ। ਜਗਦੀਸ਼ ਨੇ ਕਿਹਾ," ਹਾਂ ਇਹ ਠੀਕ ਹੈ, ਮੈਂ ਵੀ ਉਹ ਰੀਕਾਰਡਿੰਗ ਦੇਖੀ ਹੈ। ਉਸ ਵਿੱਚ ਉਂਵੇ ਹੀ ਹੈ। ਪਰ ਹੈ ਇਹ ਨਿਰਾ ਕੂੜ। ਸਰਕਾਰ ਨੇ ਵੀਡੀਓ ਰੀਕਾਰਡਿੰਗ ਲਈ ਮੈਲਵੈਲ ਡੀ ਮੈਲੋ ਨੂੰ ਤਾਇਨਾਤ ਕੀਤਾ ਸੀ। 1965 ਦੀ ਭਾਰਤ-ਪਾਕਿ ਜੰਗ ਵਿੱਚ ਅੰਬਾਲੇ ਵਿੱਚ ਢੱਠੇ ਹੋਏ ਗਿਰਜਾ ਘਰ ਨੂੰ ਉਸ ਨੇ ਦਿਖਾ ਕੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਸੀ ਕਿ ਪਾਕਿਸਤਾਨੀ ਬੰਬਾਰਾਂ ਨੇ ਗਿਰਜਾ ਘਰ ਵੀ ਨਹੀਂ ਬਖ਼ਸ਼ੇ। ਇਸੇ ਤਰ੍ਹਾਂ ਉਸ ਵੀਡੀਓ ਰੀਕਾਡਿੰਗ ਵਾਲੇ ਗੋਲੀ ਕਿਤੇ ਦੂਰ ਚਲਵਾਈ ਗਈ ਸੀ ਤਾਂ ਜੋ ਪ੍ਰਭਾਵ ਦਿੱਤਾ ਜਾ ਸਕੇ ਕਿ ਖਾੜਕੂ ਕਿੰਨੇ ਬੇਕਿਰਕ ਹਨ। ਜੇਕਰ ਸੱਚੀ ਮੁੱਚੀ ਹੀ ਗੋਲੀ ਦਾ ਨਿਸ਼ਾਨਾ ਗਿਆਨੀ ਜੀ ਨੂੰ ਬਣਾਇਆ ਗਿਆ ਹੁੰਦਾ ਤਾਂ ਫੌਜੀ ਅਫਸਰਾਂ ਨੇ ਤਰੁੰਤ

**ਲੇਖਕ { ਪ੍ਰੀਤਮ ਸਿੰਘ }**

ਗਿਆਨੀ ਜੀ ਨੂੰ ਕਵਰ ਲੈਣ ਲਈ ਕਹਿਣਾ ਸੀ ਪਰ ਤੁਸੀ ਵੇਖਿਆ ਹੋਵੇਗਾ ਕਿ ਅਜਿਹਾ ਕੁਝ ਵੀ ਨਹੀਂ ਹੁੰਦਾ। ਸਭ ਅਡੋਲ ਰਹਿੰਦੇ ਹਨ। 'ਮੈਂ ਪੁੱਛਿਆ ਕੀ ਇਹ ਠੀਕ ਹੈ ਕਿ ਗਿਆਨੀ ਜੀ ਬੂਟ ਪਾ ਕੇ ਪ੍ਰਕਰਮਾ ਵਿੱਚ ਗਏ ?" ਉਸ ਨੇ ਉਤਰ ਦਿੱਤਾ," ਇਹ ਬਿਲਕੁਲ ਸਹੀ ਹੈ। ਪਰ ਹੋਰ ਉਹ ਕਰਦੇ ਵੀ ਕੀ ? ਸਾਰੀ ਪ੍ਰਕਰਮਾ ਵਿੱਚ ਖੂਨ ਹੀ ਖੂਨ ਸੀ। ਬੂਟਾਂ ਤੋਂ ਬਿਨ੍ਹਾਂ ਤਾਂ ਪ੍ਰਕਰਮਾ ਵਿੱਚ ਫਿਰਨਾ ਹੀ ਮੁਸ਼ਕਲ ਸੀ। ਫੇਰ ਉਹ ਆਪਣੀ ਪਤਲੂਨ ਚੁੱਕ ਲਿਆਇਆ ਜਿਸ ਦੇ ਪਹੁੰਚੇ ਖੂਨ ਨਾਲ ਲੱਥ-ਪੱਥ ਸਨ। ਉਸ ਨੇ ਕਿਹਾ ਬੜਾ ਭਿਆਨਕ ਦ੍ਰਿਸ਼ ਸੀ ਜਿਸ ਨੂੰ ਲਫਜ਼ਾਂ ਵਿੱਚ ਬਿਆਨ ਕਰਨਾ ਮੇਰੇ ਲਈ ਮੁਸ਼ਕਲ ਹੈ। ਮੈਂ ਫੇਰ ਸਵਾਲ ਕੀਤਾ," ਕੀ ਇਹ ਸਹੀ ਹੈ ਕਿ ਫੌਜੀ ਦਰਬਾਰ ਸਾਹਿਬ ਵਿੱਚ ਸਿਗਰਟਾਂ ਪੀਂਦੇ ਰਹੇ, ਸ਼ਰਾਬ ਅਤੇ ਬੀਅਰ ਡਕਾਰਦੇ ਰਹੇ ?" ਉਸ ਨੇ ਉੱਤਰ ਦਿੱਤਾ," ਹਾਂ ਇਹ ਬਿਲਕੁਲ ਸਹੀ ਹੈ ਜਦੋਂ ਮੈਂ ਪ੍ਰਕਰਮਾ ਵਿੱਚ ਗਿਆ ਤਾਂ ਉਥੇ ਥਾਂ ਥਾਂ ਉਤੇ ਬੋਰਡ ਲੱਗੇ ਹੋਏ ਸਨ ਇੱਥੇ ਸਿਗਰਟ ਅਤੇ ਸ਼ਰਾਬ ਪੀਣਾ ਮਨਾਂ ਹੈ। ਜੇਕਰ ਅਜਿਹਾ ਨਾ ਹੋ ਰਿਹਾ ਹੁੰਦਾ ਤਾਂ ਇਹ ਬੋਰਡ ਲਾਉਣ ਦੀ ਕਿਹੜੀ ਲੋੜ ਸੀ ? ਮੈਂ ਸਵਾਲ ਕੀਤਾ ਕੀ ਕਈ ਲੋਕ ਨੰਗੇ ਸਿਰ ਦਰਬਾਰ ਸਾਹਿਬ ਵਿੱਚ ਘੁੰਮਦੇ ਰਹੇ ?" ਉਸ ਨੇ ਹੱਸ ਕੇ ਕਿਹਾ, " ਏਨੀਆਂ ਵੱਡੀਆਂ ਗੱਲਾਂ ਤੋਂ ਬਾਅਦ ਇਸ ਸਵਾਲ ਦੀ ਕੀ ਵਕਤ ਹੈ" ? ਮੈਂ ਕਿਹਾ ਐਵੇ ਮੈਨੂੰ ਫੁਰਨਾ ਫੁਰ ਗਿਆ ਕਿ ਕੀ ਇਸ ਨਿਗੂਣੀ ਜਿਹੀ ਮਰਯਾਦਾ ਨੂੰ ਕਾਇਮ ਰੱਖਣ ਵੱਲ ਵੀ ਕਿਸੇ ਨੇ ਕੋਈ ਧਿਆਨ ਨਾ ਦਿੱਤਾ? ਜਗਦੀਸ ਨੇ ਉਤਰ ਦਿੱਤਾ, ਜੇ ਤੁਸੀ ਵੀਡੀਓ ਰੀਕਾਡਿੰਗ ਨੂੰ ਧਿਆਨ ਨਾਲ ਦੇਖਿਆ ਹੋਵੇ ਤਾਂ ਤੁਹਾਨੂੰ ਤਾਂ ਤੁਹਾਨੂੰ ਯਾਦ ਹੋਵੇਗਾ ਕਿ ਮੈਲਵਿਲ ਡੀਮੈਲੋ ਪ੍ਰਕਰਮਾ ਵਿੱਚ ਖੜਾ ਕੁਮੈਂਟਰੀ ਦੇ ਰਿਹਾ ਹੈ ਅਤੇ ਉਸ ਦਾ ਸਿਰ ਨੰਗਾ ਹੈ। ਇਹ ਗੱਲ ਮੈਂ ਜਰਨਲ ਬਰਾੜ ਦੇ ਨੋਟਿਸ ਵਿੱਚ ਉਸੇ ਵੇਲੇ ਲਿਆ ਦਿੱਤੀ ਸੀ। " ਮੈਂ ਪੁਛਿਆ," ਕੀ ਤੁਹਾਡੇ ਯੂਨਿਟ ਨੇ ਕੋਈ ਰੀਕਾਰਡਿੰਗ ਨਹੀਂ ਸੀ ਕੀਤੀ ? ਉਸ ਨੇ ਉਤਰ ਦਿੱਤਾ, ਅਸੀਂ ਵੀ ਕੀਤੀ ਸੀ ਪਰ ਉਸ ਨੂੰ ਸਰਕਾਰ ਨੇ ਜਬਤ ਕਰ ਲਿਆ ਸੀ ਅਤੇ ਅੱਜ ਤੱਕ ਵਾਪਸ ਨਹੀ ਕੀਤਾ ਜੇਕਰ ਮੇਰੇ ਪਾਸ ਹੁੰਦੀ ਤਾਂ ਮੈਂ ਤੁਹਾਨੂੰ ਨੂੰ ਜੋ ਘੱਲੂਘਾਰਾ ਵਾਪਰਿਆ ਹੈ ਉਸ ਦੀ ਇੱਕ ਝਲਕ ਦਿਖਾਉਂਦਾ। ਇਹ ਸਭ ਕੁਝ ਸੁਣ ਕੇ ਮੈਂ ਕੁਝ ਦੇਰ ਲਈ ਸ਼ਕਤੇ ਵਿੱਚ ਆ ਗਿਆ। ਫੇਰ ਮੈਂ ਕਿਹਾ," ਜਗਦੀਸ਼ ਇਹ ਸਭ ਨੂੰ ਲਿਖਦਾ ਕਿਉਂ ਨਹੀ ? ਉਸ ਨੇ ਕਿਹਾ ਅਜੇ ਵਕਤ ਨਹੀਂ ਆਇਆ। ਅਸੀਂ ਦੁਰਘਟਨਾ ਦੇ ਏਨੇ ਨੇੜੇ ਹਾਂ ਕਿ ਸਭ ਕੁਝ ਨਿਰਪੱਖਤਾ ਨਾਲ ਲਿਖਣਾ ਸੰਭਵ ਨਹੀਂ। ਅਜੇ ਮੇਰੇ ਆਪਣਾ ਦਿਲ ਹੀ ਰਾਸ ਨਹੀ ਤਾਂ ਮੈਂ ਲਿਖਾ ਕੀ ?" ਪਰ ਮੈਂ ਗੱਲ ਨੂੰ ਆਈ ਗਈ ਨਾ ਹੋਣ ਦਿੱਤਾ। ਜਦੋਂ ਵੀ ਜਗਦੀਸ਼ ਮੈਨੂੰ ਮਿਲਦਾ ਮੈਂ ਉਸ ਨੂੰ ਲਿਖਣ ਲਈ ਪ੍ਰੇਰਨ ਲੱਗ ਜਾਂਦਾ। ਇੱਕ ਸਾਲ ਹੋਇਆ ਜਗਦੀਸ਼ ਨੇ ਇਹ ਖੁਸ਼ਖਬਰੀ ਦਿੱਤੀ ਕਿ ਉਸ ਨੇ ਇਸ ਘੱਲੂਘਾਰੇ ਦਾ ਹਾਲ ਲਿਖਣ ਦਾ ਮਨ ਬਣਾ ਲਿਆ ਹੈ। ਮੈਂ ਉਸ ਨੂੰ ਫੇਰ ਪੰਜਾਬੀ ਵਿੱਚ ਲਿਖਣ ਲਈ ਪ੍ਰੇਰਨ ਲੱਗਾ। ਉਸ ਨੇ ਕਿਹਾ," ਦੇਖੋ ਮੇਰਾ ਹਿੰਦੀ ਵਿੱਚ ਨਾਂ ਬਣ ਚੁੱਕਾ ਹੈ। ਹਿੰਦੀ ਵਿੱਚ ਪ੍ਰਕਾਸਕ ਲੱਭਣ ਦੀ ਕੋਈ ਸਮੱਸਿਆ ਨਹੀਂ। ਪ੍ਰਕਾਸ਼ਕ ਮੇਰੇ ਪਿੱਛੇ ਪਿੱਛੇ ਭੱਜੇ ਫਿਰਦੇ ਹਨ। ਰਾਇਲਟੀ ਵੀ ਦਿੰਦੇ ਹਨ। ਫੇਰ ਦੱਸੋ ਮੈਂ ਪੰਜਾਬੀ ਵਿੱਚ ਕਿਉਂ ਲਿਖਾ ?" ਮੈਂ ਉਤਰ ਦਿੱਤਾ ਇਸ ਕਰਕੇ ਕਿਉਂਕਿ ਇਹ ਸਾਕਾ ਹਮਲਾ ਪੰਜਾਬੀ ਲੋਕਾਂ ਨਾਲ ਸਬੰਧ ਰੱਖਦਾ ਹੈ, ਹਿੰਦੀ ਜਗਤ ਨੂੰ ਇਸ ਵਿੱਚ ਕੀ ਦਿਲਚਸਪੀ ਹੋ ਸਕਦੇ ਹੈ ?" ਉਸ ਦਾ ਉਤਰ ਸੀ," ਇਸ ਘੱਲੂਘਾਰੇ ਵਿੱਚ ਹਿੰਦੀ ਜਗਤ ਨੂੰ ਤਾਂ ਇੱਕ ਪਾਸੇ ਛੱਡੋ, ਸਾਰੇ ਵਿਸ਼ਵ ਨੂੰ ਦਿਲਚਸਪੀ ਹੈ। ਮੈਂ ਇਹ ਸੁਣ ਕੇ ਚੁਪ ਹੋ ਗਿਆ। ਜਗਦੀਸ਼ ਨੇ ਸਾਰਾ ਮਸੌਦਾ ਹਿੰਦੀ ਵਿੱਚ ਕਲਮਬੰਦ ਕਰ ਲਿਆ। ਇੱਕ ਪ੍ਰਕਾਸ਼ਿਕ ਨੂੰ ਜੋ ਬੜਾ ਮਗਰ ਪਿਆ ਹੋਇਆ ਸੀ, ਭੇਜ ਦਿੱਤਾ। ਖਰੜਾ ਉਸ ਕੋਲੋ ਕਾਫੀ ਸਮਾਂ ਪਿਆ ਰਿਹਾ ਪਰ ਪ੍ਰਕਾਸ਼ਿਤ ਨਾ ਹੋਇਆ। ਫੇਰ ਉਸ ਨੇ ਦੂਜੇ ਨੂੰ ਭੇਜਿਆ ਪਰ



ਨਤੀਜਾ ਪਹਿਲੇ ਵਾਲਾ ਹੀ ਸੀ। ਫੇਰ ਇੱਕ ਹੋਰ ਨੂੰ ਭੇਜਿਆ ਪਰ ਛਪਿਆ ਫੇਰ ਵੀ ਨਾ। ਉਸ ਨੇ ਦੱਸਿਆ ਕਿ ਪ੍ਰਕਾਸ਼ਿਕ ਦਾ ਸਲਾਹਕਾਰ ਮੰਡਲ ਅਜੇ ਇਸ ਤੇ ਵਿਚਾਰ ਕਰ ਰਿਹਾ ਹੈ। ਮੈਂ ਕਿਹਾ ਚੱਲ ਹਿੰਦੀ ਵਿੱਚ ਛਪਦਾ ਰਹੇਗਾ ਆਪਾਂ ਪਹਿਲਾ ਇਸ ਨੂੰ ਪੰਜਾਬੀ ਵਿੱਚ-ਵਿੱਚ ਛਪਵਾਉਂਦੇ ਹਾਂ।" ਉਸ ਨੇ ਹਾਮੀ ਭਰ ਲਈ। ਥੋੜੇ ਦਿਨ ਹੋਏ ਜਗਦੀਸ਼ ਮੈਨੂੰ ਮਿਲਣ ਆਇਆ। ਮੈਂ ਉਸ ਨੂੰ ਪੁੱਛਿਆ ," ਖਰੜੇ ਦਾ ਕੀ ਬਣਿਆ ? ਕਿਤਾਬ ਕਦੋ ਛਪ ਰਹੀ ਹੈ ?" ਉਸ ਨੇ ਭੈੜਾ ਜਿਹਾ ਮੂੰਹ ਬਣਾ ਕੇ ਉੱਤਰ ਦਿੱਤਾ," ਸ਼ਾਇਦ ਹਿੰਦੀ ਵਿੱਚ ਇਹ ਪੁਸਤਕ ਕਦੇ ਵੀ ਨਹੀ ਛਪੇਗੀ।" ਮੈਂ ਹੈਰਾਨ ਹੋ ਕੇ ਪੁੱਛਿਆ," ਕਿਉਂ ? ਹਿੰਦੀ ਦੇ ਪ੍ਰਕਾਸਕ ਤਾਂ ਤੇਰੇ ਹਾੜੇ ਕੱਢਦੇ ਫਿਰਦੇ ਹਨ। ਉਸ ਨੇ ਕਿਹਾ," ਹਾਂ ਠੀਕ ਹੈ ਪਰ ਇਸ ਪੁਸਤਕ ਨੂੰ ਹਿੰਦੀ ਵਿੱਚ ਪ੍ਰਕਾਸ਼ਿਤ ਕਰਨ ਵਾਲਾ ਕੋਈ ਨਹੀ। ਸਭ ਕਹਿੰਦੇ ਹਨ ਕਿ ਇਸ ਵਿੱਚ ਜੋ ਘਟਨਾਵਾਂ ਦਾ ਵਰਨਣ ਹੈ।" ਉਹ ਹਿੰਦੀ ਜਗਤ ਨੂੰ ਨਹੀਂ ਪੋਂਹਦਾ ਹੈ, ਮੈਂ ਕਿਹਾ ਪਰ ਤੂੰ ਤਾਂ ਅਜਿਹਾ ਕੁਝ ਨਹੀਂ ਲਿਖਿਆ ਬਸ ਘਟਨਾਵਾਂ ਦਾ ਬਿਆਨ ਹੈ। ਉਸ ਨੇ ਜਵਾਬ ਦਿੱਤਾ," ਉਹ ਕਹਿੰਦੇ ਹਨ ਕਿ ਇੱਕ ਹਿੰਦੂ ਲੇਖਕ ਪਾਸੋ ਇਹ ਉਮੀਦ ਨਹੀਂ ਸੀ ਕਿ ਉਹ ਭਿੰਡਰਾਂਵਾਲੇ ਸਬੰਧੀ ਇਵੇਂ ਲਿਖਦਾ।" ਮੈਂ ਕਿਹਾ ਪਰ ਤੂੰ ਭਿੰਡਰਾਂਵਾਲੇ ਦੀ ਤਾਂ ਕੋਈ ਤਾਰੀਫ ਨਹੀ ਕੀਤੀ। ਉਸ ਦਾ ਉਤਰ ਸੀ," ਉਹ ਏਨਾ ਵੀ ਨਹੀਂ ਪ੍ਰਕਾਸ਼ਿਕ ਤਾਂ ਕਾਮਰੇਡ ਹੈ। ਉਹ ਤਾਂ ਤਅਸੁਬ ਤੋਂ ਮੁਕਤ ਹੋਵੇਗਾ। ਉਸ ਦਾ ਉਤਰ ਸੁਣਕੇ ਮੈਂ ਨਿਰਵਾਕ ਰਹਿ ਗਿਆ। ਉਸ ਨੇ ਕਿਹਾ ਉਸ ਨੇ ਵੀ ਹਾਮੀ ਨਹੀ ਭਰੀ। ਉਸ ਨੇ ਕਿਹਾ," ਮੇਰੇ ਅੰਦਰ ਬੈਠਾ ਹਿੰਦੂ ਅਜਿਹੀ ਲਿਖਤ ਨੂੰ ਕਦੇ ਵੀ ਪ੍ਰਵਾਨ ਨਹੀ ਕਰ ਸਕਦਾ

# ਜੂਨ 1984 ਦਾ ਪਹਿਲਾ ਸ਼ਹੀਦ ਭਾਈ ਕੁਲਵੰਤ ਸਿੰਘ ਬੱਬਰ

**ਫ਼ਖ਼ਰੇ ਕੌਮ ਕੁਛ ਖਾਸ ਇਨਸਾਨ**
**ਹੂਆ ਕਰਤੇ ਹੈਂ**
**ਯਹ ਵੋਹ ਹੀਰੇ ਹੈਂ ਜੋ ਹਰ ਖਾਨ ਸੇ**
**ਨਿਕਲਾ ਨਹੀਂ ਕਰਤੇ...**

ਜਦੋਂ ਕਦੇ ਅਣਖਾਂ ਨਾਲ ਜਿਊਣ ਵਾਲੀਆਂ ਕੌਮਾਂ ਉਤੇ ਮਨੁੱਖੀ ਲਹੂ ਦੀਆਂ ਭੁੱਖੀਆਂ ਕਾਂਗਾਂ ਚੜ੍ਹਦੀਆਂ ਹਨ ਤਾਂ ਉਨ੍ਹਾਂ ਕੌਮਾਂ ਵਿਚੋਂ ਹੀ ਕੁਝ ਮਰਦਾਂ ਵਾਂਗ ਜਿਊਣ ਦੇ ਚਾਹਵਾਨ ਸੂਰਬੀਰ ਯੋਧੇ ਹੱਥਾਂ ਵਿਚ ਹਥਿਆਰ ਫੜ ਕੇ ਇਨ੍ਹਾਂ ਭੂਸਰੀਆਂ ਕਾਂਗਾਂ ਨੂੰ ਠੱਲ੍ਹਣ ਲਈ ਉੱਠ ਖੜ੍ਹੋਂਦੇ ਹਨ। ਅਜਿਹੀ ਹੀ ਸਿੱਖੀ ਦੇ ਖੂਨ ਦੀ ਪਿਆਸੀ ਇਕ ਕਾਂਗ ਨਰਕਧਾਰੀ ਲਹਿਰ ਦੇ ਰੂਪ ਵਿਚ 13 ਅਪ੍ਰੈਲ 1978 ਦੀ ਪਵਿੱਤਰ ਧਰਤੀ ਉਪਰ ਧੁਤਕੜਾ ਪਾਉਣ ਲਈ ਆਣ ਧਮਕੀ ਤਾਂ ਗੁਰੂ ਨਾਨਕ ਸਾਹਿਬ ਦੇ ਸਿੱਖੀ ਦੇ ਬਾਗ ਵਿਚੋਂ ਦੋ ਟਹਿਕਦੇ ਫੁੱਲਾਂ ਵਰਗੀਆਂ ਜੁਝਾਰੂ ਜਥੇਬੰਦੀਆਂ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਵਿਚੋਂ ਉੱਠੇ 13 ਸੂਰਬੀਰਾਂ ਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਲਲਕਾਰ ਅਤੇ ਭਾਈ ਫ਼ੌਜਾ ਸਿੰਘ ਦੀ ਅਗਵਾਈ ਹੇਠ ਨਰਕਧਾਰੀਆਂ ਦੀ ਮੰਡਲੀ ਦੀ ਕੁਫ਼ਰ ਦੀ ਦੁਕਾਨ ਬੰਦ ਕਰਾਉਂਦਿਆ ਹੋਇਆ ਸ਼ਹਾਦਤਾਂ ਪ੍ਰਾਪਤ ਕੀਤੀਆਂ। ਸਮਾਂ ਆਪਣੀ ਚਾਲੇ ਚੱਲਦਾ ਰਿਹਾ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕੌਮੀ ਖਾੜਕੂ ਲੀਡਰ ਵਜੋਂ ਪੰਥਕ ਸਟੇਜ ਉੱਤੇ ਉਭਰੇ ਅਤੇ ਦੂਜੇ ਪਾਸੇ ਅਖੰਡ ਕੀਰਤਨੀ ਜਥੇ ਵਿਚੋਂ ਹੀ ਭਾਈ ਫ਼ੌਜਾ ਸਿੰਘ ਦੇ ਨਜ਼ਦੀਕੀ ਭੁਝੰਗੀਆਂ ਨੇ ਇਕ ਹੋਰ ਖਾੜਕੂ ਜਥੇਬੰਦੀ ਬੱਬਰ ਖ਼ਾਲਸਾ ਨੂੰ ਗੁਪਤ ਰੂਪ ਵਿਚ ਸੰਗਠਿਤ ਕਰ ਕੇ ਪੰਥ ਦੋਖੀਆਂ ਦੇ ਸਫਾਏ ਦੀ ਮੁਹਿੰਮ ਚਲਾ ਦਿੱਤੀ। ਦਰਿਆਵਾਂ ਦੇ ਵਹਿਣਾਂ ਵਾਂਗ ਠੰਡਾ ਸ਼ੀਤਲ ਵਗਦਾ ਪੰਜਾਬ ਅੱਗ ਲੱਗੇ ਜੰਗਲ ਵਾਂਗ ਭੱਖਣ ਲੱਗ ਪਿਆ।

ਅੰਤ 1978 ਤੋਂ 1984 ਨੇ ਆਣ ਦਸਤਕ ਦਿੱਤੀ। ਸਾਰੇ ਪੰਜਾਬ ਨੂੰ ਚੜ੍ਹਦੇ ਜੂਨ ਹੀ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ। ਭੋਲੇ ਪੰਜਾਬੀਆਂ ਦੇ ਅਲੂੰਏ ਪੁੱਤਾਂ ਉੱਪਰ ਬਾਹਮਣੀ ਹਕੂਮਤ ਦੀ ਕਹਿਰਵਾਨ ਹਨੇਰੀ ਝੁੱਲੀ। 1 ਜੂਨ 1984 ਦਾ ਸੂਰਜ ਪੰਜਾਂ ਦਰਿਆਵਾਂ ਦੀ ਧਰਤੀ ਉੱਤੇ ਸ਼ਹਾਦਤਾਂ ਦਾ ਪੈਗਾਮ ਲੈ ਕੇ ਚੜ੍ਹਿਆ। ਸਵੇਰੇ ਵੱਡੇ ਤੜਕੇ ਹੀ ਬਾਬਾ ਅਟੱਲ ਰਾਏ ਗੁਰਦੁਆਰੇ ਦੀ ਇਮਾਰਤ 'ਤੇ ਸੀ.ਆਰ.ਪੀ. ਤੇ ਬੀ.ਐਸ.ਐਫ. ਨੇ ਬੱਬਰਾਂ ਦੇ ਮੋਰਚਿਆਂ ਉੱਪਰ ਫਾਇਰਿੰਗ ਕਰ ਕੇ ਸਿੱਧੀ ਲੜਾਈ ਦੀ ਸਿੰਗਣੀ ਛੇੜ ਦਿੱਤੀ। ਬਾਬਾ ਅਟੱਲ ਦੀ ਇਮਾਰਤ ਵਿਚੋਂ ਬੱਬਰਾਂ ਦੀਆਂ ਰਾਈਫਲਾਂ ਨੇ ਵੀ ਅੱਗ ਉਗਲਣੀ ਸ਼ੁਰੂ ਕਰ ਦਿੱਤੀ। ਸਾਰਾ ਦਿਨ ਭਿਆਨਕ ਗੋਲੀਬਾਰੀ ਹੁੰਦੀ ਰਹੀ।

ਅੰਤ ਸ਼ਾਮ ਨੂੰ ਬਾਹਮਣੀ ਹਕੂਮਤ ਦੇ ਪਿਆਦੇ ਪੂਛਾਂ ਨੀਵੀਆਂ ਕਰ ਕੇ ਖੁੱਡਾਂ ਵਿਚ ਜਾ ਚੁੱਪ ਕਰ ਕੇ ਬੈਠ ਗਏ ਅਤੇ ਬੱਬਰਾਂ ਵੱਲੋਂ ਜੁਆਬੀ ਫਾਇਰ ਕਰ ਕੇ ਢੇਰੀ ਕੀਤਿਆਂ ਦੀਆਂ ਕੂਕਾਂ-ਚੀਕਾਂ ਇਤਿਹਾਸ ਦੀ ਕਿਤਾਬ ਦਾ ਸ਼ਿੰਗਾਰ ਬਣ ਗਏ, ਪਰ ਇਸ ਪਹਿਲੇ ਦਿਨ ਦੀ ਫਾਇਰਿੰਗ ਵਿਚ ਬੱਬਰਾਂ ਦਾ ਇਕ ਸਿਰਮੌਰ ਯੋਧਾ ਸ਼ਹੀਦ ਹੋ ਗਿਆ। ਜਿਸ ਨੂੰ ਇਤਿਹਾਸ ਨੇ ਸਾਕਾ ਨੀਲਾ ਤਾਰਾ ਦਾ ਪਹਿਲਾ ਸ਼ਹੀਦ ਹੋਣ ਦਾ ਮਾਣ ਬਖ਼ਸ਼ ਕੇ ਸਦਾ ਲਈ ਅਮਰ ਕਰ ਦਿੱਤਾ। ਇਸ ਸੂਰਬੀਰ ਦਾ ਨਾਂਅ ਭਾਈ ਮਹਿੰਗਾ ਸਿੰਘ ਬੱਬਰ ਕਰ ਕੇ ਸਿੱਖ ਸਿੱਖ ਸਫ਼ਾਂ ਵਿਚ ਮਸ਼ਹੂਰ ਹੈ। ਭਾਈ ਮਹਿੰਗਾ ਸਿੰਘ ਬੱਬਰ ਦੀ ਮ੍ਰਿਤਕ ਦੇਹ ਨੂੰ ਭਾਈ ਮਨਮੋਹਨ ਸਿੰਘ ਫ਼ੌਜੀ ਵਰ੍ਹਦੀਆਂ ਗੋਲੀਆਂ ਵਿਚੋਂ ਸਿਰ 'ਤੇ ਚੁੱਕ ਕੇ ਗੁਰੂ ਨਾਨਕ ਨਿਵਾਸ ਵਿਚ ਲੈ ਕੇ ਆਇਆ। ਸ਼ਹੀਦ ਹੋਣ ਤੋਂ ਪਹਿਲਾਂ ਯੋਧੇ ਦਾ ਵਾਹਿਗੁਰੂ ਸਿਮਰਨ ਦਾ ਅਭਿਆਸ ਅੱਧਾ ਘੰਟਾ ਚੱਲਦਾ ਰਿਹਾ, ਫਿਰ ਸਰੀਰ ਠੰਢਾ ਹੋ ਗਿਆ। ਮਹਿੰਗਾ ਸਿੰਘ ਦਾ ਅਸਲੀ ਨਾਂਅ ਭਾਈ ਕੁਲਵੰਤ ਸਿੰਘ ਸੀ। ਪਰ ਗੁਪਤ ਵਿਚਰਦਾ ਹੋਣ ਕਰਕੇ ਜਥੇਬੰਦਕ ਨਾਂਅ ਮਹਿੰਗਾ ਸਿੰਘ ਰੱਖਿਆ ਗਿਆ ਸੀ। ਲੰਬੇ ਕੱਦ, ਤਿੱਖੀ ਨੱਕ, ਗੋਰੇ ਨਿਸ਼ੋਹ ਰੰਗ ਦਾ ਇਹ ਨੌਜਵਾਨ, ਹਰਿਆਣੇ ਦੇ ਸ਼ਹਿਰ ਜਗਾਧਰੀ ਦਾ ਜੰਮ-ਪਲ ਸੀ। ਇਸ ਗੁਰੂ ਘਰੋਂ ਬਖ਼ਸ਼ੀ ਹੋਈ ਰੂਹ ਨੇ ਸ੍ਰ. ਪ੍ਰਤਾਪ ਸਿੰਘ ਦੇ ਘਰ ਨੂੰ ਭਾਗ ਲਾਏ। ਜਮਨਾ ਨਗਰ ਆਈ.ਟੀ.ਆਈ. ਵੈਲਡਰ ਟਰੇਡ ਵਿਚ ਕਰਨ ਤੋਂ ਬਾਅਦ ਉਸ ਨੇ ਚੜ੍ਹਦੀ ਵਰੇਸੇ ਭਾਈ ਫ਼ੌਜਾ ਸਿੰਘ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਛਕਿਆ। ਉਹ ਸਦਾ ਪੀਲੇ ਰੰਗ ਦਾ ਦੁਮਾਲਾ ਸਜਾਉਂਦਾ, ਸਫੈਦ ਜਾਂ ਨੀਲੇ ਰੰਗ ਦਾ ਨਿਹੰਗ ਬਾਣਾ ਪਹਿਨਦਾ। ਉਸ ਦੇ ਸੱਜੇ ਹੱਥ ਵਿਚ ਸਰਬ-ਲੋਹ ਦੀ ਮਾਲਾ ਅਤੇ ਮੋਢੇ ਉੱਤੇ 315 ਬੋਰ ਦੀ ਰਾਈਫਲ ਹਮੇਸ਼ਾ ਲਟਕਦੀ ਰਹਿੰਦੀ। ਸਰਬ-ਲੋਹ ਬਿਬੇਕ ਦੇ ਪਹਿਰੇ ਦੇ ਧਾਰਨੀ ਸੂਰਬੀਰ ਦੀ ਰਸਨਾ ਸਦਾ ਵਾਹਿਗੁਰੂ-ਵਾਹਿਗੁਰੂ ਦੇ ਜਾਪ ਵਿਚ ਗੜੂੰਦ ਰਹਿੰਦੀ। ਭਾਈ ਫ਼ੌਜਾ ਸਿੰਘ ਤੇ ਭਾਈ ਰਣਧੀਰ ਸਿੰਘ ਮਹਿਤੇ ਸਾਖਰੇ 13 ਸਿੰਘਾਂ ਦੀ ਸ਼ਹੀਦੀ ਨੇ ਉਸ ਦੇ ਅੰਤਰ-ਆਤਮੇ ਨੂੰ ਝੰਜੋੜ ਕੇ ਰੱਖ ਦਿੱਤਾ। ਉਸ ਨੂੰ ਹਿੰਦੁਸਤਾਨੀ ਧਰਤੀ ਉੱਤੇ ਸਿੱਖ ਕੌਮ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜੀ ਨਜ਼ਰ ਆਉਣ ਲੱਗੀ ਅਤੇ ਉਹ ਕੌਮੀ ਆਜ਼ਾਦੀ ਦੇ ਸੰਘਰਸ਼ ਵਿਚ ਨਿਧੜਕ ਸਿਪਾਹੀ ਵੱਜੋਂ ਆਪਣੇ ਸਾਥੀਆਂ ਸਮੇਤ ਵਿਚਰਨ ਲੱਗਾ। 1978 ਤੋਂ 1980 ਤਕ ਦੋ ਸਾਲ ਉਹ ਅਖੰਡ ਕੀਰਤਨੀ ਜਥੇ ਵੱਲੋਂ ਚੱਲਦੇ ਪ੍ਰਚਾਰ (ਚੱਲਦਾ ਵਹੀਰ) ਵਿਚ ਸ਼ਾਮਲ ਹੋ ਕੇ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ ਨੇ ਪ੍ਰਚਾਰ ਕਰਨ ਲਈ ਚੱਲਦੇ ਵਹੀਰ ਨੂੰ ਇਕ ਸੈਕਿੰਡ-ਹੈਂਡ ਯੌਗਾ ਲੈ ਕੇ ਦਿੱਤਾ ਹੋਇਆ ਸੀ, ਜਿਹੜਾ ਪਿੰਡਾਂ ਵਿਚ ਜਾਣ ਸਮੇਂ ਅਕਸਰ ਹੀ ਖਰਾਬੀ ਦੇ ਜਾਇਆ ਕਰਦਾ ਸੀ। ਭਾਈ ਮਹਿੰਗਾ ਸਿੰਘ ਨੇ ਯੌਗੇ ਦੀ ਸਾਂਭ-ਸੰਭਾਲ ਦਾ ਕੰਮ ਸਾਂਭਿਆ ਹੋਇਆ ਸੀ। ਉਹ ਯੌਗੇ ਨੂੰ ਸਾਫ ਕਰਦਾ ਤੇ ਉਸ ਉੱਤੇ ਲੀਰ ਮਾਰਦਾ ਅਤੇ ਲੋੜ ਪੈਣ 'ਤੇ ਡੀਜ਼ਲ ਵਿਚ ਗਈ ਹਵਾ ਕੱਢਣ ਲਈ ਉਸ ਨੂੰ ਪੰਪ ਕਰਦਾ। ਵਹੀਰ ਵਿਚ ਵਿਚਰਦਿਆਂ ਲੰਗਰ ਦੀ ਸੇਵਾ ਉਹ ਬੜੇ ਚਾਅ ਨਾਲ ਸਾਂਭਦਾ ਸੀ। ਜਿਸ ਕਰ ਕੇ ਆਮ ਸਿੰਘ ਉਸ ਨੂੰ ਵਹੀਰ ਦੀ ਮਾਂ ਕਿਹਾ ਕਰਦੇ ਸਨ।

ਹੌਲੀ-ਹੌਲੀ ਉਸ ਦਾ ਨਾਮ ਪ੍ਰਮੁੱਖ ਨਿਰੰਕਾਰੀਆਂ ਦੀ ਸੋਧ-ਸੁਧਾਈ ਦੇ ਕਈ ਕੇਸਾਂ ਵਿਚ ਬੋਲਣ ਲੱਗਾ। ਮਹਿੰਗਾ ਸਿੰਘ ਬੱਬਰ ਜਥੇਬੰਦੀ ਦੇ ਅਹਿਮ ਸਿੰਘਾਂ ਵਿਚ ਗਿਣਿਆ ਜਾਣ ਲੱਗ ਪਿਆ ਸੀ। ਉਸ ਨੇ ਤਨ, ਮਾਨ, ਧਨ ਕੌਮ ਨੂੰਮ ਅਰਪਣ ਕਰ ਦਿੱਤਾ ਹੋਇਆ ਸੀ। ਸਾਕਾ ਨੀਲਾ ਤਾਰਾ ਤੋਂ ਕੁਝ ਸਮਾਂ ਪਹਿਲਾਂ ਉਹ ਅਨੰਦਪੁਰ ਸਾਹਿਬ ਵੱਲ ਯਾਤਰਾ ਕਰਨ ਗਿਆ ਤੇ ਵਾਪਸ ਮੁੜਦੇ ਸਮੇਂ ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਜੀ ਦੇ ਅਸਥਾਨ 'ਤੇ ਖਲੋ ਕੇ ਮਹਿੰਗਾ ਸਿੰਘ ਬੱਬਰ ਨੇ ਅਰਦਾਸ ਕੀਤੀ:- "ਹੇ ਸੱਚੇ ਪਾਤਸ਼ਾਹ! ਇਸ ਅਸਥਾਨ ਲਈ ਸਿੱਖ ਸੰਗਤਾਂ ਵਿਚ ਇਹ ਗੱਲ ਮਸ਼ਹੂਰ ਹੈ ਕਿ ਜੋ ਵੀ ਅਰਦਾਸ ਏਥੇ ਕੀਤੀ ਜਾਵੇ, ਜੋ ਵੀ ਮੰਗ ਏਥੋ ਮੰਗੀ ਜਾਵੇ, ਉਹ ਜ਼ਰੂਰ ਹੀ ਪੂਰੀ ਹੁੰਦੀ ਹੈ... ਸੁਣਨ ਵਿਚ ਵੀ ਆਉਂਦੈ ਬਾਬਾ ਗੁਰਦਿੱਤਾ ਦੀਨ ਦੁਨੀ ਦਾ ਟਿੱਕਾ, ਜੋ ਵਰ ਮੰਗਿਆ ਸੋ ਵਰ ਦਿੱਤਾ... ਸਤਿਗੁਰੂ! ਮੇਰੀ ਇਹੋ ਮੰਗ ਹੈ ਕਿ ਸੱਚੇ ਪਾਤਸ਼ਾਹ ਸ਼ਹੀਦੀ ਦੀ ਦਾਤ ਬਖ਼ਸ਼ੋ, ਮੇਰਾ ਸਰੀਰ ਪੰਥ ਦੇ ਲੇਖੇ ਲੱਗ ਜਾਵੇ... ਤੇਰੀ ਬਖ਼ਸ਼ੀ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭ ਜਾਵੇ"।

**ਸਾਕਾ ਨੀਲਾ ਤਾਰਾ ਦੇ ਅਣਗੌਲੇ ਜਾਂਬਾਜ਼**



ਸ਼ਹੀਦ ਭਾਈ ਕੁਲਵੰਤ ਸਿੰਘ (ਉਪਨਾਮ: ਮਹਿੰਗਾ ਸਿੰਘ)



ਸ਼ਹੀਦ ਭਾਈ ਅਵਤਾਰ ਸਿੰਘ ਪਾਰੋਵਾਲ

ਅੰਤ ਭਾਈ ਮਹਿੰਗਾ ਸਿੰਘ ਬੱਬਰ ਆਪਣੀ ਕੀਤੀ ਅਰਦਾਸ ਨੂੰ ਤੋੜ-ਨਿਭਾ ਗਿਆ। ਸਤਿਗੁਰੂ ਸੱਚੇ ਪਾਤਸ਼ਾਹ ਨੇ ਉਸ ਦੇ ਮਨ ਦੀ ਰੀਝ ਪੂਰੀ ਕਰ ਦਿੱਤੀ ਅਤੇ ਉਹ ਸਾਕਾ ਨੀਲਾ ਤਾਰਾ ਦਾ ਪਹਿਲਾ ਸ਼ਹੀਦ ਹੋ ਨਿਬੜਿਆ। ਭਾਈ ਮਹਿੰਗਾ ਸਿੰਘ ਬੱਬਰ ਦਾ ਸਸਕਾਰ ਮੰਜੀ ਸਾਹਿਬ ਦੇ ਹਾਲ ਦੇ ਸਾਹਮਣੇ ਕੀਤਾ ਗਿਆ। ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਕਾਲ ਤਖ਼ਤ ਸਾਹਿਬ ਤੋਂ ਉਚੇਚਾ ਚੱਲ ਕੇ ਆਪਣੇ ਸਿੰਘਾਂ ਸਮੇਤ ਸ਼ਹੀਦ ਦੇ ਅੰਤਿਮ ਸਸਕਾਰ 'ਤੇ ਪਹੁੰਚੇ ਅਤੇ ਇਕ ਦੁਸ਼ਾਲਾ ਸ਼ਹੀਦ ਦੇ ਸਰੀਰ 'ਤੇ ਆਪਣੀ ਹੱਥੀਂ ਪਾਇਆ। ਸਾਰੇ ਦਾ ਸਾਰਾ ਪੰਥ ਢੱਕੋ-ਢੱਕੀ ਉਸ ਦੇ ਅੰਤਿਮ ਸਸਕਾਰ 'ਤੇ ਜੁੜ ਗਿਆ। ਸ਼ਹੀਦ ਦੀ ਅੰਤਿਮ ਅਰਦਾਸ ਵਿਚ ਸ਼੍ਰੋਮਣੀ ਅਕਾਲੀ ਦਲ, ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ ਅਤੇ ਸ਼੍ਰੋਮਣੀ ਕਮੇਟੀ ਦੀਆਂ ਅਹਿਮ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਭਾਈ ਮਹਿੰਗਾ ਸਿੰਘ ਬੱਬਰ ਦੀ ਸ਼ਹੀਦੀ ਸਾਕਾ ਨੀਲਾ ਤਾਰਾ ਦੀ ਸ਼ੁਰੂਆਤ ਸੀ।

1 ਜੂਨ ਤੋਂ ਬਾਅਦ ਭਾਵੇਂ ਕਿ ਭਾਰਤੀ ਫੋਰਸਾਂ ਵੱਲੋਂ ਗਾਹੇ-ਬਗਾਹੇ ਸੰਗਤ ਉੱਤੇ ਗੋਲੀਬਾਰੀ ਹੁੰਦੀ ਰਹੀ ਪਰ ਜਰਨਲ ਸੁਬੇਗ ਸਿੰਘ ਦੇ ਆਰਡਰ 'ਤੇ ਸਿੰਘਾਂ ਨੇ ਫਾਇਰਿੰਗ ਨਹੀਂ ਕੀਤੀ। 1 ਤੋਂ 3 ਜੂਨ ਦੇ ਦਿਨ ਤਨਾਅ-ਭਰਪੂਰ ਹੀ ਰਹੇ। 4 ਜੂਨ ਸਵੇਰੇ ਚਾਰ ਕੁ ਵਜਦੇ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਵਿਹੜੇ ਵਿਚ ਫ਼ੌਜਾਂ ਵੱਲੋਂ ਦਾਗਿਆ ਇਕ ਗੋਲਾ ਡਿੱਗਿਆ ਤਾਂ ਸਿੰਘਾਂ ਨੇ ਫਾਇਰ ਖੋਲ੍ਹ ਦਿੱਤੇ। 'ਅਕਾਲ-ਅਕਾਲ' ਦੇ ਆਕਾਸ਼ ਗੁੰਜਾਊ ਨਾਅਰੇ ਅਸਮਾਨ ਨੂੰ ਛੂਹਣ ਲੱਗੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਾਨਸ਼ੀਨ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਸਮਰਪਿਤ ਹੋ ਕੇ ਜਾਨਾਂ ਹੀਲ ਕੇ ਲੜੇ। ਬੱਬਰਾਂ ਨੇ ਵੀ ਬਾਬਾ ਅਟੱਲ ਰਾਏ, ਗੁਰੂ ਨਾਨਕ ਨਿਵਾਸ ਦੀਆਂ ਇਮਾਰਤਾਂ ਵਿਚੋਂ ਭਾਰਤੀ ਫ਼ੌਜਾਂ ਦੇ ਹਮਲੇ ਦਾ ਬਣਦਾ ਜਵਾਬ ਦਿੱਤਾ। ਗੁਰੂ ਨਾਨਕ ਨਿਵਾਸ ਦੇ ਮਗਰ ਵਗਦਾ ਨਾਲਾ ਟੋਪੀਆਂ ਵਾਲਿਆ ਦੀਆਂ ਲਾਸ਼ਾਂ ਨਾ ਤੁੜਿਆ ਗਿਆ। ਜਦੋਂ ਬੱਬਰਾਂ ਕੋਲੋਂ ਅਸਲਾ ਖ਼ਤਮ ਹੋ ਗਿਆ ਅਤੇ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਟੈਂਕ ਦਾਖਲ ਹੋ ਗਏ ਤੇ ਉਨ੍ਹਾਂ ਦੀਆਂ ਸਰਚ-ਲਾਈਟਾਂ ਦੀ ਰੌਸ਼ਨੀ ਸਿੰਘਾਂ ਦੀਆਂ ਅੱਖਾਂ ਚੁੰਧਿਆਉਣ ਲੱਗੀ ਤਾਂ ਉਨ੍ਹਾਂ ਨੇ ਸਿੰਘਾਂ ਦਰਮਿਆਨ ਗੁਰਮਤਾ ਕਰ ਕੇ ਸੰਘਰਸ਼ ਅਗਾਂਹ ਤੋਰਨ ਖਾਤਰ ਮੋਰਚੇ ਛੱਡਣ ਦਾ ਫੈਸਲਾ ਕਰ ਦਿੱਤਾ ਅਤੇ ਬਾਗ ਵਾਲੀ ਗਲੀ ਰਾਹੀਂ 19ਵੀਂ ਸਦੀ ਦੇ ਸਿੰਘਾਂ ਵਾਂਗ ਗੁਰੀਲਾ ਤਕਨੀਕ ਅਪਨਾਉਂਦੇ ਹੋਏ ਹਰਨ ਹੋ ਗਏ।

ਜਿੱਥੇ ਸ਼ਾਹਦਤਾਂ ਪਾਉਣ ਵਿਚ ਖਾੜਕੂ ਸਿੰਘਾਂ ਨੇ ਦਲੇਰੀ ਦਿਖਾਈ, ਉੱਤੇ ਆਮ ਸੰਗਤ ਵਿਚ ਗਏ ਕਈ ਗੁਰਮੁਖ ਪਿਆਰਿਆਂ ਨੇ ਵੀ ਦਰਬਾਰ ਸਾਹਿਬ ਅੰਦਰ ਕੀਰਤਨ ਦੀ ਮਰਿਯਾਦਾ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਦੀ ਪਰਵਾਹ ਨਹੀਂ ਕੀਤੀ। ਜਿਨ੍ਹਾਂ ਵਿਚ ਕੀਰਤਨੀ ਸੂਰਮੇ-ਸਿੰਘ ਭਾਈ ਅਮਰੀਕ ਸਿੰਘ ਦਾ ਜਥਾ ਕੀਰਤਨ ਕਰ ਕੇ ਵਾਪਸ ਮੁੜਦਾ ਹੋਇਆ ਇਲਾਇਚੀ ਬੇਰੀ ਕੋਲ ਭਾਰਤੀ ਫ਼ੌਜਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ। 6 ਜੂਨ ਦੀ ਸਵੇਰ ਦਰਬਾਰ ਸਾਹਿਬ ਅੰਦਰ ਕੋਈ ਕੀਰਤਨੀਆ ਨਾ ਜਾ ਸਕਿਆ ਤਾਂ ਅਖੰਡ ਕੀਰਤਨੀ ਜਥੇ ਨਾਲ ਸੰਬੰਧਿਤ ਕੀਰਤਨੀਏ ਭਾਈ ਗੁਰਦਿਆਲ ਸਿੰਘ ਹੋਰਾਂ ਨੇ ਕੀਰਤਨ-ਹਾਜ਼ਰੀਆਂ ਭਰੀਆਂ। ਉਨ੍ਹਾਂ ਦੇ ਇਕ ਹੋਰ ਸਾਥੀ ਭਾਈ ਅਵਤਾਰ ਸਿੰਘ ਪਾਰੋਵਾਲ 6 ਜੂਨ ਨੂੰ ਸਵੇਰੇ ਕੀਰਤਨ-ਹਾਜ਼ਰੀਆਂ ਭਰਦੇ ਹੋਏ ਗੋਲੀ ਲੱਗਣ ਕਰ ਕੇ ਦਰਬਾਰ ਸਾਹਿਬ ਅੰਦਰ ਹੀ ਜਾਮ-ਏ-ਸ਼ਹਾਦਤ ਪੀ ਗਏ। ਇਸੇ ਤਰ੍ਹਾਂ ਸ਼ਹੀਦ ਭਾਈ ਫੌਜਾ ਸਿੰਘ ਦੀ ਸਿੰਘਣੀ ਦੀ ਭੈਣ ਪਰਮਜੀਤ ਕੌਰ ਲਾਡੀ, ਬਾਬਾ ਸਵਾਇਆ ਸਿੰਘ ਜੀ ਦੀ ਛਬੀਲ ਕੋਲ ਸ਼ਹਾਦਤ ਪ੍ਰਾਪਤ ਗਈ। ਬੀਬੀ ਲਾਡੀ ਵੀ ਗੁਰੂ-ਪ੍ਰੇਮ ਵਿਚ ਭਿੱਜੀ ਹੋਈ ਰੂਹ ਸੀ। ਬੀਬੀ ਦਾ ਪਤੀ ਹਰਬੰਸ ਸਿੰਘ ਵਿਆਹ ਤੋਂ ਪਹਿਲਾਂ ਅੰਮ੍ਰਿਤਧਾਰੀ ਨਹੀਂ ਸੀ, ਸਗੋਂ ਬੀਬੀ ਜੀ ਦੀ ਸੰਗਤ ਕਰ ਕੇ ਉਸ ਦਾ ਜੀਵਨ ਬਦਲ ਗਿਆ ਸੀ। ਬੀਬੀ ਪਰਮਜੀਤ ਕੌਰ ਬੀ.ਏ. ਪਾਸ ਸੀ ਤੇ ਉਸ ਨੇ ਬਾਬਾ ਬੁੱਢਾ ਜੀ ਦੀ ਬੇਰੀ ਪਾਸ ਇਕ ਨਿੱਜੀ ਲਾਇਬ੍ਰੇਰੀ ਬਣਾਈ ਹੋਈ ਸੀ, ਜਿੱਥੋਂ ਸੰਗਤਾਂ ਪੜ੍ਹਨ ਲਈ ਗੁਰਮਤਿ ਲਿਟਰੇਚਰ ਫਰੀ ਪ੍ਰਾਪਤ ਕਰਦੀਆਂ ਸਨ। ਭਾਈ ਫ਼ੌਜਾ ਸਿੰਘ ਉਸ ਨੂੰ 'ਸ਼ਹੀਦ-ਰੂਹ' ਕਿਹਾ ਕਰਦੇ ਸਨ। ਬੀਬੀ ਵਿਚ ਸਿੱਖੀ ਪ੍ਰਚਾਰ ਦੀ ਬੜੀ ਲਗਨ ਸੀ। ਉਹ ਘਰੇਲੂ ਕੰਮਾਂ-ਕਾਰਾਂ ਨੂੰ ਜਲਦੀ ਨਿਬੇੜ ਕੇ ਹਰ ਰੋਜ਼ ਬਾਬਾ ਅਟੱਲ ਰਾਏ ਵਿਖੇ ਨਿੱਕੇ-ਨਿੱਕੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਇਆ ਕਰਦੀ ਸੀ।

ਬੀਬੀ ਦੀ ਸੰਗਤ ਨਾਲ ਕਈ ਭੁਝੰਗੀ ਅੰਮ੍ਰਿਤਧਾਰੀ ਹੋਏ। 4 ਜੂਨ ਨੂੰ ਬੀਬੀ ਪਰਮਜੀਤ ਕੌਰ ਆਪਣੀ ਇਕ ਹੋਰ ਸਾਥਣ ਇੰਦਰਜੀਤ ਕੌਰ ਨਾਲ ਦਰਬਾਰ ਸਾਹਿਬ ਆਈ ਤੇ 6 ਜੂਨ ਸਵੇਰ ਤਕ ਬਾਲਟੀ ਵਿਚ ਪਾਣੀ ਭਰ ਕੇ ਹੱਥ ਵਿਚ ਬਾਟਾ ਫੜ ਕੇ ਮੋਰਚਿਆਂ ਉੱਪਰ ਲੜਨ ਵਾਲੇ ਸਿੰਘਾਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੀ ਰਹੀ। ਬੀਬੀ ਅਮਰਜੀਤ ਕੌਰ (ਸੁਪਤਨੀ ਫ਼ੌਜਾ ਸਿੰਘ) ਨੂੰ ਲੈਣ ਵਾਸਤੇ ਸਰਾਂ ਵਾਲੇ ਪਾਸੇ ਤੋਂ ਇਕ ਸਿੰਘ ਆਇਆ ਤਾਂ ਉਹਨਾਂ ਨੇ ਬੀਬੀ ਪਰਮਜੀਤ ਕੌਰ ਨੂੰ ਨਾਲ ਜਾਣ ਨੂੰ ਕਿਹਾ, ਪਰ ਪਰਮਜੀਤ ਕੌਰ ਨੇ ਵਾਰ-ਵਾਰ ਕਹਿਣ 'ਤੇ ਵੀ ਜਾਣ ਤੋਂ ਮਨਾ ਤੋਂ ਕਰ ਦਿੱਤਾ ਅਤੇ ਕਿਹਾ ਕਿ ਜਿਹੜਾ ਅੱਜ ਇਥੇ ਸ਼ਹੀਦ ਹੋਵੇਗਾ, ਉਹ ਸਿੱਧਾ ਹੋਵੇਗਾ, ਉਹ ਸਿੱਧਾ ਗੁਰੂ ਗੋਬਿੰਦ ਸਿੰਘ ਦੀ ਗੋਦ ਵਿਚ ਜਾਵੇਗਾ। ਸਿੰਘਾਂ ਦੀ ਸੇਵਾ ਕਰਦੀ ਹੋਈ, ਜਦੋਂ ਉਹ ਪਾਣੀ ਵਰਤਾ ਰਹੀ ਸੀ ਤਾਂ ਫ਼ੌਜੀਆਂ ਨੇ ਉਸ ਉੱਪਰ ਗਰਨੇਡ ਸੁੱਟਿਆ ਤੇ ਉਹ ਸ਼ਹੀਦੀ ਪ੍ਰਾਪਤ ਕਰ ਗਈ। ਉਸ ਦੀ ਸਾਥਣ ਬੀਬੀ ਇੰਦਰਜੀਤ ਕੌਰ ਸਖ਼ਤ ਜ਼ਖ਼ਮੀ ਹੋ ਗਈ ਅਤੇ ਆਪਣੀ ਇਕ ਅੱਖ ਗਵਾ ਬੈਠੀ। ਬਾਅਦ ਵਿਚ ਬੀਬੀ ਇੰਦਰਜੀਤ ਕੌਰ ਨੂੰ ਜੋਧਪੁਰ ਜੇਲ੍ਹ ਵੀ ਜਾਣਾ ਪਿਆ।

ਓੜਕ ਸੰਤ ਗਿਆਨੀ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨਾਲ ਸਾਥ ਨਿਭਾਉਂਦੇ ਹੋਏ ਅਨੇਕਾਂ ਸੂਰਬੀਰਾਂ ਨੇ ਲਾੜੀ ਮੌਤ ਨੂੰ ਵਰ੍ਹ ਲਿਆ ਪਰ ਗੁਲਾਮੀ ਦੀ ਜ਼ਿੰਦਗੀ ਕਬੂਲ ਨਹੀਂ ਕੀਤੀ। ਭਾਈ ਮਹਿੰਗਾ ਸਿੰਘ ਬੱਬਰ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਬਾਬਾ ਨਾਹਰ ਸਿੰਘ, ਭਾਈ ਅਮਰੀਕ ਸਿੰਘ, ਭਾਈ ਮੇਜਰ ਸਿੰਘ ਨਾਗੋਕੇ, ਭਾਈ ਸੁਰਿੰਦਰ ਸਿੰਘ ਨਾਗੋਕੇ ਤੇ ਅਨੇਕਾਂ ਸੂਰਬੀਰ ਯੋਧਿਆਂ ਦੀਆਂ ਸ਼ਹਾਦਤਾਂ ਸਿੱਖ ਇਤਿਹਾਸ ਦਾ ਸੁਨਹਿਰੀ ਅੰਕ ਹੋ ਨਿਬੜੀਆਂ ਹਨ। ਅਸੀਂ ਸਾਕਾ ਨੀਲਾ ਤਾਰਾ ਦੇ ਸਮੂਹ ਜਾਂਬਾਜ਼ ਯੋਧਿਆਂ ਸਿੰਘਾਂ, ਸਿੰਘਣੀਆਂ ਅਤੇ ਇਸ ਕਾਂਡ ਦੇ ਮਹਾਂਨਾਇਕ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆ ਨੂੰ ਕਰੋੜ ਵਾਰ ਸੀਸ ਨਿਵਾਉਂਦੇ ਹਾਂ। ਆਓ, ਸਾਰੇ ਰਲ ਕੇ ਸ਼ਹੀਦਾਂ ਦੇ ਉਲੀਕੇ ਪ੍ਰੋਗਰਾਮ ਨੂੰ ਅੱਗੇ ਵਧਾਈਏ। ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇਣਾ ਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ.........।

**ਜ਼ਿੰਦਾ ਰਹਿਨਾ ਚਾਹਤੇ ਹੋ ਤੋ ਕੋਹਰਾਮ ਮਚਾ ਦੋ,**
**ਯਹ ਮਜ਼ਾਜ਼ੇ ਖਾਮੋਸ਼ੀ ਤੁਮ੍ਹੇ ਜੀਨੇ ਨਹੀਂ ਦੇਗੀ...।**

# ਜੂਨ 84

## ਫੌਜੀ ਹਮਲੇ ਲਈ ਸ਼ਹੀਦੀ ਪੁਰਬ ਵਾਲਾ ਦਿਹਾੜਾ ਹੀ ਕਿਉਂ ਚੁਣਿਆ ਗਿਆ?



ਗੁਰਪ੍ਰੀਤ ਸਿੰਘ ਮੰਡਿਆਣੀ

ਫੌਜ ਵੱਲੋਂ "ਬਲਿਊ ਸਟਾਰ" ਦੇ ਨਾਂ ਹੇਠ ਸਾਕਾ ਵਰਤਾਉਣ ਲਈ ਚੁਣੇ ਗਏ ਦਿਨ ਬਾਰੇ ਅੱਜ ਤੱਕ ਕੋਈ ਤਸੱਲੀ ਬਖ਼ਸ਼ ਸਰਕਾਰੀ ਬਿਆਨ ਸਾਹਮਣੇ ਨਹੀਂ ਆਇਆ। 3 ਜੂਨ 1984 ਨੂੰ ਗੁਰੂ ਅਰਜਨ ਪਾਤਸ਼ਾਹ ਦਾ ਸ਼ਹੀਦੀ ਪੁਰਬ ਸੀ ਇਹ ਦਿਹਾੜਾ ਮਨਾਉਣ ਖ਼ਾਤਰ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਦਰਬਾਰ ਸਾਹਿਬ ਇਕੱਠੀਆਂ ਹੁੰਦੀਆਂ ਆਈਆਂ ਸਨ ਤੇ 3 ਜੂਨ '84 ਨੂੰ ਵੀ ਆਈਆਂ। ਜਿਨ੍ਹਾਂ 'ਚੋਂ ਵਧੇਰੇ ਗਿਣਤੀ ਵਿੱਚ ਦੂਰ-ਦੁਰਾਡਿਓਂ ਆਉਣ ਵਾਲੀਆਂ ਸੰਗਤਾਂ ਹੁੰਦੀਆਂ ਸਨ ਤੇ ਉਹ ਰਾਤ ਵੀ ਦਰਬਾਰ ਸਾਹਿਬ ਵਿੱਚ ਹੀ ਬਿਤਾਉਂਦੀਆਂ ਆਈਆਂ ਸਨ। 3 ਜੂਨ ਸ਼ਾਮ ਨੂੰ ਕਰਫਿਊ ਲੱਗ ਗਿਆ ਜਿਸ ਕਰਕੇ ਸਾਰੀਆਂ ਸੰਗਤਾਂ ਇੱਥੇ ਹੀ ਘਿਰ ਗਈਆਂ। ਇਸ ਗੱਲ ਦਾ ਫੌਜ, ਖ਼ੁਫ਼ੀਆ ਏਜੰਸੀਆਂ ਤੇ ਸਰਕਾਰ ਸਮੇਤ ਸਭ ਨੂੰ ਇਲਮ ਸੀ ਕਿ ਇਸ ਦਿਨ ਕੀਤੇ ਗਏ ਫੌਜੀ ਹਮਲੇ ਵਿੱਚ ਹਜ਼ਾਰਾਂ ਬੇਗੁਨਾਹ ਬੱਚੇ, ਬੁੱਢੇ ਤੇ ਔਰਤਾਂ ਮਾਰੇ ਜਾ ਸਕਦੇ ਹਨ। ਇਸ ਦੇ ਬਾਵਜੂਦ ਵੀ ਇਹ ਦਿਨ ਹੀ ਕਿਉਂ ਚੁਣਿਆ ਗਿਆ। ਸਰਕਾਰ ਵੱਲੋਂ ਜਾਰੀ ਕੀਤੇ ਗਏ ਵਾਈਟ ਪੇਪਰ ਵਿੱਚ ਵੀ ਇਸ ਗੱਲ ਦੀ ਕੋਈ ਵਜ਼ਾਹਤ ਨਜ਼ਰ ਨਹੀਂ ਆਉਂਦੀ।

ਫੌਜੀ ਹੱਲੇ ਦੇ ਮੁਗ਼ੈਲੀ ਰਹੇ ਜਨਰਲ ਕੁਲਦੀਪ ਸਿੰਘ ਬਰਾੜ ਆਪਦੇ ਵੱਲੋਂ ਲਿਖੀ ਗਈ ਕਿਤਾਬ 'ਓਪਰੇਸ਼ਨ ਬਲੂ ਸਟਾਰ ਅਸਲ ਕਹਾਣੀ' ਦੇ ਮੁੱਢ ਵਿੱਚ ਸਫ਼ਾ 17 'ਤੇ ਦੱਸਦਾ ਹੈ ਕਿ ਇਸ ਗੱਲ ਦਾ ਮੈਂ ਅਗਾਂਹ ਜਾ ਕੇ ਜਵਾਬ ਦੇਵਾਂਗਾ ਕਿ ਇਹ ਦਿਨ ਹੀ ਕਿਉਂ ਚੁਣਿਆ ਗਿਆ। ਅਗਾਂਹ ਜਾ ਕੇ ਜਿਹੜਾ ਉਹਨੇ ਜਵਾਬ ਦਿੱਤਾ ਹੈ ਉਹ ਕੱਚੀ ਕਉਡੀ ਵਰਗਾ ਵੀ ਨਹੀਂ। ਸਫ਼ਾ 81 'ਤੇ ਉਹ ਇਸ ਜਵਾਬ ਦਿੰਦਾ ਹੋਇਆ ਲਿਖਦਾ ਹੈ ਕਿ 'ਬਲੂ ਸਟਾਰ ਕਾਰਵਾਈ ਤੋਂ ਪਿੱਛੋਂ ਹੋਈ ਚਰਚਾ ਦੌਰਾਨ ਇਸ ਦੇ ਜਿਹੜੇ ਪੱਖ ਉਤੇ ਸਭ ਤੋਂ ਜ਼ਿਆਦਾ ਬਹਿਸ ਹੋਈ ਉਹ ਇਸ ਨੂੰ ਆਰੰਭ ਕਰਨ ਦੀ ਤਾਰੀਖ ਹੈ। ਸਰਕਾਰ ਨੂੰ ਉਸ ਦੇ ਇਸ ਫੈਸਲੇ ਵਾਸਤੇ ਦੋਸ਼ੀ ਠਹਿਰਾਇਆ ਗਿਆ ਹੈ ਕਿ ਉਸਨੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਦੇ ਮੌਕੇ ਫੌਜ ਨੂੰ ਦਰਬਾਰ ਸਾਹਿਬ ਅੰਦਰ ਭੇਜਣ ਦਾ ਹੁਕਮ ਦਿੱਤਾ ਜਿਸ ਦੇ ਫਲਸਰੂਪ ਸ਼ਰਧਾਲੂਆਂ ਦੀ ਬਹੁਤ ਵੱਡੀ ਗਿਣਤੀ ਅੰਦਰ ਫਸ ਗਈ ਅਤੇ ਉਹਨਾਂ ਵਿੱਚੋਂ ਕਈਆਂ ਦੀਆਂ ਕਾਰਵਾਈ ਦੌਰਾਨ ਜਾਨਾਂ ਗਈਆਂ। ਮੈਨੂੰ ਇਹ ਮੰਨਣ ਵਿੱਚ ਕੋਈ ਝਿਜਕ ਨਹੀਂ ਕਿ ਮੈਂ ਜ਼ੋਰਦਾਰ ਢੰਗ ਨਾਲ ਮਹਿਸੂਸ ਕਰਦਾ ਹਾਂ ਕਿ ਇਹ ਇਲਜ਼ਾਮ ਸਰਾਸਰ ਅਕਾਲੀ ਆਗੂਆਂ ਉਤੇ ਲਗਦਾ ਹੈ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ 3 ਜੂਨ ਨੂੰ ਰਾਜ ਵਿਆਪੀ ਮੋਰਚਾ ਲਾਉਣ ਦਾ ਐਲਾਨ ਕੀਤਾ। ਜਿਸ ਵੇਲੇ ਪੰਜਾਬ ਵਿੱਚ ਹਿੰਸਾ ਤੇ ਲਾਕਾਨੂੰਨੀ ਸਹਿਣਯੋਗ ਹੱਦਾਂ-ਬੰਨੇ ਟੱਪ ਗਈ ਸੀ ਅਤੇ ਵੱਖਵਾਦੀ ਸਰਗਰਮੀਆਂ ਆਪਣੀ ਸਿਖਰ ਉਤੇ ਸਨ, ਲੌਂਗੋਵਾਲ ਵੱਲੋਂ ਐਲਾਨੇ ਮੋਰਚੇ ਨੇ ਮਾਮਲੇ ਦੀ ਗੰਭੀਰਤਾ ਵਿੱਚ ਹੋਰ ਵਾਧਾ ਹੀ ਕੀਤਾ ਅਤੇ "ਸ੍ਰੀਮਤੀ" ਇੰਦਰਾ ਗਾਂਧੀ ਲਈ ਹੋਰ ਕੋਈ ਚਾਰਾ ਨਾ ਰਹਿਣ ਦਿੱਤਾ। ਅਕਾਲੀਆਂ ਨੂੰ ਇਸ ਗੱਲ ਵਾਸਤੇ ਪ੍ਰੇਰਿਆ ਕਿਉਂ ਨਾ ਜਾ ਸਕਿਆ ਕਿ ਉਹ ਆਪਣਾ ਮੋਰਚਾ ਕੁਝ ਦਿਨ ਬਾਅਦ ਵਿੱਚ ਲਾ ਲੈਣ?'

ਬਰਾੜ ਆਪਣੇ ਇਸ ਜਵਾਬ ਵਿੱਚ ਇਹ ਦੱਸਦਾ ਹੈ ਕਿ ਕਿਉਂਕਿ ਅਕਾਲੀਆਂ ਨੇ 3 ਜੂਨ ਨੂੰ ਰਾਜ ਵਿਆਪੀ ਮੋਰਚਾ ਲਾਉਣ ਦਾ ਐਲਾਨ ਕੀਤਾ। ਇੱਥੇ ਉਹ ਮੋਰਚੇ ਦੀ ਕਿਸਮ ਦੱਸਣੀ ਭੁੱਲਿਆ ਨਹੀਂ ਬਲਕਿ ਚਲਾਕੀ ਨਾਲ ਲਕੋ ਗਿਆ ਹੈ। ਅਕਾਲੀ ਦਲ ਦਾ ਧਰਮ ਯੁੱਧ ਮੋਰਚਾ ਤਾਂ ਪਹਿਲਾਂ ਹੀ ਚੱਲ ਰਿਹਾ ਸੀ ਇਸ ਵਿੱਚ ਉਹਨੇ ਇੱਕ ਨਵਾਂ ਐਕਸ਼ਨ ਐਲਾਨਿਆ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ 3 ਜੂਨ ਨੂੰ ਉਹ ਪੰਜਾਬ ਵਿੱਚੋਂ ਬਾਹਰਲੇ ਸੂਬਿਆਂ ਨੂੰ ਭੇਜੇ ਜਾ ਰਹੇ ਅਨਾਜ ਦੀ ਸਪਲਾਈ ਨੂੰ ਰੋਕਣਗੇ। ਪੰਜਾਬ ਵਿੱਚੋਂ ਅਨਾਜ ਦੀ ਸਪਲਾਈ ਕੁਝ ਦਿਨਾਂ ਵਾਸਤੇ ਰੁਕਣ ਨਾਲ ਦੇਸ਼ ਨੂੰ ਕੋਈ ਫੌਰੀ ਆਫ਼ਤ ਨਹੀਂ ਸੀ ਆਉਣ ਲੱਗੀ। ਅਨਾਜ ਦੀ ਸਪਲਾਈ ਰੋਕਣ ਦੀ ਸਵਿੱਚ ਵੀ ਕੋਈ ਦਰਬਾਰ ਸਾਹਿਬ ਵਿੱਚ ਨਹੀਂ ਸੀ ਲੱਗੀ ਹੋਈ ਜੋ ਕਿ ਉਥੇ ਜਾ ਕੇ ਹੀ ਕੱਟਣੀ ਪੈਣੀ ਸੀ। ਜਿੱਥੇ-ਜਿੱਥੇ ਅਨਾਜ ਦੀ ਸਪਲਾਈ ਰੋਕੀ ਜਾਂਦੀ ਸਰਕਾਰ ਉਥੇ ਤਾਕਤ ਵਰਤ ਸਕਦੀ ਸੀ। ਨਾਲੇ ਸਾਰੇ ਦੇਸ਼ ਵਿੱਚ 6 ਮਹੀਨਿਆਂ ਜੋਗਾ ਅੰਨ ਭੰਡਾਰ ਹਮੇਸ਼ਾਂ ਮੌਜੂਦ ਰਹਿੰਦਾ ਹੈ। ਸੋ ਇਹ ਬਹਾਨਾ ਕਿਸੇ ਵੀ ਤਰੀਕੇ ਨਾਲ ਯੋਗ ਨਹੀਂ ਮੰਨਿਆ ਜਾ ਸਕਦਾ। ਬਰਾੜ ਲਿਖਦਾ ਹੈ ਕਿ ਅਕਾਲੀ ਮੋਰਚੇ ਨੇ ਮਸਲੇ ਦੀ ਗੰਭੀਰਤਾ ਵਿੱਚ ਹੋਰ ਵਾਧਾ ਕੀਤਾ ਹੈ ਅਤੇ ਇੰਦਰਾ ਗਾਂਧੀ ਕੋਲ ਹੋਰ ਕੋਈ ਚਾਰਾ ਨਾ ਰਹਿਣ ਦਿੱਤਾ। ਬਰਾੜ ਨੇ 'ਹੋਰ ਕੋਈ ਚਾਰਾ' ਦਾ ਅਰਥ ਤਾਂ ਨਹੀਂ ਦੱਸਿਆ ਪਰ ਜਦੋਂ ਉਹ 3 ਜੂਨ ਦਾ ਦਿਨ ਚੁਣੇ ਜਾਣ ਦਾ ਜਵਾਬ ਦੇ ਰਿਹਾ ਹੈ ਤਾਂ ਇਹਦਾ ਅਰਥ ਇਹੀ ਸਮਝਿਆ ਜਾ ਸਕਦਾ ਹੈ ਕਿ ਇੰਦਰਾ ਗਾਂਧੀ ਕੋਲ ਫੌਜੀ ਹਮਲੇ ਖ਼ਾਤਰ 3 ਜੂਨ ਦਾ ਦਿਨ ਮੁਕਰਰ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਪਾਠਕ ਖ਼ੁਦ ਸਮਝ ਸਕਦੇ ਹਨ ਕਿ ਬਰਾੜ ਵੱਲੋਂ ਕੀਤੀ ਗਈ ਇਹ ਵਜ਼ਾਹਤ ਕਿੰਨੀ ਕੱਚੀ ਪਿੱਲੀ ਹੈ ਕਿਉਂਕਿ ਅਨਾਜ ਦੀ ਸਪਲਾਈ ਰੋਕਣ ਦੀ ਕਾਰਵਾਈ ਦੀ ਤੁਲਨਾ ਦੇਸ਼ 'ਤੇ ਕਿਸੇ ਬਾਹਰੀ ਹਮਲੇ ਦੇ ਖ਼ਤਰੇ ਨਾਲ ਨਹੀਂ ਕੀਤੀ ਜਾ ਸਕਦੀ ਕਿ ਜਿਸ ਖ਼ਾਤਰ ਫੌਜ ਨੂੰ ਐਨਾ ਫੌਰੀ ਐਕਸ਼ਨ ਲੈਣਾ ਪੈਂਦਾ ਕਿ ਕਿਸੇ ਤਰੀਕ-ਤਰੂਕ ਦੀ ਪ੍ਰਵਾਹ ਨਾ ਕੀਤੀ ਜਾਂਦੀ।

ਚਲੋ ਤਰੀਕ ਦੀ ਵੀ ਗੱਲ ਛੱਡੋ ਜੇ ਸਰਕਾਰ ਦੀ ਨਜ਼ਰ ਵਿੱਚ ਆਮ ਲੋਕਾਂ ਨੂੰ ਫੌਜੀ ਹਮਲੇ ਦੀ ਮਾਰ ਹੇਠ ਆਉਣ ਤੋਂ ਬਚਾਉਣ ਦਾ ਮਕਸਦ ਮੂਹਰੇ ਹੁੰਦਾ ਤਾਂ ਸੰਗਤਾਂ ਨੂੰ ਕਰਫਿਊ ਲਾ ਕੇ ਜਾਂ ਕਿਸੇ ਹੋਰ ਤਰੀਕੇ ਨਾਲ ਸ਼ਹੀਦੀ ਪੁਰਬ ਵਾਲੇ ਦਿਨ ਉਥੇ ਇਕੱਠਾ ਹੋਣੋਂ ਰੋਕ ਸਕਦੀ ਸੀ। ਕਰਫਿਊ ਲਗਾਉਣ ਦੀ ਬਜਾਏ ਸੰਗਤਾਂ ਦੇ ਆਉਣ ਵੇਲੇ ਕੋਈ ਕਰਫਿਊ ਨਹੀਂ ਸੀ ਬਲਕਿ ਸੰਗਤਾਂ ਦੇ ਵਾਪਸ ਆਉਣ ਵੇਲੇ ਕਰਫਿਊ ਲਾਇਆ ਗਿਆ। ਸਰਕਾਰ ਕੋਲ ਸੰਗਤਾਂ ਨੂੰ ਹਮਲੇ ਤੋਂ ਪਹਿਲਾਂ ਦਰਬਾਰ ਸਾਹਿਬ ਆਉਣੋਂ ਰੋਕਣ ਦੀ ਵਿਉਂਤਬੰਦੀ ਕਰਨ ਦਾ ਪੂਰਾ ਸਮਾਂ ਸੀ। ਕਿਉਂਕਿ ਸਰਕਾਰ ਨੇ ਤਾਂ ਹਮਲੇ ਦਾ ਸਾਰਾ ਟਾਈਮ ਟੇਬਲ ਕਈ ਹਫ਼ਤੇ ਪਹਿਲਾਂ ਹੀ ਬਣਾ ਲਿਆ ਸੀ। ਫੌਜੀ ਕੁਮਕ 29 ਮਈ ਤੋਂ ਹੀ ਅੰਮ੍ਰਿਤਸਰ ਛਾਉਣੀ ਵਿੱਚ ਦੂਰ-ਦਰਾਉਂਡਿਓਂ ਚੱਲ ਕੇ ਆਉਣੀ ਸ਼ੁਰੂ ਹੋ ਗਈ ਸੀ। 9 ਇਨਫੈਂਟਰੀ ਬ੍ਰਿਗੇਡ ਦੀਆਂ ਕੁਝ ਟੁੱਕੜੀਆਂ 465 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਮੇਰਠ ਤੋਂ ਅੰਮ੍ਰਿਤਸਰ ਪੁੱਜ ਚੁੱਕੀਆਂ ਸਨ। ਇਹਦਾ ਭਾਵ ਇਹ ਕਿ ਇਹ ਫੌਜ 27 ਮਈ ਨੂੰ ਮੇਰਠੋਂ ਚੱਲੀ ਹੋਵੇਗੀ। ਘੱਟੋ-ਘੱਟ 2 ਦਿਨ ਉਹਨੇ ਤਿਆਰੀ ਵਿੱਚ ਵੀ ਲਾਏ ਹੋਣਗੇ। ਘੱਟੋ ਘੱਟ 1 ਦਿਨ ਪਹਿਲਾਂ ਇਸ ਦਾ ਅਫ਼ਸਰਾਂ ਨੇ ਫੈਸਲਾ ਲੈ ਲਿਆ ਹੋਵੇਗਾ। ਇਸ ਦਾ ਮਤਲਬ ਇਹ ਬਣਿਆ ਕਿ ਫੌਜੀ ਆਪ੍ਰੇਸ਼ਨ ਦੀ ਸ਼ੁਰੂਆਤ ਘੱਟੋ ਘੱਟ 24 ਮਈ ਨੂੰ ਹੀ ਸ਼ੁਰੂ ਹੋ ਗਈ ਸੀ। ਜੇ 3 ਤੇ 4 ਜੂਨ ਦੀ ਰਾਤ ਨੂੰ ਹੀ ਫੌਜ ਵੱਲੋਂ ਹਮਲਾ ਕੀਤੇ ਜਾਣ ਦੀ ਕੋਈ ਮਜਬੂਰੀ ਵੀ ਸੀ ਤਾਂ 3 ਜੂਨ ਨੂੰ ਸ਼ਹੀਦੀ ਪੁਰਬ ਦੇ ਮੱਦੇਨਜ਼ਰ ਸੰਗਤਾਂ ਨੂੰ ਉਥੇ ਇਕੱਠੀਆਂ ਹੋਣ ਤੋਂ ਰੋਕਣ ਖ਼ਾਤਰ ਕੋਈ ਤਰੀਕਾ ਅਖ਼ਤਿਆਰ ਕਰਨ ਖ਼ਾਤਰ ਸਰਕਾਰ ਕੋਲ ਕਾਫ਼ੀ ਸਮਾਂ ਸੀ। ਬਰਾੜ ਸਣੇ ਕਿਸੇ ਹੋਰ ਨੇ ਵੀ ਸਰਕਾਰੀ ਪੱਧਰ 'ਤੇ ਅਜਿਹਾ ਤਰੀਕਾ ਏ ਕਾਰ ਅਖਤਿਆਰ ਨਾ ਕਰ ਸਕਣ ਦੀ ਕੋਈ ਵਜ਼ਾਹਤ ਨਹੀਂ ਕੀਤੀ ਗਈ।

ਪੰਜਾਬ ਵਿੱਚ ਇਸ ਦੌਰਾਨ 7 ਡਵੀਜ਼ਨ ਫੌਜ ਦੀ ਤਾਇਨਾਤੀ ਕੀਤੀ ਗਈ ਸੀ। ਜੋ ਕਿ ਜ਼ਿਆਦਾਤਰ ਪੰਜਾਬ ਦੇ ਬਾਹਰੋਂ ਢੋਈ ਗਈ। ਇਹ ਸੜਕਾਂ ਰਾਹੀਂ ਹੀ ਆਈ। ਜੋ ਕਿ ਹਰੇਕ ਜਣੇ-ਖਣੇ ਨੂੰ ਨਜ਼ਰ ਪੈਂਦੀ ਸੀ। ਪੰਜਾਬ ਅਤੇ ਦੇਸ਼ ਦੇ ਹੋਰ ਸਾਰੇ ਅਖ਼ਬਾਰਾਂ ਨੇ ਪੰਜਾਬ ਵਿੱਚ ਆ ਰਹੀ ਫੌਜ ਬਾਰੇ ਕੋਈ ਖ਼ਬਰ ਨਸ਼ਰ ਨਹੀਂ ਕੀਤੀ। ਉਨੀ ਦਿਨੀਂ ਤਾਰਾਂ ਵਾਲੇ ਟੈਲੀਫੋਨ ਵੀ ਟਾਵੇਂ ਟੱਲੇ ਕੀ ਹੁੰਦੇ ਸਨ। ਕੋਈ ਮੋਬਾਈਲ ਫੋਨ ਨਹੀਂ ਸੀ ਹੁੰਦਾ। ਕੋਈ ਪ੍ਰਾਈਵੇਟ ਟੀ.ਵੀ. ਚੈਨਲ ਦੀ ਹੋਂਦ ਨਹੀਂ ਸੀ। ਗੈਰ ਸਰਕਾਰੀ ਖ਼ਬਰ ਦਾ ਇੱਕੋ ਇੱਕ ਸਾਧਨ ਅਖ਼ਬਾਰ ਹੀ ਹੁੰਦੇ ਸਨ ਜਿਨ੍ਹਾਂ ਨੇ ਪੰਜਾਬ ਵਿੱਚ ਆ ਰਹੀ ਫੌਜ ਦੀ ਜਾਣਕਾਰੀ ਨੂੰ ਲੋਕਾਂ ਤੋਂ ਜਾਣਬੁੱਝ ਕੇ ਲਕੋ ਕੇ ਰੱਖਿਆ। ਜੇ ਇਸ ਗੱਲ ਦੀ ਜਾਣਕਾਰੀ ਮਿਲ ਜਾਂਦੀ ਤਾਂ ਸ਼ਹੀਦੀ ਪੁਰਬ 'ਤੇ ਸੰਗਤਾਂ ਦਾ ਇਕੱਠ ਬਹੁਤ ਥੋੜ੍ਹਾ ਹੋਣਾ ਸੀ। ਉਸ ਵੇਲੇ ਇੰਡੀਅਨ ਐਕਸਪ੍ਰੈਸ ਅਖ਼ਬਾਰ ਦੇ ਉਘੇ ਪੱਤਰਕਾਰ ਰਹੇ ਕੰਵਰ ਸੰਧੂ (ਅੱਜ ਕੱਲ੍ਹ ਵਿਧਾਇਕ) ਨੇ ਆਪਣੀ ਡਾਕੂਮੈਂਟਰੀ ਵਿੱਚ ਦੱਸਿਆ ਹੈ ਕਿ 'ਮੈਂ ਫੌਜ ਦੀ ਆਮਦ ਸਬੰਧੀ 30 ਮਈ ਨੂੰ ਇੱਕ ਖ਼ਬਰ ਆਪਣੇ ਅਖ਼ਬਾਰ ਨੂੰ ਘੱਲੀ ਤੇ ਅਖ਼ਬਾਰ ਦੇ ਦਿੱਲੀ ਵਿਚਲੇ ਹੈਡਕੁਆਟਰ ਨੇ ਖ਼ਬਰ ਇਹ ਕਹਿ ਕੇ ਰੋਕ ਲਈ ਹੈ ਕਿ ਇਸ ਵਿੱਚ ਕੋਈ ਸੱਚਾਈ ਨਹੀਂ। ਸੰਧੂ ਆਖਦੇ ਹਨ ਕਿ ਉਨ੍ਹਾਂਨੇ ਦੁਬਾਰਾ 1 ਜੂਨ ਨੂੰ ਦੁਬਾਰਾ ਖ਼ਬਰ ਘੱਲੀ ਤੇ ਦਿੱਲੀ ਹੈਡ ਆਫਿਸ ਨੇ ਇਹ ਕਹਿ ਕੇ ਖ਼ਬਰ ਛਾਪਣੋਂ ਨਾਂਹ ਕਰ ਦਿੱਤੀ ਕਿ ਇਹ ਖ਼ਬਰ ਅਫਵਾਹਾਂ 'ਤੇ ਅਧਾਰਤ ਹੈ। ਸੰਧੂ ਦਾ ਕਹਿਣਾ ਹੈ ਕਿ ਜੇ ਅਜਿਹੀਆਂ ਖ਼ਬਰਾਂ ਛਪ ਜਾਂਦੀਆਂ ਤਾਂ ਕੁਝ ਜਾਨੀ ਨਕਸਾਨ ਹੋਣੋਂ ਬਚ ਸਕਦਾ ਸੀ। ਉਨ੍ਹਾਂ ਕਿਹਾ ਕਿ ਮੈਨੂੰ ਇਹ ਕਹਿਣ ਵਿੱਚ ਕੋਈ ਝਿੱਜਕ ਨਹੀਂ ਕਿ ਪੰਜਾਬ ਦਾ ਅਤੇ ਕੌਮੀ ਮੀਡੀਆ ਇਸ ਦਾ ਨੋਟਿਸ ਲੈਣ ਵਿੱਚ ਨਾਕਾਮ ਰਿਹਾ ਹੈ।' ਸੰਧੂ ਦਾ ਪੰਜਾਬ ਅਤੇ ਕੌਮੀ ਮੀਡੀਆ ਨੂੰ 'ਨਾਕਾਮ' ਕਹਿਣਾ ਅਸਲ 'ਚ ਇਨ੍ਹਾਂ ਦੇ ਕਸੂਰ ਨੂੰ ਘਟਾਉਣਾ ਹੀ ਹੈ। ਨਾਕਾਮ ਲਫ਼ਜ ਉਥੇ ਵਰਤਿਆ ਜਾਂਦਾ ਹੈ ਜਿੱਥੇ ਕੋਈ ਜਣਾ ਕੋਈ ਕੰਮ ਕਰਨ ਖ਼ਾਤਰ ਆਪਣੇ ਵੱਲੋਂ ਪੂਰਾ ਜ਼ੋਰ ਲਾ ਰਿਹਾ ਹੋਵੇ ਪਰ ਇਸ ਦੇ ਬਾਵਜੂਦ ਕੰਮ ਸਿਰੇ ਨਾ ਚੜ੍ਹ ਸਕੇ ਤਾਂ ਉਸ ਨੂੰ ਨਾਕਾਮ ਆਖਿਆ ਜਾਂਦਾ ਹੈ। ਪਰ ਜੇ ਕੋਈ ਜਾਣਬੁੱਝ ਕੇ ਕੰਮ ਕਰਨਾ ਹੀ ਨਾ ਚਾਹੇ ਤਾਂ ਇਹ ਆਖਿਆ ਜਾਂਦਾ ਹੈ ਕਿ ਫਲਾਣੇ ਨੇ ਇਹ ਕੰਮ ਨਹੀਂ ਕੀਤਾ। ਜਦੋਂ ਇੰਡੀਅਨ ਐਕਸਪ੍ਰੈਸ ਨੇ ਕੰਵਰ ਸੰਧੂ ਵੱਲੋਂ ਭੇਜੀਆਂ ਖ਼ਬਰਾਂ ਨਹੀਂ ਛਾਪੀਆਂ ਤਾਂ ਇਸ ਵਿੱਚ ਉਹਦੇ ਅਖ਼ਬਾਰ ਦੀ ਨਾਕਾਮੀ ਨਹੀਂ ਸੀ ਬਲਕਿ ਇਹ ਕਹਿਣਾ ਬੇਈਮਾਨੀ ਸੀ ਤੇਰੀਆਂ ਖ਼ਬਰਾਂ ਵਿੱਚ ਕੋਈ ਸੱਚਾਈ ਨਹੀਂ। ਹਾਲਾਂਕਿ ਸੱਚਾਈ ਤਾਂ ਫੌਜੀ ਲਸ਼ਕਰਾਂ ਦੀ ਸ਼ਕਲ ਵਿੱਚ ਸੜਕਾਂ 'ਤੇ ਤੁਰੀ ਜਾਂਦੀ ਸਭ ਨੂੰ ਦਿੱਸ ਰਹੀ ਸੀ। ਟੈਂਕਾਂ ਅਤੇ ਤੋਪਾਂ ਲੱਦੀ ਫੌਜ ਦੀਆਂ ਸੈਂਕੜੇ ਗੱਡੀਆਂ ਵਾਲੇ ਕਾਫਲੇ ਅੰਮ੍ਰਿਤਸਰ ਵੱਲ ਮੂੰਹ ਕਰੀ ਜਾ ਰਹੇ ਸਨ। ਇਹ ਕੰਮ ਇੱਕ ਦਿਨ ਵਿੱਚ ਨਹੀਂ ਹੋ ਗਿਆ ਬਲਕਿ ਇਹ 28 ਮਈ ਤੋਂ ਸ਼ੁਰੂ ਹੋ ਕੇ 3 ਜੂਨ ਤੱਕ ਵੀ ਜਾਰੀ ਸੀ। ਜਦ ਐਡਾ ਭਾਰੀ ਕੀੜੀ ਕਟਕ ਭਾਰਤ ਦੇ ਸਭ ਤੋਂ ਉਘੇ ਨੈਸ਼ਨਲ ਹਾਈਵੇਅ ਨੰਬਰ ਇੱਕ ਤੋਂ ਲਗਾਤਾਰ ਕਈ ਦਿਨ ਗੁਜ਼ਰਦਾ ਰਿਹਾ ਹੋਵੇ ਤੇ ਫਿਰ ਇੰਡੀਅਨ ਐਕਸਪ੍ਰੈਸ ਵਰਗੇ ਜ਼ਿੰਮੇਵਾਰ ਅਖ਼ਬਾਰ ਵੱਲੋਂ ਇਸ ਨੂੰ ਅਫ਼ਵਾਹਾਂ ਦੇ ਅਧਾਰਤ 'ਤੇ ਦੱਸਣਾ ਤੇ ਫਿਰ ਇੱਕ ਜ਼ਿੰਮੇਵਾਰ ਪੱਤਰਕਾਰ ਵੱਲੋਂ ਅਖ਼ਬਾਰਾਂ ਦੀ ਇਸ ਮੱਕਾਰੀ ਨੂੰ ਨਾਕਾਮੀ ਕਹਿਣਾ ਕਿਸੇ ਵੀ ਤਰੀਕੇ ਨਾਲ ਜਾਇਜ਼ ਨਹੀਂ। ਅਖ਼ਬਾਰਾਂ ਵੱਲੋਂ ਫੌਜੀ ਆਮਦ ਦੀਆਂ ਖ਼ਬਰਾਂ ਨਾ ਛਾਪਣ ਪਿੱਛੇ ਭਾਰਤ ਸਰਕਾਰ ਨੂੰ ਦਿੱਤਾ ਜਾ ਰਿਹਾ ਉਹ ਅਣ ਐਲਾਨਿਆ ਸਹਿਯੋਗ ਸੀ ਜਿਸ ਦੀ ਮੰਗ ਭਾਰਤ ਸਰਕਾਰ ਨੇ ਅਖ਼ਬਾਰਾਂ ਤੋਂ ਕੀਤੀ ਸੀ ਤੇ ਉਨ੍ਹਾਂ ਨੇ ਖ਼ੁਸ਼ੀ-ਖ਼ੁਸ਼ੀ ਇਸ 'ਤੇ ਫੁੱਲ ਚੜ੍ਹਾਏ ਸੀ। ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਐਚ.ਕੇ.ਐਲ. ਭਗਤ ਨੇ 1984 ਵਾਲੀ ਮਈ ਦੇ ਸ਼ੁਰੂ 'ਚ ਅਖ਼ਬਾਰਾਂ ਦੇ ਐਡੀਟਰਾਂ ਨਾਲ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਸਨ। ਇਨ੍ਹਾਂ ਵਿੱਚ ਦੇਸ਼ ਨੂੰ ਏਕਤਾ ਅਤੇ ਅਖੰਡਤਾ ਵਾਲੇ ਫਰੰਟ 'ਤੇ ਦਰਪੇਸ਼ ਖਤਰੇ ਨਾਲ ਨਿਬੜਨ ਖ਼ਾਤਰ ਅਖ਼ਬਾਰਾਂ ਤੋਂ ਸਹਿਯੋਗ ਮੰਗਿਆ ਸੀ। ਸੋ ਇਸੇ ਸਹਿਯੋਗ ਦਾ ਹੀ ਨਤੀਜਾ ਸੀ ਕਿ ਕੰਵਰ ਸੰਧੂ ਵੱਲੋਂ ਭੇਜੀਆਂ ਖ਼ਬਰਾਂ ਨੂੰ ਇੰਡੀਅਨ ਐਕਸਪ੍ਰੈਸ ਦੇ ਹੈਡਕੁਆਟਰ ਨੇ ਝੂਠੀਆਂ ਕਹਿ ਕੇ ਛਾਪਣੋਂ ਇਨਕਾਰ ਕਰ ਦਿੱਤਾ ਸੀ। ਬਕੌਲ ਕੰਵਰ ਸੰਧੂ ਜੇ ਇਹ ਖ਼ਬਰਾਂ ਛਪ ਜਾਂਦੀਆਂ ਤਾਂ ਦਰਬਾਰ ਸਾਹਿਬ ਵਿੱਚ ਹੋਇਆ ਜਾਨੀ ਨੁਕਸਾਨ ਘਟ ਸਕਦਾ ਸੀ। ਫੌਜੀ ਹਮਲੇ ਤੋਂ ਬਾਅਦ ਪਾਰਲੀਮੈਂਟ ਵਿੱਚ ਸੂਚਨਾ ਅਤੇ ਪ੍ਰਸਾਰਣ ਮੰਤਰੀ ਉਸੇ ਐਚ.ਕੇ.ਐਲ. ਭਗਤ ਨੇ ਅਖ਼ਬਾਰਾਂ ਵੱਲੋਂ ਇਸ ਸਬੰਧ 'ਚ ਨਿਭਾਏ ਰੋਲ ਦੀ ਭਰਪੂਰ ਸ਼ਲਾਘਾ ਕੀਤੀ। ਇਹਤੋਂ ਇਸ ਗੱਲ ਦੀ ਤਸਦੀਕ ਹੁੰਦੀ ਹੈ ਕਿ ਭਾਰਤੀ ਅਖ਼ਬਾਰ ਪੂਰੀ ਤਰ੍ਹਾਂ ਨਾਲ ਸਰਕਾਰ ਦੇ ਆਖੇ ਲੱਗਣ ਵਾਲੀ ਸੰਧੀ 'ਤੇ ਖਰੇ ਉਤਰੇ। ਦੂਜੇ ਅਰਥਾਂ ਵਿੱਚ ਇਹ ਗੱਲ ਸਾਬਿਤ ਹੁੰਦੀ ਹੈ ਕਿ ਉਨ੍ਹਾਂ ਨੇ ਉਹੀ ਕੁਝ ਛਾਪਿਆ ਤੇ ਉਹੀ ਕੁਝ ਲਕੋਇਆ ਜਿਸ ਕਿਸਮ ਦੀ ਹਦਾਇਤ ਸਰਕਾਰ ਨੇ ਉਨ੍ਹਾਂ ਨੂੰ ਸਹਿਯੋਗ ਦੇ ਨਾਂਅ ਥੱਲ੍ਹੇ ਦਿੱਤੀ ਸੀ। ਹੁਣ ਪਾਠਕ ਖ਼ੁਦ ਅੰਦਾਜ਼ਾ ਲਾ ਲੈਣ ਕਿ ਸਰਕਾਰ ਅਤੇ ਅਖ਼ਬਾਰਾਂ ਵੱਲੋਂ ਇਸ ਗੁਪਤ ਸੰਧੀ ਦਾ ਸਿੱਖ ਸੰਗਤ ਦੇ ਜਾਨ ਮਾਲ 'ਤੇ ਕੀ ਅਸਰ ਪਿਆ।

ਇਸ ਗੱਲ ਦੀ ਵੱਡੀ ਸੰਭਾਵਨਾ ਹੈ ਕਿ ਫੌਜ ਖ਼ੁਦ ਚਾਹੁੰਦੀ ਸੀ ਕਿ ਫੌਜੀ ਹਮਲੇ ਵੇਲੇ ਵੱਧ ਤੋਂ ਵੱਧ ਲੋਕਾਂ ਦਾ ਇਕੱਠ ਹੋਵੇ। ਆਮ ਸੰਗਤਾਂ ਨੂੰ ਵੀ ਖਾੜਕੂਆਂ ਦੀ ਗਿਣਤੀ ਵਿੱਚ ਸ਼ਾਮਲ ਕਰਕੇ ਇਹ ਦੱਸਿਆ ਜਾ ਸਕੇ ਕਿ ਫੌਜ ਦਾ ਮੁਕਾਬਲਾ ਹਜ਼ਾਰਾਂ ਦੀ ਗਿਣਤੀ ਵਾਲੇ ਖਾੜਕੂ ਦਲ ਨਾਲ ਹੋਇਆ ਹੈ। ਜਿਵੇਂ ਕਿ ਤੁਸੀਂ ਉਪਰ ਪੜ੍ਹ ਆਏ ਹੋ ਕਿ ਹਮਲੇ ਲਈ 3 ਜੂਨ ਦੀ ਤਰੀਕ ਚੁਣਨ ਪਿੱਛੇ ਕੋਈ ਮਜਬੂਰੀ ਨਹੀਂ ਸੀ ਤੇ ਨਾ ਹੀ ਇਸ ਦਿਨ ਇਹ ਚਾਹਿਆ ਗਿਆ ਕਿ ਆਮ ਲੋਕ ਘੱਟ ਤੋਂ ਘੱਟ ਗਿਣਤੀ ਵਿੱਚ ਦਰਬਾਰ ਸਾਹਿਬ ਇਕੱਠੇ ਹੋਣ। ਫੌਜ ਨੇ ਹਮਲੇ ਤੋਂ ਬਾਅਦ ਜੋ ਮਾਰੇ ਗਿਆਂ ਦੀ ਗਿਣਤੀ ਦੱਸੀ ਉਸ ਵਿੱਚ 5 ਬੱਚਿਆਂ, 30 ਔਰਤਾਂ ਸਣੇ 492 ਹਲਾਕ ਦੱਸੇ ਗਏ। ਗ੍ਰਿਫ਼ਤਾਰੀਆਂ ਵਿੱਚ 309 ਬੱਚੇ ਤੇ ਔਰਤਾਂ ਸਣੇ 1592 ਗ੍ਰਿਫ਼ਤਾਰ ਹੋਏ ਦੱਸੇ ਗਏ। ਸਰਕਾਰੀ ਰੇਡਿਓ ਨੇ ਹਲਾਕ ਅਤੇ ਗ੍ਰਿਫ਼ਤਾਰਾਂ ਨੂੰ ਖਾੜਕੂਆਂ ਦੀ ਹੀ ਸ਼੍ਰੇਣੀ ਵਿੱਚ ਰੱਖਦਿਆਂ ਇਹ ਦੱਸਿਆ ਗਿਆ ਕਿ ਲਗਭਗ 500 ਉਗਰਵਾਦੀ ਹਲਾਕ ਅਤੇ 1500 ਉਗਰਵਾਦੀ ਗ੍ਰਿਫ਼ਤਾਰ ਕੀਤੇ ਗਏ ਹਨ। ਗੁਰੂ ਰਾਮਦਾਸ ਸਰਾਂ ਵਿੱਚ ਗੋਲੀਆਂ ਦਾ ਛੱਟਾ ਦੇ ਕੇ ਅਤੇ ਹੱਥ ਪਿੱਛੇ ਬੰਨ੍ਹ ਕੇ ਆਮ ਸ਼ਰਧਾਲੂਆਂ ਨੂੰ ਮਾਰਨ ਪਿੱਛੇ ਇਹੀ ਮਕਸਦ ਵੀ ਹੋ ਸਕਦਾ ਹੈ ਕਿ ਮਾਰੇ ਗਏ ਇਨ੍ਹਾਂ ਲੋਕਾਂ ਨੂੰ ਖਾੜਕੂਆਂ ਦੇ ਖਾਤੇ ਵਿੱਚ ਪਾ ਕੇ ਇਹ ਦੱਸਿਆ ਜਾ ਸਕੇ ਕਿ ਫੌਜ ਦਾ ਮੁਕਾਬਲਾ ਖਾੜਕੂਆਂ ਦੀ ਵੱਡੀ ਗਿਣਤੀ ਨਾਲ ਹੋਇਆ ਹੈ। ਆਮ ਸ਼ਰਧਾਲੂਆਂ ਨੂੰ ਖਾੜਕੂ ਦੱਸ ਕੇ ਗ੍ਰਿਫ਼ਤਾਰ ਕਰਨਾ ਵੀ ਇਹੀ ਸਾਬਤ ਕਰਦਾ ਹੈ ਕਿ ਫੌਜ ਚਾਹੁੰਦੀ ਸੀ ਕਿ ਬਾਹਰੀ ਦੁਨੀਆਂ ਨੂੰ ਇਹ ਦੱਸਿਆ ਜਾ ਸਕੇ ਕਿ ਫੌਜ ਨੂੰ ਐਵੇਂ ਹੀ ਐਨਾ ਜਾਨੀ ਨੁਕਸਾਨ ਨਹੀਂ ਹੋ ਗਿਆ ਬਲਕਿ ਉਨ੍ਹਾਂ ਦਾ ਮੁਕਾਬਲਾ ਲਗਭਗ 2000 ਖਾੜਕੂਆਂ ਨਾਲ ਹੋਇਆ। ਇਹ ਤਾਂ ਹੀ ਸੰਭਵ ਸੀ ਜੇ ਉਨ੍ਹਾਂ ਸ਼ਰਧਾਲੂਆਂ ਦਾ ਵੱਧ ਤੋਂ ਵੱਧ ਇਕੱਠ ਹੋਵੇ।

> "ਦਰਬਾਰ ਸਾਹਿਬ ਕੰਪਲੈਕਸ ਵਿੱਚ ਸ਼ਰਧਾਲੂਆਂ ਨੂੰ ਵੱਡੀ ਗਿਣਤੀ ਵਿੱਚ ਇਕੱਠੇ ਹੋਣ ਦੇਣ ਦਾ ਮਨੋਰਥ ਉਨ੍ਹਾਂ ਨੂੰ ਖਾੜਕੂਆਂ ਦੀ ਸ਼੍ਰੇਣੀ ਵਿੱਚ ਦਿਖਾ ਕੇ ਫੌਜ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਉਨ੍ਹਾਂ ਦਾ ਮੁਕਾਬਲਾ ਹਜ਼ਾਰਾਂ ਹਥਿਆਰਬੰਦ ਖਾੜਕੂਆਂ ਨਾਲ ਹੋਇਆ ਤਾਂ ਹੀ ਉਨ੍ਹਾਂ ਨੂੰ ਦਰਬਾਰ ਸਾਹਿਬ ਵਿੱਚ ਦਾਖ਼ਲ ਹੋਣ ਵਾਸਤੇ ਪੂਰਾ ਇੱਕ ਬ੍ਰਿਗੇਡ ਝੋਕਣਾ ਪਿਆ।"

# ਸਾਕਾ ਨੀਲਾ ਤਾਰਾ ਇੱਕ ਯੋਜਨਾਬੱਧ ਕਤਲੇਆਮ !

ਸੰਨ 1984 ਵਿੱਚ ਹੋਏ ਦਰਬਾਰ ਸਾਹਿਬ ਅਤੇ ਪੰਜਾਬ ਦੇ 38 ਹੋਰ ਗੁਰਦਆਰਾ ਸਾਹਿਬਾਨ ਵਿੱਚ ਹੋਏ ਭਾਰਤੀ ਫੋਜ ਵਲੋਂ ਆਪਣੇ ਹੀ ਮੁਲਕ ਵਿੱਚ ਇੱਕ ਯੋਜਨਾਬੱਧ ਹਮਲੇ ਵਿੱਚ ਦਰਬਾਰ ਸਾਹਿਬ ਵਿੱਖੇ ਨਿਊਯਾਰਕ ਟਾਈਮਜ ਅਖਬਾਰ ਅਨੁਸਾਰ "ਸਭ ਪਾਸੇ ਕਤਲੇਆਮ ਅਤੇ ਤਬਾਹੀ ਨਜ਼ਰ ਆਉਂਦੀ ਸੀ , ਕੰਧਾਂ ਉਤੇ ਗੋਲੀਆਂ ਦੇ ਨਿਸ਼ਾਨ ਅਤੇ ਮਿਨਾਰਾਂ ਜਾਂ ਗੁੰਬਦਾਂ ਦੇ ਸਿਰ ਛਿਲੇ ਹੋਏ ਸਨ , ਸੰਗਮਰਮਰ ਦੀਆਂ ਟਾਈਲਾਂ ਹਾਲਾਂ ਵੀ ਗਿਲੀਆਂ ਹਨ, ਜਿਨ੍ਹਾਂ ਉਪਰੋਂ ਪਾਣੀ ਨਾਲ ਖ਼ੂਨ ਦੇ ਦਾਗ ਹਟਾਉਣ ਦਾ ਯਤਨ ਹੋਇਆ ਹੈ।" (ਨਿਊਯਾਰਕ ਟਾਈਮਜ 17 ਜੂਨ 1984) ਭਾਰਤ ਦੀਆਂ ਫੌਜ਼ਾਂ ਨੇ ਵੀ ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ ਜੂਨ ਸ਼ੁਰੂ ਹੋਣ ਤੇ ਹੀ ਘੇਰਾ ਪਾਇਆ ਹੋਇਆ ਸੀ, ਦੂਜੇ ਪਾਸੇ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਰੇਡੀਓ ਦੁਆਰਾ ਭਾਰਤ ਵਾਸੀਆਂ ਨੂੰ ਸੁਨੇਹਾ ਦੇ ਰਹੀ ਹੈ, "ਇਹ ਸਮਾਂ ਗੁੱਸਾ ਵਧਾਉਣ ਲਈ ਨਹੀਂ ਇਕੱਠੇ ਹੋਕੇ ਜ਼ਖਮਾਂ ਤੇ ਮਲ੍ਹੱਮ ਲਗਾਈਏ ਪੰਜਾਬ ਵਿਚ ਪੰਜਾਬ ਵਿਚ ਠੀਕ ਵਾਤਾਵਰਣ ਨੂੰ ਬਹਾਲ ਕਰਕੇ ਆਪਸੀ ਪਿਆਰ ਵਧਾਈਏ।"

ਸਿੱਖਾਂ ਨਾਲ ਵਾਪਰੇ ਜ਼ੁਲਮਾਂ ਦੀ ਦਾਸਤਾਨ ਲੰਬੀ ਅਤੇ ਅਤਿ ਦਰਦਾਂ ਭਰਪੂਰ ਹੈ। ਕਈ ਵਾਰ ਇਸਨੂੰ ਕਥਨ ਕਰਨਾ ਜਾਂ ਸ਼ਬਦਾਂ ਦੁਆਰਾ ਪ੍ਰਗਟ ਕਰਨਾ ਸੌਖਾ ਨਹੀਂ। ਸਰਕਾਰ ਵਲੋਂ ਆਪਣੇ ਕੀਤੇ ਕਤਲੇਆਮ ਨੂੰ ਜ਼ਾਇਜ ਠਹਿਰਾਉਣ ਲਈ ਬਹੁਤ ਪ੍ਰਚਾਰ ਕੀਤਾ ਗਿਆ ਕਿਉਂਕਿ ਸਾਰਾ ਪ੍ਰੈੱਸ, ਰੇਡੀਓ, ਅਤੇ ਦੂਰਦਰਸ਼ਨ ਸਰਕਾਰ ਦੇ ਅਧੀਨ ਹੋ ਜਾਂਦਾ ਹੈ। ਜੇਕਰ ਘੱਟ ਗਿਣਤੀ ਦੇ ਲੋਕਾਂ ਦਾ ਕੋਈ ਅਖ਼ਬਾਰ ਹੋਵੇ, ਉਸਦੀ ਅਜ਼ਾਦੀ ਖੋਹ ਲਈ ਜਾਂਦੀ ਹੈ। ਵਿਦੇਸ਼ੀ ਮੀਡੀਏ ਨੂੰ ਵੀ ਪੂਰੀ ਸਥਿਤੀ ਨੂੰ ਪੂਰੀ ਤਰ੍ਹਾਂ ਜਾਨਣਾ ਸੰਭਵ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਲਈ ਜਾਣਕਾਰੀ ਪ੍ਰਾਪਤੀ ਦਾ ਸਰੋਤ ਮੀਡੀਆ ਹੀ ਹੁੰਦਾ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਸਾਰਾ ਦੇਸ਼ ਅਤੇ ਮੀਡੀਆ ਸਰਕਾਰੀ ਪ੍ਰਚਾਰ ਤੋਂ ਪ੍ਰਭਾਵਤ ਸੀ। ਸਿੱਖ ਆਖਦੇ ਹਨ ਕਿ ਦਰਬਾਰ ਸਾਹਿਬ ਅੰਦਰ ਅਤੇ ਪੰਜਾਬ ਦੇ ਅਨੇਕਾਂ ਥਾਈਂ ਨਿਹੱਥੇ ਤੇ ਬੇ-ਕਸੂਰ ਲੋਕਾਂ ਦਾ ਕਤਲੇਆਮ ਹੋਇਆ, ਦੂਜੇ ਪਾਸੇ ਭਾਰਤ ਦੀ ਸਰਕਾਰ ਆਖ ਰਹੀ ਸੀ ਕਿ ਸ੍ਰੀ ਦਰਬਾਰ ਸਾਹਿਬ ਨੂੰ ਅਤਿਵਾਦੀਆ ਪਾਸੋਂ ਅਜ਼ਾਦ ਕਰਾਉਣ ਲਈ ਫੌਜ਼ ਦੀ ਵਰਤੋਂ ਕੀਤੀ ਗਈ।

ਇਸ ਤੱਥ ਤੋਂ ਹਰ ਪ੍ਰਾਣੀ ਵਾਕਿਫ਼ ਹੈ ਕਿ ਪੰਜਾਬ ਅੰਦਰ ਜੂਨ ਦਾ ਮਹੀਨਾ ਵੱਧ ਤੋਂ ਵੱਧ ਗਰਮੀ ਲਈ ਪ੍ਰਸਿੱਧ ਹੈ, ਦੂਸਰਾ ਜਦੋਂ ਕੇਂਦਰੀ ਸਰਕਾਰ ਨੇਕਤਲੇਆਮ ਕਰਨ ਲਈ ਦਿਨ ਦੀ ਚੋਣ ਕੀਤੀ ਤਾਂ ਪੰਚਮ ਪਾਤਸ਼ਾਹੀ ਜੀ ਦਾ ਸ਼ਹੀਦੀ ਦਿਹਾੜਾ, ਜਿਸ ਕਾਰਨ ਹਜ਼ਾਰਾਂ ਸ਼ਰਧਾਲੂ ਲੋਕ ਦਰਬਾਰ ਸਾਹਿਬ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਗਏ। ਸਮੂਹ ਸ਼ਰਧਾਲੂਆਂ ਨੂੰ ਘੇਰ ਕੇ ਕਤਲੇਆਮ ਕਰਨਾ ਜਾਂ ਸ਼ਹੀਦ ਕਰਨਾ, ਕੀ ਸਰਕਾਰ ਲਈ ਨੈਤਿਕ ਕਰਮ ਸੀ ? ਜਾਂ ਅਤਿ ਜ਼ੁਲਮ ? ਭਾਰਤ ਦੇ ਪ੍ਰਸਿੱਧ ਵੀਕਲ ਜੇਠ ਮਲਾਨੀ ਆਖਦੇ ਹਨ, "ਸਮੂਹ



ਹਾਲਾਤਾਂ ਦੇ ਜ਼ਾਇਜਾਂ ਲੈਣ ਉਪਰੰਤ ਸਾਬਤ ਹੁੰਦਾ ਹੈ ਕਿ ਇਹ ਮੰਦ ਭਾਗਾ ਸੀ ਕਿ ਦਰਬਾਰ ਸਾਹਿਬ ਅੰਦਰ ਫੌਜ ਕਤਲ ਕਰਨ ਲਈ ਦਾਖਲ ਹੋਈ ਨਾ ਕਿ ਕਿਸੇ ਨੂੰ ਜ਼ਿੰਦਾ ਫੜ੍ਹਨ ਲਈ। ਮੈਨੂੰ ਇਹ ਕਹਿਣਾ ਪੈ ਰਿਹਾ ਹੈ ਕਿ ਮੇਰੇ ਅਨੁਸਾਰ ਇਹ ਕਤਲੇਆਮ ਹੈ।" (ਸੁਰਿਆ, ਇੰਡੀਆ, ਜੁਲਾਈ1984)

ਦਰਬਾਰ ਸਾਹਿਬ ਵਿਖੇ ਜੂਨ 1984 ਦਾ ਕਤਲੇਆਮ ਇੱਕ ਸੋਚੀ ਸਮਝੀ ਸਾਜਿਸ਼ ਸੀ, ਜਿਸ ਦਾ ਪਹਿਲਾਂ ਯੋਜਨਾ ਘੜੀ ਗਈ ਅਤੇ ਉੱਤਰ ਪ੍ਰਦੇਸ਼ ਦੇ ਇਕ ਅਸਥਾਨ ਚਕਰਾਤਾ ਵਿਖੇ ਦਰਬਾਰ ਸਾਹਿਬ ਵਰਗਾ ਮਾਡਲ ਬਣਾਕੇ ਫੌਜ ਨੂੰ ਟਰੇਨਿੰਗ ਦਿੱਤੀ ਗਈ ਕਿ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਉੱਪਰ ਹਮਲਾ ਸਫਲ ਕੀਤਾ ਜਾਵੇ। ਫੌਜ ਵਲੋਂ ਗੋਲੀ ਜਾਂ ਫਾਇਰਿੰਗ ਪਹਿਲੀ ਜੂਨ ਤੋਂ ਸ਼ੁਰੂ ਕਰ ਦਿੱਤੀ ਗਈ ਸੀ। ਦੋ ਜੂਨ ਨੂੰ ਸੀਨੂੰ ਹਟਾਕੇ ਫੌਜ ਨੂੰ ਸਾਰੇ ਹਮਲੇ ਦੀ ਜ਼ਿੰਮੇਵਾਰੀ ਸੌਂਪੀ। ਜੂਨ 3, 1984 ਨੂੰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸੀ। ਦੱਸਿਆ ਜਾਂਦਾ ਹੈ ਕਿ 8 ਹਜ਼ਾਰ ਤੋਂ 10 ਹਜ਼ਾਰ ਸਿੱਖ ਦਰਬਾਰ ਸਾਹਿਬ ਅੰਦਰ ਦਾਖਲ ਹੋਏ। ਜਦੋਂ ਬਹੁ-ਗਿਣਤੀ ਵਿਚ ਸ਼ਰਧਾਲੂ ਅੰਦਰ ਪ੍ਰਵੇਸ਼ ਹੋਏ, ਤਾਂ ਕਰਫਿਊ ਲਗਾ ਦਿੱਤਾ ਅਤੇ ਕਿਸੇ ਸਿੱਖ ਨੂੰ ਬਾਹਰ ਜਾਣ ਦੀ ਆਗਿਆ ਨਹੀਂ ਸੀ।

**ਲੇਖਕ : ਡਾ. ਪੂਰਨ ਸਿੰਘ**

ਜੂਨ 4, 1984 ਨੂੰ ਸ੍ਰੀ ਅਕਾਲ ਤਖਤ ਸਾਹਿਬ ਉਪਰੰਤ ਦਰਬਾਰ ਸਾਹਿਬ ਦੀ ਪ੍ਰੀਕਰਮਾ ਉਤੇ ਹਮਲੇ ਸ਼ੁਰੂ ਹੋਏ ਅਤੇ ਸਿੱਖ ਸ਼ਰਧਾਲੂਆਂ ਦਾ ਕਤਲੇਆਮ ਸ਼ੁਰੂ ਹੋਇਆ। ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਨੂੰ ਬੰਬਾਂ ਨਾਲ ਖੰਡਰ ਕਰ ਦਿੱਤਾ। ਜਿਥੋਂ ਤਕ ਨੁਕਸਾਨ ਦਾ ਸਬੰਧ 'ਚ ਹੈ, ਇਹ ਕਥਨ ਤੋਂ ਬਾਹਰ ਹੈ। ਮੇਰਾ ਖਿਆਲ ਹੈ ਕਿ ਸਰਕਾਰ ਵਲੋਂ ਹਿਟਲਰ ਵਾਂਗੂ ਕਿਸੇ ਸਿੱਖ ਨੂੰ ਨਹੀਂ ਛੱਡਿਆ। ਇਸਤਰੀਆਂ ਅਤੇ ਨਿੱਕੇ ਨਿੱਕੇ ਬੱਚੇ ਵੀ ਕਤਲ ਕਰ ਦਿੱਤੇ ਗਏ। ਜਿਸ ਸਿੱਖ ਲਹਿਰ ਦਾ ਵਿਰੋਧ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਸ਼ੁਰੂ ਹੋਇਆ, ਉਸ ਵਿਰੋਧ ਦੀ ਸ਼ਿਖਰ ਸੀ। ਦੂਸਰੇ ਪਾਸੇ ਸਿੱਖ ਇਤਿਹਾਸ ਦੀਆਂ ਵੱਡਮੁੱਲੀਆਂ ਪੁਸਤਕਾਂ, ਗੁਰੂਆਂ ਦੇ ਹੱਥ ਲਿਖਤ ਹੁਕਮਨਾਮੇ ਤੇ ਅਮੋਲ ਵਸਤੂਆਂ ਨੂੰ ਵੀ ਧੱਕੇ ਨਾਲ ਚੁੱਕ ਲਿਆ। ਭਾਵੇਂ ਅਕਾਲੀਆਂ ਜਾਂ ਕਾਂਗਰਸੀਆਂ ਦੀ ਸਰਕਾਰ ਪੰਜਾਬ ਵਿਚ ਬਣੀ, ਪਰ ਜੋ ਮਨੁੱਖੀ ਅਧਿਕਾਰਾਂ ਦਾ ਘਾਣ ਜੂਨ 84 ਜਾਂ ਨਵੰਬਰ 84 ਵਿਚ ਹੋਇਆ, ਉਸ ਦੇ ਸਬੰਧ ਵਿਚ ਕੁੱਝ ਨਹੀਂ ਕੀਤਾ ਗਿਆ। ਪੰਜਾਬ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ ਅਣਗਿਣਤ ਪਰਿਵਾਰ ਉਜੜ ਗਏ, ਪਰ ਉਨ੍ਹਾਂ ਦੇ ਬਚੇ ਪਰਿਵਾਰਕ ਮੈਂਬਰਾਂ ਵਲੋਂ ਤਰਲੇ ਕੱਢੇ ਜਾ ਰਹੇ ਹਨ, ਉਨ੍ਹਾਂ ਦੀ ਕੋਈ ਬਾਂਹ ਫੜ੍ਹਨ ਵਾਲਾ ਨਹੀਂ।

ਪੰਜਾਬੀ ਭਾਈਚਾਰੇ ਦੇ ਅੰਦਰ ਵੀ ਆਪਣੇ ਇਤਿਹਾਸ ਅਤੇ ਧਰਮ ਪ੍ਰਤੀ ਗੌਰਵਤਾ ਘੱਟ ਰਹੀ ਹੈ। ਸ਼ੁਕਰ ਹੈ ਕਿ ਸਾਡੇ ਕੁੱਝ ਨੌਜਵਾਨਾਂ ਵਲੋਂ ਹਰ ਸਾਲ ਇਨ੍ਹਾਂ ਘੱਲੂਘਾਰਿਆਂ ਅਤੇ ਘੱਲੂਘਾਰਿਆਂ ਵਿਚ ਸ਼ਹੀਦ ਹੋਏ ਸਿੱਖਾਂ ਨੂੰ ਯਾਦ ਕੀਤਾ ਜਾਂਦਾ ਹੈ। ਮੈਂ ਇਸ ਗੱਲ ਤੋਂ ਹੈਰਾਨ ਹਾਂ ਕਿ ਅੱਜ ਕੁੱਝ ਵੀਰ ਇਸ ਘੱਲੂਘਾਰੇ ਦਿਵਸ ਤੇ ਪੰਜਾਬਣਾਂ ਦੀ ਧਮਕ ਪਵਾਉਣ ਨੂੰ ਵੱਧ ਮਹੱਤਤਾ ਦੇ ਰਹੇ ਹਨ, ਸ਼ਾਇਦ ਕਈਆਂ ਨੂੰ ਯਾਦ ਹੋਵੇਗਾ ਕਿ 1984 ਦੇ ਘੱਲੂਘਾਰਿਆਂ ਦੌਰਾਣ ਭਾਰਤ ਤੋਂ ਅਨੇਕਾ ਐਕਟਰ ਤੇ ਸਿੰਗਰ ਆਏ, ਜਿਨ੍ਹਾਂ ਦਾ ਮਨੋਰਥ ਸੀ ਕਿ ਸਿੱਖਾਂ ਤੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਕਾਬੂ ਕਰਕੇ ਉਨ੍ਹਾਂ ਦੀ ਸੋਚ ਨੂੰ ਬਦਲਣਾ। ਅੱਜ ਵੀ ਇੰਝ ਲੱਗ ਰਿਹਾ ਹੈ ਕਿ ਜਦੋਂ ਸਿੱਖ ਨੌਜਵਾਨ ਘਲੂਘਾਰਾ ਦਿਵਸ ਮਨਾਉਣਗੇ, ਉਸ ਸਮੇਂ 'ਪੰਜਾਬਣਾਂ ਦੀ ਧਮਕ' ਵਿਚ ਬਹੁਤ ਬੀਬੀਆਂ ਤੇ ਮਾਈਆਂ ਦੀ ਮਾਨਸਿਕਤਾ ਅਵੱਸ਼ ਬਦਲੀ ਹੋਵੇਗੀ।

ਜੂਨ 1984 ਤੋਂ ਬਾਅਦ ਸਿੱਖਾਂ ਦਾ ਕਤਲੇਆਮ ਨਵੰਬਰ 1984 ਵਿਚ ਹੋਇਆ, ਮੁਸਲਮਾਨਾਂ ਦਾ ਕਤਲੇਆਮ 2002 ਵਿਚ ਹੋਇਆ। ਭਾਰਤ ਦੀ ਲੋਕਤੰਤਰੀ ਢਾਂਚੇ ਵਿਚ ਘੱਟ ਗਿਣਤੀ ਦੇ ਲੋਕ ਸੁਰੱਖਿਅਤ ਨਹੀਂ। ਉਥੇ ਬਹੁ ਗਿਣਤੀ ਦੇ ਸਮਾਜ ਵਲੋਂ ਆਪਣਾ ਰਾਸ਼ਟਰ ਦੀ ਸਥਾਪਨਾ ਲਈ ਯੋਜਨਾਵਾਂ ਘੜੀਆਂ ਜਾ ਰਹੀਆਂ ਹਨ। ਜਿਸ ਘੱਟ ਗਿਣਤੀ ਦੀ ਕੌਮ ਜਾਂ ਦਲਿਤ ਲੋਕਾਂ ਵਲੋਂ, ਜੇਕਰ ਮਨੁੱਖੀ ਅਧਿਕਾਰਾਂ ਦੀ ਖਾਤਰ ਸੰਘਰਸ਼ ਹੋਵੇ ਤਾਂ ਉਸਦਾ ਵਿਰੋਧ ਅਵੱਸ਼ ਹੋਵੇਗਾ। ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਤੇ ਸਿੱਖਾਂ ਨੂੰ ਏਕੇ ਵਿਚ ਰਹਿਕੇ ਮਨੁੱਖੀ ਅਧਿਕਾਰਾਂ ਲਈ ਅਵਾਜ਼ ਬੁਲੰਦ ਕਰਨੀ ਹੋਵੇਗੀ, ਨਹੀਂ ਤਾਂ ਭਾਰਤ ਅੰਦਰ ਘਲੂਘਾਰੇ ਵਾਪਰਦੇ ਰਹਿਣਗੇ।



# ਜੂਨ 1984 ਦੇ ਸਿੱਖ ਕਤਲੇਆਮ ਦਾ ਸੰਤਾਪ

ਸੰਨ 1984 ਦਾ ਸਾਲ ਸਿੱਖ ਕੌਮ ਦੇ ਇਤਿਹਾਸ ਵਿਚ ਅਠਾਰ੍ਹਵੀਂ ਸਦੀ ਦੇ ਘੱਲੂਘਾਰਿਆਂ ਨੂੰ ਵੀ ਮਾਤ ਪਾ ਗਿਆ ਹੈ। ਇਹ ਦਰੁੱਸਤ ਹੈ ਕਿ ਪੰਜਾਬ ਦਾ ਖਾੜਕੂਵਾਦ ਕਾਲ-ਚੱਕਰ ਨੂੰ ਉਲਟਾ ਘੁਮਾ ਕੇ ਅਠਾਰ੍ਹਵੀਂ ਸਦੀ ਵਿਚ ਪਹੁੰਚਾ ਰਿਹਾ ਸੀ ਪਰ ਇਹ ਵੀ ਹਕੀਕਤ ਹੈ ਕਿ ਅਜੋਕੀ ਹਕੂਮਤ ਨੇ ਵੀ ਅਬਦਾਲੀ ਵਾਲੀ ਮਾਨਸਿਕਤਾ ਦਾ ਕਰੂਰ ਪ੍ਰਮਾਣ ਪੇਸ਼ ਕੀਤਾ ਸੀ। ਬਲਿਊ ਸਟਾਰ (ਨੀਲਾ ਤਾਰਾ ਨਾਮ ਅਕਾਲੀ ਪੰਥ ਦੇ ਨੀਲੇ ਬਾਣੇ ਦੇ ਨਿਸ਼ਾਨੇ ਨਾਲ ਧਰਿਆ ਗਿਆ ਸੀ) ਅਪ੍ਰੇਸ਼ਨ ਉਹ ਮਾਨਸਿਕਤਾ ਦਾ ਹਿਰਦੇਹੀਣ ਪਰ ਸੰਗਠਿਤ ਸ਼ਕਤੀ-ਪ੍ਰਦਰਸ਼ਨ ਸੀ, ਇਸ ਬਲ ਪ੍ਰਦਰਸ਼ਨ ਦੀ ਨਾਇਕਾ (ਜਾਂ ਖਲਨਾਇਕਾ) ਦੀ ਜਜ਼ਬਾਤੀ ਰੌਂਅ ਵਿਚ ਖੇਡਦੀ ਮੌਤ ਨੇ ਅਰਾਜਕਤਾ ਦਾ ਤਾਂਡਵ ਰੂਪ ਧਾਰ ਕੇ ਪਰ ਸੰਗਠਿਤ ਢੰਗ ਨਾਲ ਸਿੱਖ ਕੌਮ ਦੇ ਕਤਲੇਆਮ ਦੇ ਛੜਯੰਤ੍ਰ ਨੂੰ ਨੇਪਰੇ ਚਾੜ੍ਹਿਆ।

ਪਾਠਕਾਂ ਦੀ ਯਾਦ ਨੂੰ ਕੁਰੇਦ ਕੇ 1984 ਦੇ ਮਾਰਚ ਮਹੀਨੇ ਦੇ ਸਪਤਾਹਿਕ ਹਿੰਦੁਸਤਾਨ (ਹਿੰਦੀ) ਦੇ ਇਕ ਅੰਕ ਵਿਚ ਸ੍ਰੀ ਇੰਦਰ ਕੁਮਾਰ ਗੁਜਰਾਲ ਨੇ ਲੇਖ ਵਿਚ ਪੰਜਾਬ ਨਾਲ ਹੋ ਰਹੀ ਬੇਇਨਸਾਫੀ ਤੇ ਧੱਕੇਸ਼ਾਹੀ ਦੇ ਵੇਰਵੇ ਦੇ ਕੇ ਇੰਦਰਾ ਗਾਂਧੀ ਨੂੰ ਆਗਾਹ ਕੀਤਾ ਸੀ ਕਿ ਪੰਜਾਬ ਦੀ ਅੱਗ ਨਾਲ ਸੇਕੀ ਜਾ ਰਹੀ ਵੋਟਾਂ ਦੀ ਰੋਟੀ ਇੰਦਰਾ ਗਾਂਧੀ ਨੂੰ ਮਹਿੰਗੀ ਪਵੇਗੀ। ਇਸੇ ਸਾਲ ਇੰਡੀਆ ਟੂਡੇ ਦੇ ਇਕ ਸਤੰਬਰ ਅੰਕ ਵਿਚ ਨਾਗਪੁਰ ਵਿਚ ਹੋਏ ਯੂਥ ਕਾਂਗਰਸ ਦੇ ਸੰਮੇਲਨ ਦਾ ਵੇਰਵਾ ਛਪਿਆ ਸੀ। ਇਸ ਸੰਮੇਲਨ ਦਾ ਮੁਖੀਆ ਰਾਜੀਵ ਗਾਂਧੀ ਸੀ ਅਤੇ 36000 ਡੈਲੀਗੇਟਾਂ ਲਈ ਇੰਤਜ਼ਾਮ ਕੀਤਾ ਗਿਆ ਸੀ। ਇਸ ਵਿਚ 47000 ਡੈਲੀਗੇਟ ਆਉਣ ਦਾ ਕਿਆਸ ਲਗਾਇਆ ਗਿਆ ਸੀ ਤੇ ਇਨ੍ਹਾਂ ਨੂੰ ਪੰਜਾਬ ਤੋਂ ਬਾਹਰ ਸਿੱਖਾਂ ਨਾਲ ਨਜਿੱਠਣ ਦੀ ਵਿਸ਼ੇਸ਼ ਦੀਖਿਆ ਦਿੱਤੀ ਗਈ ਸੀ। ਇਥੇ ਜਲਨਸ਼ੀਲ, ਸਫੈਦ ਪਾਊਡਰ (ਸਫੈਦ ਫਾਸਫੋਰਸ) ਦੀ ਵਰਤੋਂ ਦੀ ਸੁਰੱਖਿਆਤਮਕ ਟੈਕਨੀਕ ਸਿਖਾਈ ਗਈ ਸੀ। ਨਾਗਪੁਰ ਦੇ ਇਸ ਸੰਮੇਲਨ ਦਾ ਇਕ ਮੁੱਖ ਵਕਤਾ ਤੇ ਪ੍ਰੇਰਨਾ-ਸ੍ਰੋਤ ਭਜਨ ਲਾਲ ਸੀ, ਜੋ 1982 ਦੀ ਏਸ਼ਿਆਈ ਖੇਡਾਂ ਸਮੇਂ ਹਰਿਆਣੇ ਵਿਚੋਂ ਗੁਜ਼ਰਦੇ ਵੱਡੇ ਛੋਟੇ ਸਿੱਖਾਂ ਦੀ ਪਗੜੀ ਉਛਾਲ ਚੁਕਿਆ ਸੀ। ਮਈ 1984 ਵਿਚ ਪੰਜਾਬ ਕੇਸਰੀ ਗਰੁੱਪ ਦੇ ਲਾਲਾ ਜਗਤ ਨਾਰਾਇਣ ਦੇ ਪੁੱਤਰ ਸ੍ਰੀ ਰਮੇਸ਼ ਚੰਦ ਦੇ ਕਤਲ ਤੋਂ ਬਾਅਦ ਹਰਿਆਣੇ ਵਿਚ ਸਿੱਖਾਂ ਨਾਲ ਜੋ ਮੀਰ ਮਨੂੰ ਸ਼ਾਹੀ ਕੀਤੀ ਗਈ ਸੀ, ਉਹ ਆਦਰਸ਼ ਨਾਗਪੁਰ ਦੇ ਡੈਲੀਗੇਟਾਂ ਲਈ ਵੱਡਾ ਅਨੁਭਵ ਤੇ ਪ੍ਰੇਰਨਾ-ਸ੍ਰੋਤ ਸੀ।

> "ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਕਤਲ ਹੋ ਜਾਵੇ ਅਤੇ ਉਸ ਦਾ ਪੁੱਤਰ ਨਵੇਂ ਪ੍ਰਧਾਨ ਮੰਤਰੀ ਦੀ ਸਹੁੰ ਚੁੱਕ ਕੇ ਕਾਤਲਾਂ ਦੀ ਪੂਰੀ ਕੌਮ ਨਾਲ ਬਦਲੇ ਦੀ ਭਾਵਨਾ ਨਾਲ ਤਿਲਮਿਲਾ ਰਿਹਾ ਹੋਵੇ, ਉਸ ਸਮੇਂ ਸਭ ਤੋਂ ਨਜ਼ਦੀਕੀ ਹੋਮ ਮਨਿਸਟਰ ਨੂੰ ਨਿਮਕ ਹਲਾਲੀ ਦਿਖਾਉਣ ਦਾ ਵਧੀਆ ਮੌਕਾ ਮਿਲਿਆ ਸੀ। ਢਾਈ ਦਿਨਾਂ ਵਿਚ ਸਿੱਖ ਕੌਮ ਦੇ ਸਿਰ ਇੰਨੇ ਸਸਤੇ ਹੋ ਗਏ ਜਿੰਨੇ ਸ਼ਾਇਦ ਮੁਗ਼ਲੀਆ ਹਕੂਮਤ ਤੇ ਅਫਗਾਨ ਹਮਲਾਵਰਾਂ ਦੇ ਰਾਜ ਵਿਚ ਵੀ ਨਹੀਂ ਸੀ ਹੋਏ ਹੋਣੇ।"

ਯੂਥ ਕਾਂਗਰਸ ਦੇ ਡੈਲੀਗੇਟਾਂ ਨੂੰ ਅਰਾਜਕਤਾ ਪ੍ਰਦਰਸ਼ਨ ਲਈ ਨਾਗਪੁਰ ਵਿਚ ਜੋ ਖੁੱਲ੍ਹ ਮਿਲੀ ਉਸ ਨਾਲ ਰੈਡ ਲਾਈਟ ਏਰੀਆ ਦੀ ਧੰਦੇਬਾਜ ਔਰਤਾਂ ਵੀ ਤੋਬਾ ਕਰਕੇ ਚਕਲੇ ਛੱਡ ਗਈਆਂ। ਵਾਪਸੀ ਯਾਤਰਾ ਵਿਚ ਇਨ੍ਹਾਂ ਡੈਲੀਗੇਟਾਂ ਨੇ ਰੇਲਵੇ ਸਫਰਾਂ ਵਿਚ ਧੋਤੀਆਂ ਸਾੜੀਆਂ ਦੇ ਜੋ ਢੇਰ ਬਣਾਏ ਉਨ੍ਹਾਂ ਦੇ ਸਮਾਚਾਰ ਰੋਕੇ ਜਾਣ ਦੇ ਬਾਵਜੂਦ ਵੀ ਉਸ ਸਮੇਂ ਦੇ ਅਖ਼ਬਾਰਾਂ ਵਿਚ ਤਰਾਸ਼ੇ ਤੇ ਤਲਾਸ਼ੇ ਜਾ ਸਕਦੇ ਹਨ। ਇਹ ਪਿਛੋਕੜ ਦੇਣ ਦਾ ਭਾਵ ਇਹ ਹੈ ਕਿ ਕਾਂਗਰਸ ਪਾਰਟੀ ਵੱਲੋਂ ਪੂਰੀ ਤਿਆਰੀ ਸੀ ਕਿ ਖਾੜਕੂਆਂ ਰਾਹੀਂ ਕਿਸੇ ਲੀਡਰ ਦੀ ਹੱਤਿਆ ਤੋਂ ਬਾਅਦ ਪੰਜਾਬ ਤੋਂ ਬਾਹਰਲੇ ਸਿੱਖਾਂ ਨਾਲ ਕਿਵੇਂ ਨਜਿੱਠਣਾ ਹੈ। ਇਹ ਮੌਕਾ ਅਕਤੂਬਰ ਦੇ ਅਖੀਰ ਵਿਚ ਮਿਲ ਗਿਆ ਤੇ ਕਤਲ ਹੋਣ ਵਾਲੀ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਗਪੁਰ ਸੰਮੇਲਨ ਦੇ ਆਯੋਜਕ ਰਾਜੀਵ ਗਾਂਧੀ ਦੀ ਮਾਂ ਸੀ।

**ਸ. ਕਰਤਾਰ ਸਿੰਘ ਨੀਲਧਾਰੀ**

ਇੰਦਰਾ ਗਾਂਧੀ ਦੇ ਰਾਜ ਵਿਚ ਸੰਜੈ ਗਾਂਧੀ ਦੇ ਮੁੰਡਾ-ਗੁੰਡਾ ਤੱਤਾਂ ਨਾਲ ਜੁੜੇ ਸੁਆਰਥੀ ਲੋਕਾਂ ਨੇ ਰਾਜੀਵ ਗਾਂਧੀ ਦੀ ਨ-ਤਜ਼ਰਬੇਕਾਰੀ ਰਾਹੀਂ ਸੁਆਰਥਸਿਧੀ ਦਾ ਜੋ ਢੰਗ ਵਰਤਿਆ ਸੀ, ਉਸ ਭਾਵਨਾ ਨਾਲ ਉਹ ਨਾਗਪੁਰ ਸੰਮਲੇਨ ਵਿਚ ਸ਼ਰੀਕ ਹੋਏ ਸਨ। ਇਨ੍ਹਾਂ ਲੋਕਾਂ ਨੇ ਅਗਵਾਈ ਦੇ ਕੇ ਸਿੱਖਾਂ ਦੇ ਕਤਲੇਆਮ ਦਾ ਆਗਾਜ਼ ਕਰ ਦਿੱਤਾ। ਉਸ ਵਕਤ ਗ੍ਰਹਿ ਮੰਤਰੀ ਨਰਸਿਮਾ ਰਾਓ ਸੀ, ਜਿਸ ਦੀ ਹਿੰਦੂ ਕੱਟੜਵਾਦਿਤਾ ਅਯੁੱਧਿਆ ਮੰਦਰ ਵਿਕਾਸ ਤੇ ਬਾਬਰੀ ਮਸਜਿਦ ਵਿਨਾਸ਼ ਵਿਚਲੇ ਪ੍ਰਸੰਗ ਵਿਚ ਵੀ ਪ੍ਰਗਟ ਹੋ ਚੁਕੀ ਹੈ। ਹੋਮ ਮਨਿਸਟਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਭੁਲਾ ਕੇ ਇਹ ਵਿਅਕਤੀ ਸ਼ਾਇਦ ਗੁਪਤ ਰੂਪ ਵਿਚ ਕਾਤਲਾਂ ਨੂੰ ਹੀ ਨਿਰਦੇਸ਼ ਦੇ ਰਿਹਾ ਸੀ। ਜੋ ਵੀ ਹੋਵੇ ਇਸ ਨੇ ਪੂਰੀ ਕੋਤਾਹੀ ਨਾਲ ਹਾਲਾਤ ਨੂੰ ਕਾਬੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਸਗੋਂ ਇਸ ਕਤਲੇਆਮ ਨੂੰ ਹਿੰਦੂ-ਸਿੱਖ ਦੰਗਿਆਂ ਦਾ ਚੋਗਾ ਪੁਆਉਣ ਦੀ ਕੋਸ਼ਿਸ਼ ਅੱਜ ਤਕ ਜਾਰੀ ਰੱਖੀ ਹੋਈ ਹੈ। ਵਾਸਤਵ ਵਿਚ ਮਾਨਵਵਾਦੀ ਦ੍ਰਿਸ਼ਟੀਕੋਣ ਨਾਲ ਹਰ ਸੰਭਵ ਤਰੀਕੇ ਨਾਲ ਹਿੰਦੂ ਪੜੋਸੀਆਂ ਨੇ ਸਿੱਖਾਂ ਦੀ ਹਿਫ਼ਾਜਤ ਦਾ ਹੀਲਾ ਕੀਤਾ ਸੀ। ਦੰਗਈ ਦਸਤੇ ਕਿਸ ਤਰ੍ਹਾਂ ਸੰਗਠਿਤ ਕੀਤੇ ਗਏ ਸਨ, ਇਸ ਬਾਰੇ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਦਿੱਲੀ ਦੇ ਦੰਗਿਆਂ ਵਿਚ ਭਜਨ ਲਾਲ ਨੇ ਸਰਕਾਰੀ ਮਸ਼ੀਨਰੀ ਦੀ ਕੁਵਰਤੋਂ ਤੋਂ ਵੀ ਗੁਰੇਜ਼ ਨਾ ਕੀਤਾ।

ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਕਤਲ ਹੋ ਜਾਵੇ ਅਤੇ ਉਸ ਦਾ ਪੁੱਤਰ ਨਵੇਂ ਪ੍ਰਧਾਨ ਮੰਤਰੀ ਦੀ ਸਹੁੰ ਚੁੱਕ ਕੇ ਕਾਤਲਾਂ ਦੀ ਪੂਰੀ ਕੌਮ ਨਾਲ ਬਦਲੇ ਦੀ ਭਾਵਨਾ ਨਾਲ ਤਿਲਮਿਲਾ ਰਿਹਾ ਹੋਵੇ, ਉਸ ਸਮੇਂ ਸਭ ਤੋਂ ਨਜ਼ਦੀਕੀ ਹੋਮ ਮਨਿਸਟਰ ਨੂੰ ਨਿਮਕ ਹਲਾਲੀ ਦਿਖਾਉਣ ਦਾ ਵਧੀਆ ਮੌਕਾ ਮਿਲਿਆ ਸੀ। ਢਾਈ ਦਿਨਾਂ ਵਿਚ ਸਿੱਖ ਕੌਮ ਦੇ ਸਿਰ ਇੰਨੇ ਸਸਤੇ ਹੋ ਗਏ ਜਿੰਨੇ ਸ਼ਾਇਦ ਮੁਗ਼ਲੀਆ ਹਕੂਮਤ ਤੇ ਅਫਗਾਨ ਹਮਲਾਵਰਾਂ ਦੇ ਰਾਜ ਵਿਚ ਵੀ ਨਹੀਂ ਸੀ ਹੋਏ ਹੋਣੇ। ਮੁਗ਼ਲ ਤੇ ਪਠਾਣਾਂ ਦੇ ਢਾਈ ਸੌ ਸਾਲ ਦੇ ਜ਼ੁਲਮ ਦੇ ਕਾਰਨਾਮੇ ਇਨ੍ਹਾਂ ਢਾਈ ਦਿਨਾਂ ਵਿਚ ਫਿੱਕੇ ਪੈ ਗਏ। ਸੁਤੰਤਰ, ਤਥਾਕਥਿਤ ਧਰਮ ਨਿਰਪੱਖ ਦੇ ਪਰਜਾਤੰਤਰੀ ਸਿਸਟਮ ਦੇ ਸਮਾਨ ਅਧਿਕਾਰਾਂ ਵਾਲੇ ਦੇਸ਼ ਵਿਚ, ਅੱਜ ਵੀ ਕਤਲੇਆਮ ਕਰਾਉਣ ਵਾਲੇ ਸ਼ਰ੍ਹੇਆਮ ਦਨਦਨਾ ਰਹੇ ਹਨ। ਜ਼ੁਲਮੋ-ਸਿਤਮ ਦੇ ਕਹਿਰ ਦੇ ਸ਼ਿਕਾਰ ਕਈ ਪਰਵਾਰ ਹੀ ਗਰਕ ਹੋ ਗਏ ਸਨ। ਜਿਨ੍ਹਾਂ ਦੀਆਂ ਵਿਧਵਾਵਾਂ ਤੇ ਯਤੀਮ ਬੱਚੇ ਬਚ ਗਏ ਸਨ, ਉਹ ਅੱਜ ਅਠ੍ਹਾਰਾਂ ਸਾਲ ਬਾਅਦ ਵੀ ਇਨਸਾਫ ਨਹੀਂ ਪਾ ਸਕੇ। ਇਸ ਦੇਸ਼ ਦੇ ਲੋਕਤੰਤਰੀ ਕਹਾਉਣ ਵਾਲੇ ਸਿਸਟਮ ਦਾ ਇਸ ਤੋਂ ਵੱਡਾ ਤੇ ਕੋਝਾ ਮਜ਼ਾਕ ਹੋਰ ਕੀ ਹੋ ਸਕਦਾ ਹੈ ?

# ਓਪਰੇਸ਼ਨ ਬਲਿਊ ਸਟਾਰ ਦੀਆਂ ਯਾਦਾਂ ਵਿਚੋਂ ਕੁਝ ਅਭੁੱਲ ਯਾਦਾਂ



ਯਾਦ ਅਤੇ ਉਮੀਦ ਇਕੋ ਹੀ ਤਸਵੀਰ ਦੇ ਦੋ ਪਾਸੇ ਦਾ ਮੂੰਹ ਅਗਾਂਹ ਵੱਲ ਨੂੰ। ਇਕ ਅੱਜ ਦੀ ਗੱਲ ਕਰਦਾ ਹੈ ਅਤੇ ਦੂਜੇ ਵਿਚ ਆਉਣ ਵਾਲਾ ਕੱਲ੍ਹ ਛੁਪਿਆ ਹੁੰਦਾ ਹੈ। ਯਾਦ ਇਕ ਤਰ੍ਹਾਂ ਦਾ ਇਤਿਹਾਸ ਹੈ ਜਿਹੜਾ ਸਾਡੇ ਦਿਮਾਗ਼ਾਂ ਵਿਚ ਸਾਂਭਿਆ ਜਾਂਦਾ ਹੈ। ਯਾਦ ਇਕ ਚਿੱਤਰਕਾਰ ਦੀ ਤਰ੍ਹਾਂ ਵੀ ਹੁੰਦੀ ਹੈ ਜੋ ਬੀਤੇ ਦਾ ਵੀ ਅਤੇ ਅੱਜ ਦਾ ਵੀ ਨਕਸ਼ਾ ਖਿੱਚਦੀ ਹੈ।

ਫੌਜੀ ਬੂਟਾਂ ਨੇ 3 ਜੂਨ 1984 ਨੂੰ ਸ੍ਰੀ ਹਰਿਮੰਦਰ ਸਾਹਿਬ ਵੱਲ ਆਪਣਾ ਮਾਰਚ ਸ਼ੁਰੂ ਕਰ ਦਿੱਤਾ ਸੀ। ਵੈਸੇ ਮਈ ਦੇ ਆਖਰੀ ਪੰਦਰਵਾੜੇ ਵਿਚ ਹੀ ਫੌਜ ਦੇ ਕਈ ਦਸਤੇ ਸ੍ਰੀ ਅੰਮ੍ਰਿਤਸਰ ਪਹਿਲਾਂ ਹੀ ਪਹੁੰਚ ਚੁੱਕੇ ਸਨ ਅਤੇ ਫੌਜੀ ਅਫਸਰ ਇਸ ਗੱਲ ਦਾ ਜਾਇਜ਼ਾ ਲੈ ਰਹੇ ਸਨ ਕਿ ਉਹਨਾਂ ਨੇ ਕਿਸ ਥਾਂ 'ਤੇ ਪੁਜ਼ੀਸ਼ਨਾਂ ਲੈਣੀਆਂ ਹਨ। ਪੰਜ ਦਰਿਆਵਾਂ ਦੀ ਸਾਰੀ ਧਰਤੀ ਕਰਫਿਊ ਦੀ ਲਪੇਟ ਵਿਚ ਸੀ। ਨਾ ਕੋਈ ਪਿੰਡ ਤੇ ਨਾ ਕੋਈ ਸ਼ਹਿਰ ਕਰਫਿਊ ਦੇ ਘੇਰੇ ਵਿਚੋਂ ਬਾਹਰ ਸੀ। ਅਜਿਹਾ ਪੰਜਾਬ ਵਿਚ ਪਹਿਲੀ ਵਾਰ ਹੋਇਆ ਸੀ ਅਤੇ ਸ਼ਾਇਦ ਦੁਨੀਆਂ ਵਿਚ ਇਹੋ ਜਿਹੀ ਮਿਸਾਲ ਪਹਿਲੀ ਵਾਰ ਸੀ ਜਦੋਂ ਇਕ ਇਤਿਹਾਸਕ ਸੂਬੇ ਵਿਚ ਦੋ ਕਰੋੜ ਦੀ ਵੱਸੋਂ ਉੱਤੇ ਘਰਾਂ ਵਿਚੋਂ ਬਾਹਰ ਨਿਕਲਣ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਅਖ਼ਬਾਰਾਂ ਆਪਣੇ ਦਫ਼ਤਰ ਬੰਦ ਕਰ ਰਹੀਆਂ ਸਨ ਅਤੇ ਅਸੀਂ ਪੱਤਰਕਾਰ ਆਪਣੇ ਘਰਾਂ ਵੱਲ ਜਾਣ ਦੀ ਤਿਆਰੀ ਕਰ ਰਹੇ ਸੀ। ਅੰਮ੍ਰਿਤਸਰ ਤੋਂ ਸਾਡੇ ਵਿਸ਼ੇਸ਼ ਪ੍ਰਤੀਨਿਧ ਪੀ.ਪੀ.ਐਸ. ਗਿੱਲ ਦੀ ਇਕ ਨਿਊਜ਼ ਸਟੋਰੀ ਟੈਲੀਪ੍ਰਿੰਟਰ ਉੱਤੇ ਟਿਕ ਟਿਕ ਕਰ ਰਹੀ ਸੀ ਪਰ ਛੇਤੀ ਹੀ ਸਾਰਾ ਕੁਝ ਇਕਦਮ ਬੰਦ ਸੀ ਜਿਵੇਂ ਹਰ ਜਿਊਂਦੀ ਤੇ ਨਿਰਜੀਵ ਚੀਜ਼ 'ਤੇ ਪਹਿਰਾ ਲੱਗ ਗਿਆ ਹੋਵੇ। ਸ੍ਰੀ ਦਰਬਾਰ ਸਾਹਿਬ ਵਿਚ ਆਉਣ ਵਾਲੇ ਭਿਆਨਕ ਕੱਲ੍ਹ ਦੇ ਸਾਰੇ ਦਰਦਨਾਕ ਦ੍ਰਿਸ਼ ਧੁੰਦਲੇ ਰੂਪ ਵਿਚ ਫਿਲਮ ਦੀ ਕਿਸੇ ਰੀਲ ਵਾਂਗ ਨਜ਼ਰਾਂ ਤੋਂ ਅੱਗੜ-ਪਿੱਛੜ ਲੰਘਦੇ ਜਾ ਰਹੇ ਸਨ। ਚੰਡੀਗੜ੍ਹ ਦੀਆਂ ਸੜਕਾਂ ਉੱਤੇ ਸਕੂਟਰ ਸ਼ਾਮਲ ਸੀ। ਸਕੂਟਰ ਉੱਤੇ ਜਾਂਦਿਆਂ ਮੈਂ ਵੇਖਿਆ ਕਿ 22 ਸੈਕਟਰ ਦੇ ਗੁਰਦੁਆਰੇ ਅੱਗੇ ਗਿਣਤੀ ਦੇ ਕੁਝ ਸਿੰਘ ਹੌਲੀ-ਹੌਲੀ ਗੱਲਾਂ ਕਰ ਰਹੇ ਸਨ। ਉਹਨਾਂ ਦੇ ਚਿਹਰਿਆਂ ਉੱਤੇ ਡੂੰਘੀ ਉਦਾਸੀ ਅਤੇ ਬੇਬਸੀ ਦੀ ਝਲਕ ਸਾਫ਼ ਵੇਖੀ ਜਾ ਸਕਦੀ ਸੀ। ਉਹਨਾਂ ਸਮਿਆਂ ਵਿਚ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਬਾਹਰੋਂ-ਬਾਹਰੋਂ ਵੇਖਿਆਂ ਕੁਝ ਵੀ ਵੱਖਰਾ-ਵੱਖਰਾ ਨਹੀਂ ਦਿਸਦਾ ਸੀ ਪਰ ਅੰਦਰੋ-ਅੰਦਰੀ ਦੋਵਾਂ ਦਰਮਿਆਨ ਵੰਡ ਦੀ ਇਕ ਡੂੰਘੀ ਲਕੀਰ ਖਿੱਚੀ ਗਈ ਸੀ। ਟੀ.ਵੀ. ਉਤੇ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਭਾਸ਼ਣ ਮਗਰੋਂ ਦੋਵਾਂ ਨੇ ਮਿੰਟਾਂ ਸਕਿੰਟਾਂ ਵਿਚ ਆਪਣੇ-ਆਪਣੇ ਮਨਾਂ ਵਿਚ ਇਕ ਵੱਡੀ ਕੰਧ ਉਸਾਰ ਲਈ ਸੀ। ਜੇ ਦੋਵੇਂ ਕੌਮਾਂ ਦੀ ਉਹਨਾਂ ਘੜੀਆਂ ਪਲਾਂ ਵਿਚ ਅੰਦਰੂਨੀ ਮਾਨਸਿਕ ਸਥਿਤੀ ਦਾ ਨਿਰਪੱਖ ਅਨੁਮਾਨ ਲਾਇਆ ਜਾਵੇ ਤਾਂ ਇਹ ਅਣਦਿਸਦੀ ਕੰਧ ਕੰਕਰੀਟ ਤੋਂ ਵੀ ਪੱਕੀ ਅਤੇ ਮਜ਼ਬੂਤ ਲੱਗਦੀ ਸੀ। ਹਾਲਾਤ ਨੂੰ ਵੇਖਣ ਦਾ ਨਜ਼ਰੀਆ ਦੋਵਾਂ ਕੌਮਾਂ ਵਿਚ ਇਕ ਦੂਜੇ ਤੋਂ ਉਲਟ ਸੀ।

## ਵਕਤ ਕੀ ਤਰਹਿ ਆਜ ਦਬੇ ਪਾਂਵ ਯੇ ਕੌਨ ਆਏ ਹੈਂ ?

ਸਿੱਖਾਂ ਵਾਸਤੇ ਪੱਕੀਆਂ ਤੇ ਭਰੋਸੇਯੋਗ ਖ਼ਬਰਾਂ ਲਈ ਬੀ.ਬੀ.ਸੀ. ਹੀ ਇਕੋ ਇਕ ਸਾਧਨ ਰਹਿ ਗਿਆ ਸੀ ਪਰ ਕਿਉਂਕਿ ਵਿਦੇਸ਼ੀ ਪੱਤਰਕਾਰਾਂ ਨੂੰ ਵੀ ਪੰਜਾਬ ਛੱਡ ਦੇਣ ਲਈ ਕਹਿ ਦਿੱਤਾ ਗਿਆ ਸੀ, ਇਸ ਲਈ ਰੇਡੀਓ ਤੇ ਦੂਰਦਰਸ਼ਨ ਦੀਆਂ ਮਨਘੜ੍ਹਤ ਤੇ ਕੱਚੀਆਂ-ਪੱਕੀਆਂ ਖ਼ਬਰਾਂ ਨੂੰ ਹਰ ਕੋਈ ਪੁਣ-ਛਾਣ ਕੇ ਆਪਣੇ-ਆਪਣੇ ਹਿਸਾਬ ਨਾਲ ਕੱਚੇ ਪਿੱਲੇ ਨਤੀਜੇ ਕੱਢ ਕੇ ਤਸੱਲੀਆਂ ਹਾਸਲ ਕਰ ਰਿਹਾ ਸੀ। ਨਿੰਮੋਝੂਣ ਹੋਈਆਂ ਉਦਾਸ ਨਿਗਾਹਾਂ ਮਨ ਦੀ ਸਵਾਰੀ ਕਰਕੇ ਉਸ ਥਾਂ ਵੱਲ ਟਿਕੀਆਂ ਹੋਈਆਂ ਸਨ ਜਿਥੇ ਰੱਬ ਦੀ ਸਿਫ਼ਤ ਸਾਲਾਹ ਵਾਲੇ ਕੀਰਤਨ ਦੀ ਥਾਂ ਗੋਲੀਆਂ ਦਾ ਮੀਂਹ ਵਰ੍ਹ ਰਿਹਾ ਸੀ। ਹਰ ਸਿੱਖ ਇਹ ਜਾਣਨ ਲਈ ਹੱਦੋਂ ਵੱਧ ਉਤਾਵਲਾ ਸੀ ਕਿ ਓਥੇ ਕੀ ਹੋ ਰਿਹਾ ਹੈ ? ਸਿੰਘ ਸੂਰਮੇ ਮੁਕਾਬਲਾ ਕਰ ਰਹੇ ਹਨ ? ਉਨ੍ਹਾਂ ਮਰਦਾਂ, ਇਸਤਰੀਆਂ, ਬਜ਼ੁਰਗਾਂ ਤੇ ਬੱਚਿਆਂ ਨਾਲ ਕੀ ਭਾਣਾ ਬੀਤਿਆ ਹੋਇਆ ਹੋਵੇਗਾ ਜੋ ਪੰਜਵੇਂ ਗੁਰੂ ਦਾ ਸ਼ਹੀਦੀ ਦਿਵਸ ਮਨਾਉਣ ਲਈ ਇਕੱਠੇ ਹੋਏ ਹਨ ? ਅਜਿਹੀ ਹਾਲਤ ਵਿਚ ਕਿੰਨੇ ਕੁ ਘਰਾਂ ਨੂੰ ਸੁੱਖੀ-ਸਾਂਦੀ ਪਰਤ ਸਕਣਗੇ ? 'ਨਵੇਂ ਅਬਦਾਲੀ' ਨੇ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੀ ਪਾਵਨ ਇਮਾਰਤ ਦਾ ਕੀ ਹਾਲ ਕਰ ਦਿੱਤਾ ਹੋਵੇਗਾ ? ਗੱਲ ਕੀ ਉਸ ਸਮੇਂ ਸਾਰੀ ਕੌਮ ਦੀਆਂ ਯਾਦਾਂ ਵਿਚ ਪਿੱਛਲਾ ਸਿੱਖ ਇਤਿਹਾਸ ਸਾਕਾਰ ਹੋ ਰਿਹਾ ਸੀ। ਸਾਰੀ ਕੌਮ ਦੇ ਦਿਲ ਸੁਚੇਰੇ ਰੂਪ ਵਿਚ ਉਹਨਾਂ ਸਿੰਘਾਂ ਨਾਲ ਅਰਦਾਸ ਵਿਚ ਜੁੜੇ ਹੋਏ ਸਨ ਜਿਨ੍ਹਾਂ ਨੇ ਦੁਨੀਆਂ ਦੀ ਇਸ ਅਸਾਂਵੀਂ ਜੰਗ ਵਿਚ ਭਾਰਤੀ ਫੌਜ ਦੇ ਭਾਰੀ ਲਸ਼ਕਰਾਂ ਨੂੰ 60 ਘੰਟਿਆਂ ਤਕ ਰੋਕ ਕੇ ਰੱਖਿਆ ਸੀ।....ਤੇ ਫਿਰ ਜੰਗ ਖ਼ਤਮ ਹੋਈ। ਸੈਂਸਰ ਦੇ ਭਾਰ ਹੇਠੋਂ ਦੱਬੀਆਂ ਖ਼ਬਰਾਂ ਵਿਚੋਂ ਵੀ ਜਦੋਂ ਲੋਕਾਂ ਨੇ ਸੱਚ ਪੜ੍ਹਿਆ ਤੇ ਅੱਖੀਂ ਵੇਖਿਆ ਉਸ ਨਾਲ ਸਾਰੀ ਕੌਮ ਇਕ ਵਾਰ ਤਾਂ ਸੁੰਨ-ਮਸੁੰਨ ਹੋ ਕੇ ਰਹਿ ਗਈ ਸੀ। ਹਜ਼ਾਰਾਂ ਨੌਜਵਾਨ ਆਪਣੀਆਂ ਪੜ੍ਹਾਈਆਂ ਛੱਡ ਕੇ ਉਹਨਾਂ ਰਸਤਿਆਂ 'ਤੇ ਪੈ ਗਏ ਸਨ ਜਿਨ੍ਹਾਂ ਰਸਤਿਆਂ ਉਤੇ ਤੁਰਨ ਦੇ ਦਰਦ ਦੀ ਸਾਚੀ ਸਾਖੀ ਹੁਣ ਇਤਿਹਾਸ ਦਾ ਹਿੱਸਾ ਹੈ। ਪਰ ਇਹ ਸਾਡੀਆਂ ਯਾਦਾਂ ਵਿਚ ਸਾਡੇ ਸਾਹਾਂ ਦੇ ਨਾਲ ਹੀ ਮੁੱਕੇਗੀ। ਅਮਰੀਕਾ ਦੀ ਇਕ ਮਹਾਨ ਕਲਾਕਾਰ ਗ੍ਰੈਂਡਮਾ ਮੌਜ਼ਿਜ਼ (1860-1961) ਯਾਦ ਦੀ ਬਰਕਤ ਤੇ ਮਹਾਨਤਾ ਬਾਰੇ ਬੜੀ ਖ਼ੂਬਸੂਰਤ ਪਰਿਭਾਸ਼ਾ ਕਰਦੀ ਹੋਈ ਸਾਨੂੰ ਦੱਸਦੀ ਹੈ ਕਿ ਯਾਦ ਅਤੇ ਉਮੀਦ ਇਕੋ ਹੀ ਤਸਵੀਰ ਦੇ ਦੋ ਪਾਸੇ ਦਾ ਮੂੰਹ ਅਗਾਂਹ ਵੱਲ ਨੂੰ। ਇਕ ਅੱਜ ਦੀ ਗੱਲ ਕਰਦਾ ਹੈ ਅਤੇ ਦੂਜੇ ਵਿਚ ਆਉਣ ਵਾਲਾ ਕੱਲ੍ਹ ਛੁਪਿਆ ਹੁੰਦਾ ਹੈ। ਯਾਦ ਇਕ ਤਰ੍ਹਾਂ ਦਾ ਇਤਿਹਾਸ ਹੈ ਜਿਹੜਾ ਸਾਡੇ ਦਿਮਾਗ਼ਾਂ ਵਿਚ ਸਾਂਭਿਆ ਜਾਂਦਾ ਹੈ। ਯਾਦ ਇਕ ਚਿੱਤਰਕਾਰ ਦੀ ਤਰ੍ਹਾਂ ਵੀ ਹੁੰਦੀ ਹੈ ਜੋ ਬੀਤੇ ਦਾ ਵੀ ਅਤੇ ਅੱਜ ਦਾ ਵੀ ਨਕਸ਼ਾ ਖਿੱਚਦੀ ਹੈ। ਆਪਣੇ ਦੇਸ਼ ਦੀਆਂ ਬਹੁਤੀਆਂ ਅਖ਼ਬਾਰਾਂ ਨੇ ਮੌਤ ਦੇ ਇਸ ਤਾਂਡਵ ਨਾਚ ਦੀ 'ਸਫਲਤਾ' 'ਤੇ ਇਕ-ਦੂਜੇ ਨੂੰ ਵਧਾਈਆਂ ਦਿੱਤੀਆਂ ਅਤੇ ਸ੍ਰੀ ਦਰਬਾਰ ਸਾਹਿਬ ਉਤੇ ਧਾਵਾ ਬੋਲਣ ਵਾਲੇ ਇਕ ਜਰਨੈਲ ਕੇ.ਐਸ. ਬਰਾੜ ਨੇ ਤਾਂ ਇਹ ਖ਼ੁਦ ਮੰਨਿਆ ਕਿ ਇਕ ਕੌਮ ਦੇ ਕੁਝ ਲੋਕ ਖੁਸ਼ੀ ਵਿਚ ਫੌਜੀਆਂ ਨੂੰ ਮਠਿਆਈਆਂ ਵੰਡਣ ਲਈ ਵੀ ਆਏ। ਇੰਝ ਹਾਲਾਤ ਦਾ ਸੱਚ ਸੱਚਮੁਚ ਹੀ ਕਿਨਾਰੇ 'ਤੇ ਚਲਾ ਗਿਆ ਸੀ। ਪਰ ਦੂਜੇ ਪਾਸੇ ਵਿਦੇਸ਼ੀ ਅਖ਼ਬਾਰਾਂ ਸੱਚ ਨੂੰ ਜੱਗ ਜਾਹਰ ਕਰਨ ਲਈ ਇਕ ਦੂਜੇ ਤੋਂ ਅੱਗੇ ਜਾ ਰਹੀਆਂ ਸਨ। ਉਹਨਾਂ ਵਿਚੋਂ ਹੀ ਇਕ ਪ੍ਰਸਿੱਧ ਅਖ਼ਬਾਰ 'ਡੇਲੀ ਐਕਸਪ੍ਰੈਸ' ਲੰਡਨ ਵਲੋਂ 19 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਦੀ ਸਥਿਤੀ ਬਾਰੇ ਅਤੇ ਸਿੱਖ ਕੌਮ ਦੇ ਭਵਿੱਖ ਬਾਰੇ ਕੁਝ ਇਸ ਤਰ੍ਹਾਂ ਦੀ ਖ਼ਬਰ ਦਿੱਤੀ ਗਈ: "ਹਰਿਮੰਦਰ ਦੇ ਅਸ਼ਾਂਤ ਵਾਤਾਵਰਣ ਨੂੰ ਸ਼ਾਂਤ ਕਰਨ ਲਈ ਵੀ ਕੋਈ ਵੀ ਅਰਦਾਸ ਨਹੀਂ ਹੋ ਰਹੀ....ਸੰਗੀਤ ਦੇ ਸਾਜ਼ ਜੋ ਕਿ ਸਦੀਆਂ ਤੋਂ ਆਪਣੀਆਂ ਅਨਹਦ ਧੁਨਾਂ ਨਾਲ ਅੰਮ੍ਰਿਤ ਦੀ ਵਰਖਾ ਕਰਦੇ ਆ ਰਹੇ ਸਨ, ਹੁਣ ਪੂਰੀ ਤਰ੍ਹਾਂ ਖ਼ਾਮੋਸ਼ ਹਨ। ਓਥੇ ਕੋਈ ਵੀ ਸ਼ਰਧਾਲੂ ਨਹੀਂ ਸਿਰਫ਼ ਫੌਜ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨ ਵਾਲਾ ਕੋਈ ਨਹੀਂ ਰਹਿ ਗਿਆ। ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਵੈਟੀਕਨ (ਈਸਾਈਆਂ ਦਾ ਸਰਬਉੱਚ ਧਾਰਮਿਕ ਸਥਾਨ) ਪੋਪ ਤੋਂ ਬਿਨਾਂ ਹੋਵੇ। ਹਰਿਮੰਦਰ ਦੇ ਸਾਹਮਣੇ ਅਕਾਲ ਤਖ਼ਤ ਖ਼ਾਮੋਸ਼ ਹੈ। ਇੰਦਰਾ ਗਾਂਧੀ ਨੇ ਇਹ ਕੁਕਰਮ ਕਰਕੇ ਆਉਣ ਵਾਲੀ ਨਸਲ ਲਈ ਇਕ ਕੌੜੀ ਫਸਲ ਤਿਆਰ ਕਰ ਲਈ ਹੈ।" ਲੰਡਨ ਤੋਂ ਛਪਦੇ 'ਟਾਈਮਜ਼' ਨੇ 21 ਜੂਨ 1984 ਵਾਲੇ ਦਿਨ ਸੰਤ ਜਰਨੈਲ ਸਿੰਘ ਨੂੰ ਕੁਝ ਇਸ ਤਰ੍ਹਾਂ ਸ਼ਰਧਾਂਜਲੀ ਦਿੱਤੀ: "ਸਿੱਖ ਸ਼ਹੀਦਾਂ ਦੀ ਲੰਮੀ ਕਤਾਰ ਵਿਚ ਸੰਤ ਜਰਨੈਲ ਸਿੰਘ ਨੇ ਆਪਣਾ ਨਾਂਅ ਜੋੜ ਕੇ ਪਿਛਲੇ ਹਫ਼ਤੇ ਗੋਲੀਆਂ ਦੀ ਬੁਛਾੜ ਵਿਚ ਜੋ ਸ਼ਹੀਦੀ ਪਾਈ ਹੈ ਉਹ ਹਿੰਦੁਸਤਾਨ ਦੀ ਤਾਨਾਸ਼ਾਹੀ ਹਕੂਮਤ ਲਈ ਪਹਿਲਾਂ ਨਾਲੋਂ ਵੀ ਜ਼ਿਆਦਾ ਖ਼ਤਰਾ ਸਾਬਿਤ ਹੋ ਸਕਦੀ ਹੈ ਜਦ ਸੰਤ ਜਰਨੈਲ ਸਿੰਘ ਜਿਉਂਦੇ ਸਨ।"

**- ਕਰਮਜੀਤ ਸਿੰਘ, ਚੰਡੀਗੜ੍ਹ**

# ਸਿੱਖਾਂ ਦੇ ਮਨਾਂ 'ਚ ਪਹਿਲੀ ਜੂਨ ਦੀ ਚੀਸ

**- ਜਸਪਾਲ ਸਿੰਘ ਹੇਰਾਂ**

ਪਹਿਲੀ ਜੂਨ ਦੀ ਚੀਸ ਹਰ ਸਿੱਖ ਦੇ ਹਿਰਦੇ ਨੂੰ ਵਲੂੰਧਰ ਦਿੰਦੀ ਹੈ। ਉਸਨੂੰ ਜਾਪਦਾ ਹੈ ਕਿ ਜ਼ਾਲਮਾਂ ਨੇ ਉਸਦਾ ਸਾਰਾ ਕੁਝ ਖੋਹ ਕੇ ਉਸਨੂੰ ਕੋਹ-ਕੋਹ ਕੇ ਮਾਰ ਦਿੱਤਾ ਹੈ। ਪ੍ਰੰਤੂ ਇਹ ਚੀਸ, ਸਿੱਖ ਆਗੂਆਂ ਦੇ ਹਿਰਦੇ ਨੇ ਨੇੜੇ ਤੇੜਿਓ ਵੀ ਨਹੀਂ ਲੰਘਦੀ, ਉਨਾਂ ਲਈ ਇਹ ਦੁੱਖੜੇ-ਦਿਹਾੜੇ ਚੌਧਰ ਚਮਕਾਉਣ ਦੇ ਦਿਹਾੜੇ ਬਣ ਜਾਂਦੇ ਹਨ। ਸਿਆਸੀ ਰੋਟੀਆਂ ਸੇਕਣ ਦਾ ਅਧਾਰ ਬਣ ਜਾਂਦੇ ਹਨ। ਪਹਿਲੀ ਜੂਨ 1984 ਨੂੰ ਸਮੇਂ ਦੀ ਜਾਬਰ ਹਕੂਮਤ ਨੇ ਦੋ ਬਾਹਰਲੇ ਦੇਸ਼ਾਂ ਦੀ ਸਹਾਇਤਾ ਨਾਲ ਧਰਤੀ ਦੇ ਸੱਚਖੰਡ, ਸਿੱਖਾਂ ਦੀ ਜਾਨ, ਸ੍ਰੀ ਦਰਬਾਰ ਸਾਹਿਬ ਤੇ ਮਾਰੂ ਹੱਲਾ ਬੋਲ ਦਿੱਤਾ। ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਆਈਆਂ ਸਿੱਖ ਸੰਗਤਾਂ ਨੂੰ ਬਿਨਾਂ ਬਜ਼ੁਰਗ, ਬੱਚੇ, ਔਰਤ ਦਾ ਖ਼ਿਆਲ ਕੀਤਿਆਂ ਵਹਿਸ਼ੀਆਨਾ ਕਤਲੇਆਮ ਦੀ ਭੇਂਟ ਚੜ੍ਹਾ ਦਿੱਤਾ।

ਸ੍ਰੀ ਦਰਬਾਰ ਸਾਹਿਬ ਤੇ ਗੋਲੀਆਂ ਦਾਗੀਆਂ, ਦਰਬਾਰ ਸਾਹਿਬ 'ਚ ਸ਼ੁਸ਼ੋਭਿਤ ਪਾਵਨ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੇ ਗੋਲੀਆਂ ਲੱਗੀਆਂ ਤਾਂਬਿਆਂ ਬੈਠਾ ਗ੍ਰੰਥੀ ਸਿੰਘ ਸ਼ਹੀਦ ਹੋਇਆ, ਟੈਂਕਾਂ, ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਗਿਆ, ਪਰਕਰਮਾ ਤੇ ਸਰੋਵਰ ਖ਼ੂਨ ਤੇ ਮਾਸ ਦੇ ਚੀਥੜਿਆਂ ਨਾਲ ਭਰ ਦਿੱਤੇ ਗਏ। ਮਰਦ-ਏ-ਮੁਜਾਹਿਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਸਿੰਘ ਦੀ ਸੂਰਮਤਾਈ ਅਤੇ ਕੀਤੀ ਅਰਦਾਸ ਤੇ ਆਡੋਲਤਾ ਨਾਲ ਪਹਿਰਾ ਦਿੰਦਿਆਂ, ਆਪਣੇ ਸਾਥੀਆਂ ਨਾਲ ਪੁਰਾਤਨ ਸਿੰਘਾਂ ਦੇ ਇਤਿਹਾਸ ਨੂੰ ਦੁਹਰਾਉਂਦਿਆਂ ਸ਼ਹੀਦੀ ਪਾਈ।

1 ਜੂਨ ਤੋਂ 6 ਜੂਨ ਤੱਕ ਸਾਕਾ ਦਰਬਾਰ ਸਾਹਿਬ ਸਮੇਂ ਜਦੋਂ ਜਾਬਰ ਸਰਕਾਰ ਨੇ ਹਰ ਜ਼ੋਰ-ਜਬਰ, ਜ਼ੁਲਮ ਤਸ਼ੱਦਦ ਦਾ ਸ਼ਿਖ਼ਰ ਕਰਦਿਆਂ ਸਿੱਖਾਂ ਦੀ ਕੁਰਬਾਨੀ ਦੀ ਗੁੜਤੀ ਦੀ ਡਾਢੀ ਕਰੜੀ ਪ੍ਰੀਖਿਆ ਲਈ, ਹਰ ਸਿੱਖ, ਦੇਸ਼ ਦੀ ਹਕੂਮਤ ਵੱਲੋਂ ਕੱਢੇ ਵੈਰ ਕਾਰਣ ਤਨੋ, ਮਨੋ ਝੰਜੋੜਿਆ ਗਿਆ ਹੈ। ਸੁੱਤੇ-ਸਿੱਧ ਉਸਦੀਆਂ ਮੁੱਠੀਆਂ ਰੋਹ ਨਾਲ ਮੀਚੀਆ ਜਾਂਦੀਆਂ ਹਨ ਤੇ ਫ਼ਿਰ ਆਪਣੀ ਬੇਵੱਸੀ ਮਹਿਸੂਸ ਕਰਦਿਆਂ, ਸਿਰਫ਼ ਹਉਕਾ ਲੈ ਕੇ ਆਪਣੇ ਮਨ ਦੀ ਚੀਸ ਨੂੰ ਘੱਟ ਕਰਨ ਦਾ ਅਸਫ਼ਲ ਯਤਨ ਕਰਦਾ ਹੈ। ਸਾਕਾ ਦਰਬਾਰ ਸਾਹਿਬ, ਬਿਨਾਂ ਸ਼ੱਕ ਇੰਦਰਾ



ਗਾਂਧੀ ਦੀ ਜਾਬਰ ਸਰਕਾਰ ਵੱਲੋਂ ਸਿੱਖਾਂ ਨੂੰ ਸਬਕ ਸਿਖਾਉਣ ਦੀ ਗਿਣੀ-ਮਿਥੀ ਵਿਉਂਤਬੰਦ ਸਕੀਮ ਸੀ। ਸਿੱਖਾਂ ਦਾ ਤੇ ਸਿੱਖ ਜਜ਼ਬਾਤਾਂ ਦਾ ਘਾਣ ਭਿਆਨਕ ਅਰਥ ਰੱਖਦਾ ਹੈ। ਪ੍ਰੰਤੂ ਅਫ਼ਸੋਸ ਇਹੋ ਹੈ ਕਿ ਇਸ ਦੇਸ਼ ਦੀ ਬਹੁਗਿਣਤੀ, ਇਸ ਦੇਸ਼ ਦੇ ਰਾਖਿਆਂ ਤੇ ਅੰਨਦਾਤੇ ਨੂੰ ਤਾਂ ਆਪਣੀ ਫ਼ਿਰਕੂ, ਜਾਨੂੰਨੀ ਸੋਚ ਕਾਰਣ "ਅੱਤਵਾਦੀ" ਬਣਾਈ ਜਾਂਦੀ ਹੈ। ਪ੍ਰੰਤੂ ਅਸੀਂ ਇਸ ਦੇਸ਼ ਦੀ ਬਹੁਗਿਣਤੀ ਦੇ ਉਸ ਅੱਤਵਾਦ ਨੂੰ ਜਿਸਦਾ ਕਰੂਪ ਚਿਹਰਾ ਸਾਕਾ ਦਰਬਾਰ ਸਾਹਿਬ ਸਮੇਂ ਸਾਬਤ ਹੋਇਆ, ਉਸਨੂੰ ਬੇਦੋਸ਼ੀਆਂ ਸਿੱਖ ਸੰਗਤਾਂ ਦੇ ਭਿਆਨਕ ਕਤਲੇਆਮ ਲਈ ਭਿਆਨਕ "ਅੱਤਵਾਦੀ" ਵੀ ਨਹੀਂ ਗਰਦਾਨ ਸਕੇ। 31 ਵਰੇ ਬਾਅਦ ਉਨਾਂ ਸਿੱਖ ਦੁਸ਼ਮਣ ਤਾਕਤਾਂ ਨੇ ਫ਼ਿਰ 1 ਜੂਨ 2015 ਨੂੰ ਪਿੰਡ ਜਵਾਹਰ ਸਿੰਘ ਵਾਲਾ ਵਿਖੇ "ਪ੍ਰਗਟ ਗੁਰਾਂ ਕੀ ਦੇਹਿ" ਤੇ ਹੱਲਾ ਬੋਲਿਆ। ਗੁਰੂ ਸਾਹਿਬ ਦੇ ਪਵਿੱਤਰ ਪਾਵਨ ਸਰੂਪ ਚੋਰੀ ਕਰ ਲਏ ਗਏ। ਫ਼ਿਰ ਪਵਿੱਤਰ ਪਾਵਨ ਅੰਗਾਂ ਦਾ ਕਤਲੇਆਮ ਵੀ ਕੀਤਾ ਗਿਆ ਤੇ ਨਿਰੰਤਰ ਗੁਰੂ ਸਾਹਿਬ ਤੇ ਗੁਰਬਾਣੀ ਦੀਆਂ ਬੇਅਦਬੀ ਦੀਆਂ ਘਟਨਾਵਾਂ ਹੁੰਦੀਆਂ ਰਹੀਆਂ। ਕੌਮ ਚ ਰੋਸ ਜਾਗਿਆ, ਰੋਹ ਉੱਠਿਆ ਅੱਗੋਂ ਸਰਕਾਰ ਨੇ ਗੋਲੀਆਂ ਮਾਰ ਕੇ ਦੋ ਸਿੰਘਾਂ ਨੂੰ ਸ਼ਹੀਦ ਕਰ ਦਿੱਤੇ। ਸਰਕਾਰ ਦੇ ਦਮਨ-ਚੱਕਰ ਅੱਗੇ "ਸ਼ੇਰਾਂ ਦੀ ਕੌਮ" ਢੇਰੀ ਢਾਹ ਗਈ। ਗੁਰੂ ਸਾਹਿਬ ਦੇ ਨਾਮ ਤੇ ਸ਼ੁਰੂ ਹੋਇਆ ਸੰਘਰਸ਼ ਕਿਧਰੇ ਗੁਆਚ ਗਿਆ। ਆਗੂਆਂ ਦੀ ਹਉਮੈ, ਈਰਖਾ ਜਾਂ ਚੌਧਰਪੁਣੇ ਦੀ ਭੁੱਖ ਚੜ ਗਿਆ ਜਾਂ ਫ਼ਿਰ ਕੌਮ 'ਚ ਸੰਘਰਸ਼ ਦੀ ਸਮਰੱਥਾਂ ਹੀ ਮੁੱਕ ਗਈ34 ਵਰਿਆਂ 'ਚ ਅਸੀਂ ਸਾਕਾ ਦਰਬਾਰ ਸਾਹਿਬ ਸਮੇਂ ਹੋਏ ਕੌਮ ਦੇ ਕਤਲੇਆਮ, ਨਵੰਬਰ 1984 'ਚ ਕੌਮ ਨੂੰ ਦੇਸ਼ ਦੀਆਂ ਸੜਕਾਂ ਤੇ ਕੋਹ-ਕੋਹ ਕੇ ਮਾਰਨ ਤੇ ਬੇਪੱਤ ਕਰਨ, 25 ਹਜ਼ਾਰ ਸਿੰਘਾਂ ਦੀਆਂ ਅਣਪਛਾਤੀਆਂ ਲਾਸ਼ਾਂ ਦਾ 'ਅਤਾ-ਪਤਾ' ਲੈਣ, 67 ਹਜ਼ਾਰ ਤੋਂ ਵੱਧ ਹੋਏ ਝੂਠੇ ਪੁਲਿਸ ਮੁਕਾਬਲਿਆਂ ਦਾ ਲੇਖਾ-ਜੋਖਾ ਲੈਣ, ਜੇਲਾਂ 'ਚ ਬੰਦ ਬੰਦੀ ਸਿੰਘਾਂ ਦੀ ਰਿਹਾਈ, ਧਾਰਾ 25ਬੀ ਦੇ ਖ਼ਾਤਮੇ ਵਰਗੇ, ਕੌਮ ਨਾਲ ਹੋਏ ਚਿੱਟੇ ਦਿਨ ਦੇ ਧੱਕਿਆਂ, ਵਿਤਕਰਿਆਂ, ਬੇਇਨਸਾਫ਼ੀ ਦਾ ਇਨਸਾਫ਼ ਲੈਣ ਤੋਂ ਅਸਮਰੱਥ ਹਾਂ। ਫ਼ਿਰ ਵੀ ਅਸੀਂ ਆਪਣੇ ਆਪ ਨੂੰ ਦਸਮੇਸ਼ ਪਿਤਾ ਦੇ ਪੁੱਤਰ ਸਮਝਦੇ ਹਾਂ ? ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਦੇ ਵਾਰਿਸ ਮੰਨਦੇ ਹਾਂ ? ਹਰ ਕਿਸੇ ਨੂੰ ਆਪਣੀ ਅੰਤਰ ਆਤਮਾ ਤੋਂ ਵੀ ਇਸਦਾ ਸੁਆਲ ਪੁੱਛਣਾ ਪਵੇਗਾ ਆਪਣੇ ਭਰਾ ਨੂੰ ਮਾਰ ਕੇ ਅਸੀਂ ਆਪਣੇ ਆਪ ਨੂੰ ਫੰਨੇ ਖਾ ਮੰਨਣ ਲੱਗ ਪੈਂਦੇ ਹਾਂ। ਪ੍ਰੰਤੂ ਉਨਾਂ ਗੈਰਾਂ ਬਾਰੇ, ਉਨਾਂ ਦੁਸ਼ਮਣਾਂ ਬਾਰੇ, ਜਿਹੜੇ ਸਾਡੇ 'ਬਾਪੂ' ਦੀ 'ਦੇਹ' ਨੂੰ ਬਜ਼ਾਰ 'ਚ ਰੋਲਦੇ ਫ਼ਿਰਦੇ ਹਨ, ਅਗਨ ਭੇਂਟ ਕਰੀ ਜਾਂਦੇ ਹਨ, ਬੇਅਦਬੀ ਕਰੀ ਜਾਂਦੇ ਹਨ, ਉਨਾਂ ਨੂੰ ਸਜ਼ਾ ਦੇਣ ਲਈ, ਸਾਡਾ ਖ਼ੂਨ ਜੰਮ ਕਿਉਂ ਜਾਂਦਾ ਹੈ ? ਬੜਕ ਤੇ ਮੋਕ ਸਿੱਖਾਂ ਦੇ ਹਿੱਸੇ ਨਹੀਂ ਹੈ।

ਪਹਿਲੀ ਜੂਨ ਦੀ ਚੀਸ, ਸਾਨੂੰ ਜਗਾਉਂਦੀ ਵੀ ਹੈ, ਹਲੂਣਦੀ ਵੀ ਹੈ। ਪਰ ਅਸੀਂ ਐਨੇ ਜ਼ਿਆਦਾ ਢੀਠ ਹੋ ਗਏ ਹਾਂ ਕਿ ਸਾਡੇ ਤੇ ਕੋਈ ਅਸਰ ਹੀ ਨਹੀਂ ਹੁੰਦਾ। ਅਸੀਂ ਆਪਣੀ-ਆਪਣੀ ਤਫ਼ਲੀ ਵਜ਼ਾ ਕੇ ਆਨੇ-ਬਹਾਨੇ ਤੇ ਝੂਠੀਆਂ ਬੜਕਾਂ ਨਾਲ ਇਹ ਦੁੱਖੜੇ-ਦਿਹਾੜੇ ਲੰਘਾ ਛੱਡਦੇ ਹਾਂ ਤੇ ਆਪਣੀਆਂ ਖੇਡਾਂ 'ਚ ਫ਼ਿਰ ਮਸਤ ਹੋ ਜਾਂਦੇ ਹਾਂ। ਅੱਜ ਸਾਨੂੰ ਇਹ ਫੈਸਲਾ ਜ਼ਰੂਰ ਕਰਨਾ ਪਵੇਗਾ ਕਿ ਅਸੀਂ ਸਿੰਘ ਜਾਂ ਕੌਰ ਸਿਰਫ਼ ਨਾਮ ਦੇ ਬਣ ਕੇ ਰਹਿਣਾ ਹੈ ਜਾਂ ਫ਼ਿਰ ਦਸ਼ਮੇਸ਼ ਪਿਤਾ ਦੇ ਧੀਆਂ-ਪੁੱਤ ਹੋਣ ਦਾ ਸਬੂਤ ਦੇਣਾ ਹੈ। ਫੋਕੀਆਂ ਦਲੀਲਾਂ, ਝੂਠੇ ਬਹਾਨੇ ਤੇ ਝੂਠੀਆਂ ਬੜਕਾਂ ਛੱਡ ਕੇ ਕੌਮ ਦੇ ਸਵੈਮਾਣ ਦੀ ਰਾਖ਼ੀ ਲਈ ਜੂਝਣਾ ਪਵੇਗਾ, ਇਸ ਤੋਂ ਇਲਾਵਾ ਹੋਰ ਕੋਈ ਰਸਤਾ ਹੁਣ ਬਾਕੀ ਨਹੀਂ, ਬਹਾਨੇਬਾਜ਼ੀ ਜਿੰਨੀ ਮਰਜ਼ੀ ਕਰ ਲਈ ਜਾਵੇ।

# ਸਿੱਖ ਰਾਜ ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**




**ਕਿਸ਼ਤ - 60**

**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

### ਕਸੂਰ ਉੱਤੇ ਚੜਾਈ

ਉਸ ਦੇ ਮਗਰ ਸ: ਚੜਤ ਸਿੰਘ ਸ਼ੁਕਰਚੱਕੀਆ ਆਪਣੀ ਮਿਸਲ ਸਣੇ ਲਗ ਤੁਰਿਆ। ਫੇਰ ਬਾਕੀ ਤਿੰਨੇ ਮਿਸਲਾਂ (ਰਾਮਗੜੀਏ, ਕਨ੍ਹਈਏ ਤੇ ਨਕਈ) ਵੀ ਸਾਥ ਹੋ ਪਈਆਂ। ਪੰਜ ਹਜ਼ਾਰ ਸਿਪਾਹੀ ਭੰਗੀ ਮਿਸਲ ਦੇ ਸਨ ਤੇ ਦਸ ਹਜ਼ਾਰ ਬਾਕੀ ਚੌਹਾਂ ਮਿਸਲਾਂ ਦੇ। ਇਹ ਪੰਦਰਾਂ ਹਜ਼ਾਰ ਸਿੰਘ ਅੰਮ੍ਰਿਤਸਰੋਂ ਤੁਰੇ, ਜੋ ਕਸੂਰ ਜਾਂਦਿਆਂ ਤਕ 24 ਹਜ਼ਾਰ ਹੋ ਗਏ। ਓਦੋਂ ਰੋਜ਼ਿਆਂ ਦੇ ਦਿਨ (ਜੇਠ੍ਹਮਈ, 1736 ਈ।) ਸਨ। ਸੋ ਸਿੰਘ ਦੋਪਹਿਰੇ ਖੁੱਲੇ ਬੂਹੀਂ ਕਸੂਰ ਵਿਚ ਜਾ ਵੜੇ। ਗਰਮੀ ਦੇ ਮਾਰੇ ਪਠਾਣ ਉਸ ਵੇਲੇ ਭੋਰਿਆਂ (ਸਰਦ- ਖ਼ਾਨਿਆਂ) ਵਿਚ ਸੁੱਤੇ ਪਏ ਸਨ।

### ਸਿੰਘਾਂ ਨੇ ਦੁਆਬਾ ਲੁੱਟਿਆ

ਪੰਥ ਵਿਰੋਧੀਆਂ ਦੇ ਘਰ ਸਾੜੇ, ਲੁੱਟੇ ਤੇ ਸਾਰਾ ਇਲਾਕਾ ਲੁੱਟ ਕੇ ਸਿੰਘ ਮਾਲਵੇ ਜਾ ਪੁੱਜੇ। 25 ਅਗਸਤ ਤੋਂ 24 ਸਤੰਬਰ ਤੱਕ੍ਇਕ ਮਹੀਨਾ-ਸਿੰਘ ਪਾਨੀਪਤ ਤੇ ਕਰਨਾਲ ਦੇ ਵਿਚਕਾਰ ਡੇਰੇ ਲਾਈ ਬੈਠੇ ਰਹੇ ਤੇ ਦੂਰੋਂ ਨੇੜਿਓਂ ਹਥਿਆਰ ਤੇ ਹੋਰ ਲੋੜੀਂਦਾ ਸਾਮਾਨ ਖ਼ਰੀਦ ਕੇ ਸਿੰਘਅੰਮਿਬਸਰ ਨੂੰ ਤੁਰ ਪਏ। ਅਕਤੂਬਰ ਚੜਦਿਆਂ ਹੀ ਸਿੰਘ ਮਾਝੇ ਵਿਚ ਆ ਪੁੱਜੇ। ਅਬਦਾਲੀ ਲਾਹੌਰ ਬੈਠਾ ਸੀ ਤੇ ਉਸ ਦੇ ਡੇਰੇ ਤੋਂ ਚਾਰ-ਪੰਜ ਮੀਲ ਦੀ ਵਿੱਥ ਤਕ ਸਿੰਘ ਧਾੜੇ ਮਾਰਦੇ ਫਿਰਦੇ ਸਨ।

### ਉਸਮਾਨ ਖਾਂ ਕਤਲ

ਦਰਵਾਜ਼ਿਆਂ ਉੱਤੇ ਆਪਣੀ ਫ਼ੌਜ ਖਲਾਰ ਸਿੰਘਾਂ ਸ਼ਹਿਰ ਵਿਚ ਕਤਲਾਮ ਸ਼ੁਰੂ ਕਰਦਿੱਤੀ। ਉਸਮਾਨਖ਼ਾਂ ਪੰਜ ਸੌ ਸਿਪਾਹੀਆਂ ਸਣੇ ਕਤਲ ਕਰ ਦਿੱਤਾ ਗਿਆ। ਫ਼ਰਯਾਦੀ ਪੰਡਤ ਦੀ ਪੰਡਤਾਣੀ ਉਸ ਦੇ ਹਵਾਲੇ ਕੀਤੀ ਗਈ। ਗ਼ੁਲਾਮ ਮਹੀਯੁੱਦੀਨਖ਼ਾਂ ਲੜ ਕੇ ਕਤਲ ਹੋਇਆ। ਉਸ ਦਾ ਭਤੀਜਾ ਹਮੀਦਖ਼ਾਂ ਸ: ਝੰਡਾ ਸਿੰਘ ਦੇ ਪੈਰੀਂ ਢਹਿ ਪਿਆ ਤੇ ਚਾਰ ਲੱਖ ਨਜ਼ਰਾਨਾ ਦੇ ਕੇ ਜਾਨ ਬਚਾ ਲਈ। ਪਠਾਣਾਂ ਦੇ ਹਾਰ ਜਾਣ 'ਤੇ ਸਿੰਘਾਂ ਨੇ ਸ਼ਹਿਰ ਵਿਚ ਲੁੱਟ ਮਚਾ ਦਿੱਤੀ।

### ਕਸੂਰ ਲੁੱਟਿਆ

ਤਿੰਨ ਦਿਨ ਸ਼ਹਿਰਲੁੱਟੀਂਦਾ ਰਿਹਾ। ਕਰੋੜਾਂ ਰੁਪੈ ਦਾਸੋਨਾ, ਚਾਂਦੀ, ਗਹਿਣੇ, ਹੀਰੇ, ਮੋਤੀ, ਸਿੰਘਾਂ ਦੇ ਹੱਥ ਲੱਗਾ। ਕਸੂਰ ਦੀ ਲੁੱਟ ਨਾਲ ਸਿੰਘ ਮਾਲਾ ਮਾਲ ਹੋ ਗਏ। ਕਸੂਰ ਦਾ ਦਿਲੇ ਰਾਮ ਸ਼ਾਹਜਹਾਨ ਦੀ ਬੇਗਮ ਦਾ ਦੀਵਾਨ ਰਿਹਾ ਸੀ।ਉਸ ਨੇ ਕਰੋੜਾਂ ਰੁਪੈ ਤੇ ਬੇਗਮ ਦਾ ਗਹਿਣਾ ਕਸੂਰ ਵਿਚ ਦੱਬਿਆ ਹੋਇਆ ਸੀ। ਉਸ ਵੇਲੇ ਉਸ ਦਾ ਪੋਤਰਾ ਹਿਰਦੇ ਰਾਮ ਓਥੇ ਮਾਲਕ ਸੀ।

### ਹਿਰਦੇ ਰਾਮ ਤੇ ਮਾਲੀ ਸਿੰਘ

ਉਸ ਦੀ ਹਵੇਲੀ ਨੂੰ ਮਾਲੀ ਸਿੰਘ (ਸ: ਜੱਸਾ ਸਿੰਘ ਰਾਮਗੜੀਏ ਦਾ ਭਰਾ) ਨੇ ਘੇਰ ਲਿਆ ਤੇ ਹਿਰਦੇ ਰਾਮ ਨੂੰ ਫੜ ਲਿਆ। ਉਸ ਨੇ ਇਹ ਬਚਨ ਲੈ ਕੇ, ਕਿ ਮਾਲੀ ਸਿੰਘ ਉਸ ਨੂੰ ਕਤਲ ਨਹੀਂ ਕਰੇਗਾ, ਪੌੜੀਆਂ ਹੇਠੋਂ ਇਕ ਸੰਦੂਕੜੀ ਕੱਢ ਕੇ ਦਿੱਤੀ, ਜਿਸ ਵਿਚ ਹੀਰੇ ਜਵਾਹਰ ਤੇ ਬੇਗਮ ਦੇ ਗਹਿਣੇ ਸਨ, ਜਿੰਨਾਂ ਦੀ ਕੀਮਤ ਪੰਜਾਹ ਲੱਖ ਤੋਂ ਉਪਰ ਦੱਸਦੇ ਹਨ। ਰਾਮਗੜੀਏ ਤੇ ਕਨ੍ਹਈਏ ਕੱਠੇ ਰਹਿੰਦੇ ਸਨ ਤੇ ਲੁੱਟ ਦਾ ਮਾਲ ਅੱਧੋ ਅੱਧ ਕਰ ਲਿਆ ਕਰਦੇ ਸਨ।

### ਰਾਮਗੜ੍ਹੀਆਂ ਤੇ ਕਨ੍ਹਈਆਂ ਵਿਚ ਵਿਗਾੜ

ਮਾਲੀ ਸਿੰਘ ਧਨ ਵੇਖ ਕੇ ਡੋਲ ਗਿਆ। ਉਹ ਇਕੱਲਾ ਹੀ ਸੰਦੂਕੜੀ ਆਪਣੇ ਡੇਰੇ ਲੈ ਗਿਆ।ਕਨ੍ਹਈਆਂ ਨੂੰ ਪਤਾ ਲਗਾ, ਤਾਂ ਉਹਨਾਂ ਉਸ ਧਨ ਵਿਚੋਂ ਹਿੱਸਾ ਮੰਗਿਆ। ਮਾਲੀ ਸਿੰਘ ਹਿੱਸਾ ਦੇਣ ਵਾਸਤੇ ਤਿਆਰ ਨਾ ਹੋਇਆ, ਤਾਂ ਕਨ੍ਹਈਏ ਲੜਨ ਵਾਸਤੇ ਤਿਆਰ ਹੋ ਗਏ। ਮਾਲੀ ਸਿੰਘ ਨੇ ਹਿਰਦੇ ਰਾਮ ਨਾਲ ਵੀ ਧਰੋਹ ਕੀਤਾ ਤੇ ਉਸ ਨੂੰ ਏਸ ਡਰ ਵਜੋਂ ਮਾਰ ਦਿੱਤਾ, ਕਿ ਉਹ ਸੰਦੂਕੜੀ ਬਾਰੇ ਕਿਸੇ ਨੂੰ ਦੱਸ ਨਾ ਦੇਵੇ। ਬਾਕੀ ਸਰਦਾਰਾਂ (ਖ਼ਾਸ ਕਰ ਚੜ੍ਹਤ ਸਿੰਘ) ਨੇ ਵਿਚ ਪੈ ਕੇ ਸੁਲਾ ਕਰਾ ਦਿੱਤੀ ਤੇ ਕੁਛ ਹਿੱਸਾ ਕਨ੍ਹਈਆਂ ਨੂੰ ਦੁਆ ਦਿੱਤਾ। ਮਾਲੀ ਸਿੰਘ ਦੇ ਮਰਨ ਪਿਛੋਂ ਉਹ ਧਨ ਕਿਸੇ ਢੰਗ ਨਾਲ ਸ: ਚੜਤ ਸਿੰਘ ਦੇ ਕਾਬੂ ਆ ਗਿਆ'1 ਕਸੂਰ ਲੁੱਟ ਕੇ, ਸਿੰਘ ਫ਼ਤਹਿ ਦੇ ਵਾਜੇ ਵਜਾਉਂਦੇ ਅੰਮ੍ਰਿਤਸਰ ਆ ਪੁੱਜੇ ਬੁੱਢੇ ਦਲ ਦੀਆਂ ਛੀਏ ਮਿਸਲਾਂ ਦੁਆਬਾ ਜਲੰਧਰ ਉੱਤੇ ਜਾ ਪਈਆਂ।

### ਬੁੱਢਾ ਦਲ ਦੁਆਬੇ ਵਿਚ

ਜਲੰਧਰ ਦਾ ਫ਼ੌਜਦਾਰ ਸਆਦਤਯਾਰਖ਼ਾਂ ਸਿੰਘਾਂ ਤੋਂ ਡਰਦਾਸ਼ਹਿਰੋਂ ਬਾਹਰ ਨਹੀਂ ਸੀ ਨਿਕਲਦਾ। ਸਾਰਾ ਇਲਾਕਾ ਸਿੱਖ ਸਰਦਾਰਾਂ ਨੇ ਮੱਲ ਲਿਆ। ਆਕੀਆਂ ਨੂੰ ਚੰਗੀ ਤਰਾਂ ਨੁਆਇਆ ਤੇ ਵਿਰੋਧੀਆਂ ਤੋਂ ਬਦਲੇ ਲਏ। ਜੂਨ ਤੋਂ ਸਤੰਬਰ ਤਕ ਬੁੱਢਾ ਦਲ ਏਥੇ ਹੀ ਰਿਹਾ।

### ਜਾਅਫਰਬੇਗ

ਦੀਨਾ ਨਗਰ ਦਾ ਮਾਲਕ ਓਦੋਂ ਅਦੀਨਾਬੇਗ ਦਾ ਪੁੱਤਰ ਜਾਅਫਰਬੇਗ ਸੀ। ਸਿੰਘਾਂ ਦੀ ਚੜ੍ਹਦੀ ਕਲਾ ਵੇਖ ਕੇ ਉਸਨੂੰ ਫ਼ਿਕਰ ਪੈ ਗਿਆ ਤੇ ਉਹ ਲੜਾਈ ਦੀ ਤਿਆਰੀ ਕਰਨ ਲੱਗਾ। ਉਸ ਨੇ ਆਪਣੀ ਮਦਦ ਵਾਸਤੇ ਪਸਰੂਰ ਦੇ ਖ਼ਾਨ ਮੁਹੰਮਦ ਤੇ ਕਲਾਨੌਰ ਦੇ ਨੂਰਦੀਨ ਨੂੰ ਬੁਲਾ ਲਿਆ।ਉਸਦਾ ਵੱਡਾ ਸਲਾਹਕਾਰ ਉਸਦਾ ਦੀਵਾਨ ਸ਼ਿਵ ਦਿਆਲ (ਪੁਰਾਣੇ ਦੀਵਾਨ ਬਿਸ਼ੰਭਰ ਦਾਸ ਦਾ ਪੁੱਤਰ) ਸੀ। ਉਹਨਾਂ ਦੀ ਖ਼ਬਰ ਅੰਮ੍ਰਿਤਸਰ ਪੁੱਜੀ, ਤਾਂ ਤਰਨਾ ਦਲ ਤਿਆਰ ਹੋ ਪਿਆ। ਸਾਵਣ ਦੇ ਮਹੀਨੇ ਦੋਹਾਂ ਦਲਾਂ ਦਾ ਬਟਾਲੇ ਕੋਲ ਟਾਕਰਾ ਹੋ ਗਿਆ।

### ਬਟਾਲੇ ਦੀ ਲੜਾਈ

ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਸ: ਚੜ੍ਹਤ ਸਿੰਘ ਹੱਥੋਂ ਨੂਰਦੀਨ ਤੇ ਸ: ਪਹਾੜਾ ਸਿੰਘ ਦੇ ਹੱਥੋਂ ਦੀਵਾਨ ਸ਼ਿਵ ਦਿਆਲ ਕਤਲ ਹੋ ਗਏ। ਖ਼ਾਨ ਮੁਹੰਮਦ ਵੀ ਏਸੇ ਲੜਾਈ ਵਿਚ ਮਰਿਆ ਗਿਆ। ਜਾਅਫ਼ਰਬੇਗ ਲੜਾਈ ਵਿਚ ਹਾਰ ਕੇ ਤੇ ਜਾਨ ਬਚਾ ਕੇ ਨੱਸ ਗਿਆ। ਸਿੰਘਾਂ ਨੇ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਚਾਰ ਨਵੰਬਰ, 1763 ਈ। ਨੂੰ ਦੀਵਾਲੀ ਸੀ। ਦੋਵੇਂ ਦਲ ਅੰਮ੍ਰਿਤਸਰ ਕੱਠੇ ਆ ਹੋਏ। ਸਰੋਵਰ ਸਾਫ਼ ਹੋ ਚੁੱਕਾ ਸੀ, ਤੇ ਹਰਿਮੰਦਰ ਸਾਹਿਬ ਦੀਆਂ ਨੀਂਹਾਂ ਰੱਖਣ ਦੀਆਂ ਸਲਾਹੀ ਹੋ ਰਹੀਆਂ ਸਨ। ਕਈਆਂ ਸਰਦਾਰਾਂ ਦੀ ਸਲਾਹ ਸੀ, ਕਿ ਅਬਦਾਲੀ ਦਾ ਇਕ ਹਮਲਾ ਹੋਰ ਵੇਖ ਕੇ ਹੀ ਹਰਿਮੰਦਰ ਸਾਹਿਬ ਬਣਾਇਆ ਜਾਵੇ, ਪਰ ਬਾਕੀ ਸਰਦਾਰਾਂ ਨੇ ਸਲਾਹ ਦਿੱਤੀ, ਕਿ ਕੰਮ ਆਰੰਭ ਦੇਣਾ ਚਾਹੀਦਾ ਹੈ।

**- ਚਲਦਾ**

# ਹੁਕਮਨਾਮੇ : ਸਿੱਖ ਇਤਿਹਾਸ ਦੇ ਸਮਕਾਲੀ ਦਸਤਾਵੇਜ਼

**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

ਇਸੇ ਤਰ੍ਹਾਂ ਲਖਨਊ ਦੇ ਅਹੀਆ ਗੰਜ ਗੁਰਦੁਆਰੇ ਵਿਚ ਸੰਭਾਲ ਕੇ ਰੱਖੇ ਹੋਏ ਹੁਕਮਨਾਮੇ (ਨੰ. 93) 'ਤੇ ਲੱਗੀ ਹੋਈ ਮੋਹਰ ਦਾ ਜ਼ਿਕਰ ਕੀਤਾ ਗਿਆ ਹੈ ਜਿਸ 'ਤੇ ਇਹ ਇਬਾਰਤ ਲਿਖੀ ਹੋਈ ਹੈ '੧ੴ ਸਤਿਗੁਰ ਪ੍ਰਸਾਦਿ (ਦੇਗ ਤੇਗ ਫਤਿਹ) ਨੁਸਰਤ ਬੇਦਰੰਗ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ਸ੍ਰੀ ਅਕਾਲ ਪੁਰਖ ਸਹਾਇ।' ਹੁਣ ਤੱਕ ਇਤਿਹਾਸਕਾਰਾਂ ਵੱਲੋਂ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਇਹ ਇਬਾਰਤ ਬਾਬਾ ਬੰਦਾ ਸਿੰਘ ਬਹਾਦਰ ਦੀ ਮੋਹਰ 'ਤੇ ਲੱਗੀ ਹੋਈ ਸੀ। ਇਸ ਤੋਂ ਇਲਾਵਾ ਹੋਰਨਾਂ ਸ਼ਸਤਰਾਂ ਅਤੇ ਸਾਹਿਤਕ ਕ੍ਰਿਤਾਂ ਦੇ ਹਵਾਲਿਆਂ ਨਾਲ ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਸਭ ਤੋਂ ਪਹਿਲਾਂ ਇਹ ਇਬਾਰਤ ਦਸਮ ਪਾਤਸ਼ਾਹ ਵੱਲੋਂ ਲਿਖੀ ਗਈ ਸੀ।

ਹੁਕਮਨਾਮਿਆਂ ਵਿਚੋਂ ਸਿੱਖਾਂ ਦੇ ਆਚਾਰ, ਵਿਹਾਰ, ਪਾਸਾਰ ਅਤੇ ਮਨਾਏ ਜਾਂਦੇ ਤਿਉਹਾਰਾਂ ਦਾ ਜ਼ਿਕਰ ਮਿਲਦਾ ਹੈ। ਕੁੱਝ ਹੁਕਮਨਾਮੇ ਅਜਿਹੇ ਵੀ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਵੱਲੋਂ 100 ਤੋਲੇ ਸੋਨਾ, 700 ਰੁਪਏ, 900 ਰੁਪਏ ਆਦਿ ਭਾਰੀ ਮਾਇਆ ਦੀ ਮੰਗ ਕੀਤੀ ਗਈ ਹੈ। ਇਸ ਦੇ ਦੋ ਕਾਰਨ ਹੋ ਸਕਦੇ ਹਨ ਕਿ ਜਾਂ ਤਾਂ ਉਹਨਾਂ ਇਲਾਕਿਆਂ ਵਿਚ ਉਸ ਸਮੇਂ ਸਿੱਖੀ ਦਾ ਬੂਟਾ ਵਿਸ਼ਾਲ ਰੂਪ ਵਿਚ ਸਥਾਪਿਤ ਹੋ ਗਿਆ ਹੋਵੇਗਾ ਜਾਂ ਸੰਗਤ ਵਿਚ ਅਜਿਹੇ ਧਨਵਾਨ ਅਤੇ ਸ਼ਰਧਾਵਾਨ ਸਿੱਖ ਮੌਜੂਦ ਸਨ ਜਿਹੜੇ ਗੁਰੂ ਸਾਹਿਬ ਦੇ ਅਜਿਹੇ ਆਦੇਸ਼ਾਂ ਦੀ ਪਾਲਣਾ ਕਰਨ ਦੇ ਸਮਰੱਥ ਸਨ।

ਇਹ ਹੁਕਮਨਾਮੇ ਗੁਰੂ ਘਰ ਵਿਚ ਪੈਦਾ ਹੋਏ ਅੰਦਰੂਨੀ ਸੰਕਟ, ਬਾਹਰਮੁਖੀ ਚੁਣੌਤੀਆਂ, ਗੁਰੂ ਸਾਹਿਬਾਨ ਦਾ ਸਿੱਖਾਂ ਪ੍ਰਤੀ ਲਗਾਉ, ਸਿੱਖਾਂ ਨੂੰ ਅਧਿਆਤਮਿਕ ਮਾਰਗ 'ਤੇ ਚੱਲਣ ਦੀ ਪ੍ਰੇਰਨਾ, ਸਮਾਜ ਵਿਚ ਰਹਿੰਦੇ ਹੋਏ ਗੁਰੂ ਨੂੰ ਹਮੇਸ਼ਾਂ ਯਾਦ ਰੱਖਣ, ਗੁਰੂ 'ਤੇ ਭਰੋਸਾ ਰੱਖਣ, ਗੁਰੂ ਤੋਂ ਮੰਨਤਾਂ ਮੰਗਣ, ਗੁਰੂ ਘਰ ਦੀ ਸੇਵਾ ਕਰਨ, ਪਰਮਾਤਮਾ ਅੱਗੇ ਅਰਦਾਸ ਕਰਨ, ਦਸਵੰਧ ਗੁਰੂ ਘਰ ਭੇਜਣ ਆਦਿ ਦਾ ਜ਼ਿਕਰ ਕਰਦੇ ਹਨ। ਗੁਰੂ ਸਾਹਿਬਾਨ ਸਿੱਖਾਂ ਨੂੰ ਵਾਰ-ਵਾਰ ਸਦਾਚਾਰਿਕ ਜੀਵਨ ਬਸਰ ਕਰਨ ਅਤੇ ਪਰਮਾਤਮਾ ਦੇ ਮਾਰਗ 'ਤੇ ਚੱਲਣ ਦੀ ਵਾਰ-ਵਾਰ ਯਾਦ ਦਿਵਾਉਂਦੇ ਹਨ। ਸਿੱਖ ਸੰਗਤਾਂ ਦੀ ਗੁਰੂ ਸਾਹਿਬਾਨ ਪ੍ਰਤੀ ਦ੍ਰਿੜਤਾ ਦਾ ਜ਼ਿਕਰ ਕਰਦੇ ਹੋਏ ਲੇਖਕ ਦੱਸਦਾ ਹੈ ਕਿ ਇਹ ਸਭ ਕੁਝ ਗੁਰੂ ਸਾਹਿਬਾਨ ਦੀ ਕ੍ਰਿਸ਼ਮਈ ਸ਼ਖ਼ਸੀਅਤ ਅਤੇ ਪ੍ਰੇਮ-ਪਿਆਰ ਵਾਲੀ ਅਪਣੱਤ ਕਰਕੇ ਹੀ ਸੰਭਵ ਹੋ ਸਕਿਆ ਸੀ।



ਹੁਕਮਨਾਮਿਆਂ ਵਿਚੋਂ ਪ੍ਰਾਪਤ ਹੋਏ ਸੰਗਤਾਂ ਦੇ ਵੇਰਵੇ ਦੱਸਦੇ ਹਨ ਕਿ ਉਸ ਸਮੇਂ ਦੌਰਾਨ ਸਿੱਖੀ ਕਿੰਨੀ ਦੂਰ ਤੱਕ ਫੈਲ ਗਈ ਸੀ। ਸਾਧਨਾਂ ਦੀ ਘਾਟ ਦੇ ਬਾਵਜੂਦ ਵੀ ਸਿੱਖ ਗੁਰੂ ਘਰ ਨਾਲ ਜੁੜੇ ਰਹਿੰਦੇ ਸਨ ਅਤੇ ਸਾਲ ਵਿਚ ਦੋ ਵਾਰੀ ਦੀਵਾਲੀ ਅਤੇ ਵਿਸਾਖੀ ਦੇ ਮੌਕੇ ਗੁਰੂ ਘਰ ਆਉਣ ਵਿਚ ਮਾਣ ਮਹਿਸੂਸ ਕਰਦੇ ਸਨ। ਹੁਕਮਨਾਮੇ ਦੱਸਦੇ ਹਨ ਕਿ ਉਸ ਸਮੇਂ ਕਾਬੁਲ ਤੋਂ ਲੈ ਕੇ ਬੰਗਲਾਦੇਸ਼ ਦੇ ਵਿਭਿੰਨ ਇਲਾਕਿਆਂ ਵਿਚ ਸਿੱਖ ਵੱਸਦੇ ਸਨ ਜਿਸ ਦੇ ਅਧਾਰ 'ਤੇ ਲੇਖਕ ਇਹਨਾਂ ਨੂੰ 'ਸਿੱਖ ਪੰਥ ਦਾ ਭਾਰਤੀ ਧਓਿਸਪੋਰਓ' ਦੱਸਦਾ ਹੈ।

1978 ਤੋਂ ਇਸ ਖੋਜ ਕਾਰਜ ਵਿਚ ਲੱਗੇ ਹੋਏ ਵਿਦਵਾਨ ਲੇਖਕ ਨੇ ਯੂਨੀਵਰਸਿਟੀਆਂ, ਸਿੱਖ ਸੰਸਥਾਵਾਂ ਅਤੇ ਗੁਰਸਿੱਖ ਪਰਿਵਾਰਾਂ ਵੱਲੋਂ ਸੰਭਾਲ ਕੇ ਰੱਖੇ ਹੋਏ ਹੁਕਮਨਾਮਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੈ। ਇਹਨਾਂ ਨੇ ਪ੍ਰਾਪਤ ਹੁਕਮਨਾਮਿਆਂ ਨੂੰ ਦੇਖ ਕੇ ਜਿੱਥੇ ਖ਼ੁਸ਼ੀ ਮਹਿਸੂਸ ਕੀਤੀ ਉੱਥੇ ਇਹਨਾਂ ਦੀ ਸਾਂਭ-ਸੰਭਾਲ ਦੇ ਢੰਗ 'ਤੇ ਨਿਰਾਸ਼ਾ ਵੀ ਜਾਹਰ ਕੀਤੀ ਹੈ। ਇਹ ਮਹਿਸੂਸ ਕਰਦੇ ਹਨ ਕਿ ਜੁਗਾੜੂ ਅਤੇ ਗੈਰ-ਵਿਗਿਆਨਕ ਢੰਗ ਨਾਲ ਸੰਭਾਲ ਕੇ ਰੱਖੇ ਹੋਏ ਇਹਨਾਂ ਹੁਕਮਨਾਮਿਆਂ ਦੇ ਬਹੁਤੇ ਲੰਮੇ ਸਮੇਂ ਤੱਕ ਦਰਸ਼ਨ ਨਸੀਬ ਨਹੀਂ ਹੋ ਸਕਣਗੇ। ਜਿਹੜੀ ਪ੍ਰਮੁੱਖ ਸਿੱਖ ਸੰਸਥਾ ਕੋਲ ਇਹ ਹੁਕਮਨਾਮੇ ਅਸਲ ਰੂਪ ਵਿਚ ਮੌਜੂਦ ਸਨ, ਹੁਣ ਉਹਨਾਂ ਕੋਲ ਇਹਨਾਂ ਦੇ ਵਾਈਟ ਐਂਡ ਬਲੈਕ ਅਕਸ ਵੀ ਨਹੀਂ ਮਿਲਦੇ।

ਇਸ ਪੁਸਤਕ ਵਿਚ ਸ਼ਾਮਲ ਹੁਕਮਨਾਮੇ ਬਹੁਤ ਹੀ ਸਪਸ਼ਟ, ਸੁੰਦਰ, ਦਰਸ਼ਨੀ, ਦਿਲ-ਖਿੱਚਵੇਂ ਅਤੇ ਰੰਗਦਾਰ ਹਨ। ਹੁਕਮਨਾਮਿਆਂ ਨੂੰ ਇਸ ਰੂਪ ਵਿਚ ਦੇਖਣ ਨਾਲ ਹੀ ਪਾਠਕ ਦਾ ਮਨ ਇਹਨਾਂ ਨੂੰ ਪੜ੍ਹਨ ਅਤੇ ਸੰਭਾਲ ਕੇ ਰੱਖਣ ਦੀ ਰੁਚੀ ਪੈਦਾ ਕਰਦਾ ਹੈ। ਲੇਖਕ ਦੱਸਦਾ ਹੈ ਕਿ 17ਵੀਂ-18ਵੀਂ ਸਦੀ ਵਿਚ ਸਿੱਖ ਪੰਥ ਦੀ ਸੰਰਚਨਾ ਨੂੰ ਸਮਝਣ ਵਾਲੇ ਇਹ ਹੁਕਮਨਾਮੇ ਅੱਖਰਾਂ ਦੀ ਨੁਹਾਰ ਅਤੇ ਵਿਕਾਸ ਦਾ ਵੀ ਜ਼ਿੰਦਾ ਸਬੂਤ ਹਨ।

ਲੇਖਕ ਨੇ ਇਸ ਪੁਸਤਕ ਵਿਚ ਪੰਜ ਅਜਿਹੇ ਹੁਕਮਨਾਮੇ ਸ਼ਾਮਲ ਕੀਤੇ ਹਨ ਜਿਹੜੇ ਕਿ ਭਾਵੇਂ ਅਸਲ ਰੂਪ ਵਿਚ ਤਾਂ ਮੌਜੂਦ ਨਹੀਂ ਹਨ ਪਰ ਉਹਨਾਂ ਦਾ ਉਰਦੂ ਭਾਸ਼ਾ ਵਿਚ ਕੀਤਾ ਗਿਆ ਉਤਾਰਾ ਮੌਜੂਦ ਹੈ। ਇਸ ਤੋਂ ਇਲਾਵਾ ਲੇਖਕ ਨੇ ਚਾਰ ਜਾਅਲੀ ਹੁਕਮਨਾਮੇ (ਨੰ. 76, 103-04, 106) ਵੀ ਇਸ ਪੁਸਤਕ ਸ਼ਾਮਲ ਕੀਤੇ ਹਨ ਜਿਨ੍ਹਾਂ ਸੰਬੰਧੀ ਇਹ ਤਰਕ ਦਿੱਤਾ ਗਿਆ ਹੈ ਕਿ ਅਜਿਹੇ ਹੁਕਮਨਾਮਿਆਂ ਸੰਬੰਧੀ ਜਾਣਕਾਰੀ ਵੀ ਪਾਠਕਾਂ ਕੋਲ ਹੋਣੀ ਚਾਹੀਦੀ ਹੈ ਤਾਂ ਕਿ ਉਹ ਅਸਲ ਅਤੇ ਨਕਲ ਵਿਚ ਨਿਰਣਾ ਕਰ ਸਕਣ।

ਹੁਕਮਨਾਮਿਆਂ ਦਾ ਵਿਸ਼ਲੇਸ਼ਣ ਕਰਦਿਆਂ ਲੇਖਕ ਨੇ ਕਈ ਥਾਈਂ 'ਅਨੁਮਾਨ ਹੈ', 'ਕਿਆਸ ਹੀ ਹੈ', 'ਸਾਡੀ ਸਮਝ ਵਿਚ' ਆਦਿ ਸ਼ਬਦ ਵਰਤੇ ਹਨ ਜਿਹੜੇ ਕਿ ਸਿੱਖ ਇਤਿਹਾਸ ਦੇ ਖੋਜੀਆਂ ਵਿਚ ਬੇਚੈਨੀ ਪੈਦਾ ਕਰਨ ਵਾਲੇ ਜਾਂ ਹੋਰ ਵਧੇਰੇ ਖੋਜ ਕਰਨ ਵੱਲ ਰੁਚਿਤ ਕਰਦੇ ਹਨ। ਇਸ ਤੋਂ ਇਲਾਵਾ ਲੇਖਕ ਨੇ ਗੁਰੂ ਤੇਗ ਬਹਾਦਰ ਜੀ ਦਾ ਰਾਜਾ ਰਾਮ ਸਿੰਘ ਨਾਲ ਪਟਨਾ ਸਾਹਿਬ ਤੋਂ ਅਸਾਮ ਜਾਣ ਅਤੇ ਪਟਨਾ ਸਾਹਿਬ ਤੋਂ ਵਾਪਸ ਆਉਂਦੇ ਸਮੇਂ ਆਗਰੇ ਤੋਂ ਗ੍ਰਿਫ਼ਤਾਰੀ ਦਾ ਜ਼ਿਕਰ ਵੀ ਕੀਤਾ ਹੈ ਜਿਹੜਾ ਕਿ ਵਿਦਵਾਨਾਂ ਨੂੰ ਤੱਥਾਂ ਦੀ ਹੋਰ ਵਧੇਰੇ ਖੋਜ ਕਰਨ ਲਈ ਪ੍ਰੇਰਿਤ ਕਰਦਾ ਹੈ।

ਕੁੱਲ ਮਿਲਾ ਕੇ, ਲੇਖਕ ਨੇ ਸਾਲਾਂ ਬੱਧੀ ਯਤਨ ਅਤੇ ਮਿਹਨਤ ਕਰਨ ਉਪਰੰਤ ਮਹੱਤਵਪੂਰਨ ਹੁਕਮਨਾਮਿਆਂ ਨੂੰ ਇਕੱਤਰ ਕਰਕੇ ਪਾਠਕਾਂ ਅਤੇ ਸਿੱਖ ਅਧਿਐਨ ਦੇ ਖੋਜੀਆਂ ਤੱਕ ਪਹੁੰਚਾਉਣ ਦਾ ਸਫ਼ਲ ਯਤਨ ਕੀਤਾ ਹੈ। ਡਾ. ਗੰਡਾ ਸਿੰਘ ਅਤੇ ਸ. ਸ਼ਮਸ਼ੇਰ ਸਿੰਘ ਅਸ਼ੋਕ ਦੀਆਂ ਹੁਕਮਨਾਮਿਆਂ ਸੰਬੰਧੀ ਤਿਆਰ ਕੀਤੀਆਂ ਪੁਸਤਕਾਂ ਤੋਂ ਲਗਪਗ 60 ਸਾਲ ਬਾਅਦ ਸਾਹਮਣੇ ਆਈ ਇਹ ਸਰੋਤ ਪੁਸਤਕ ਸਿੱਖ ਅਧਿਐਨ ਦੇ ਖੋਜੀਆਂ ਲਈ ਨਿਸਚਿਤ ਰੂਪ ਵਿਚ ਲਾਹੇਵੰਦ ਸਾਬਿਤ ਹੋਵੇਗੀ ਜਿਸ ਲਈ ਲੇਖਕ ਵਧਾਈ ਦਾ ਪਾਤਰ ਹੈ।

**ਡਾ. ਪਰਮਵੀਰ ਸਿੰਘ**
**ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**




# ਸਫਲਤਾ ਦੀ ਅਸਲ ਕੁੰਜੀ



ਲੇਖਕ : ਤਰਸੇਮ ਸਿੰਘ ਬੁੱਟਰ
ਸੰਪਰਕ : 81465-82152

ਜੀਵਨ ਵਿੱਚ ਸਫਲਤਾ ਦਾ ਕਾਰਗਰ ਮੰਤਰ ਹੈ 'ਹਿੰਮਤ'। ਹਿੰਮਤੀ ਮਨੁੱਖ ਮਿਹਨਤ ਰੂਪੀ ਕੁੰਜੀ ਨਾਲ ਜ਼ਿੰਦਗੀ ਦੇ ਜੰਗਾਲੇ ਹੋਏ ਜਿੰਦਰਿਆਂ ਨੂੰ ਬਿਨਾਂ ਤੇਲ ਦਿੱਤਿਆਂ ਖੋਲ੍ਹ ਕੇ ਭਵਿੱਖ ਰੂਪੀ ਦਰਵਾਜ਼ਾ ਖੋਲ੍ਹਦੇ ਹਨ। ਹਿੰਮਤ ਅਕਸਰ ਹੀ ਟੁੱਟੇ ਤੇ ਥੱਕੇ, ਜੀਵਨ ਤੋਂ ਅੱਕੇ, ਹੰਭੇ-ਹਾਰਿਆਂ, ਕਰਮਾਂ ਮਾਰਿਆਂ, ਬੇਆਸ, ਨਿਰਾਸ਼, ਉਦਾਸ ਤੇ ਮਾਨਵੀ ਜੀਵਨ ਨੂੰ ਬਕਬਕਾ ਤੇ ਨੀਰਸ ਸਮਝਣ ਵਾਲੇ ਲੋਕਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਸੰਜੀਵਨੀ ਬੂਟੀ ਹੋ ਨਿੱਬੜਦੀ ਹੈ। ਹਿੰਮਤਹੀਣ ਮਨੁੱਖ ਨੂੰ ਆਲਸ, ਸੁਸਤੀ ਤੇ ਘੌਲ ਆਪਣੀ ਲਪੇਟ ਵਿੱਚ ਲੈ ਕੇ ਉਸ ਦੀ ਹੋਂਦ ਲਈ ਖ਼ਤਰੇ ਦਾ ਸਬੱਬ ਬਣ ਜਾਂਦੀਆਂ ਹਨ। ਪਰ ਇਸ ਦੇ ਵਿਪਰੀਤ ਹਿੰਮਤ ਦਾ ਪੱਲਾ ਫੜਨ ਵਾਲੇ ਅਗਾਂਹਵਧੂ ਲੋਕ ਜੀਵਨ ਦੀਆਂ ਕਠਿਨਾਈਆਂ, ਪਰਬਤਾਂ ਦੀਆਂ ਉੱਚਾਈਆਂ, ਸਮੁੰਦਰ ਦੀਆਂ ਗਹਿਰਾਈਆਂ, ਤਪਦੇ ਥਲ ਤੇ ਵਗਦੇ ਜਲ ਨੂੰ ਸਹਿਜਤਾ, ਸਰਲਤਾ ਅਤੇ ਸੰਜਮਤਾ ਨਾਲ ਪਾਰ ਕਰਨ ਦੀ ਅਥਾਹ ਸਮਰੱਥਾ ਰੱਖਦੇ ਹਨ। ਹਿੰਮਤ ਦੇ ਸਹਾਰੇ ਭਿਆਨਕ ਜੰਗਲ-ਬੇਲੇ ਬੇਖ਼ੌਫ਼ ਹੋ ਕੇ ਗਾਹੇ ਜਾ ਸਕਦੇ ਹਨ ਤੇ ਦੂਰ ਦਿਸਦੇ ਚੰਨ ਦੀ ਯਾਤਰਾ ਕੀਤੀ ਜਾ ਸਕਦੀ ਹੈ। ਹਿੰਮਤੀ ਬੰਦੇ ਦੀ ਪਹੁੰਚ ਪਤਾਲ ਤੋਂ ਲੈ ਕੇ ਆਕਾਸ਼ ਤਕ ਹੁੰਦੀ ਹੈ। ਹਿੰਮਤ ਨਾਲ ਇਨਸਾਨ ਦੇ ਆਤਮ ਵਿਸ਼ਵਾਸ ਦੇ ਖੰਭ ਉੱਗ ਆਉਂਦੇ ਹਨ, ਜਿਸ ਨਾਲ ਲੰਬੀਆਂ ਉਡਾਣਾਂ ਭਰਨੀਆਂ ਆਸਾਨ ਹੋ ਜਾਂਦੀਆਂ ਹਨ।

ਹਿੰਮਤ ਦੇ ਧਾਰਨੀ ਬਰਬਾਦ ਹੋ ਕੇ ਵੀ ਆਬਾਦ ਹੋ ਜਾਂਦੇ ਹਨ, ਪਰ ਹਿੰਮਤਹੀਣ ਵਿਅਕਤੀ ਬਰਬਾਦ ਹੋ ਕੇ ਅਜਿਹਾ ਢਹਿ-ਢੇਰੀ ਹੁੰਦਾ ਹੈ ਕਿ ਉਹ ਕਦੇ ਮੁੜ ਉਸਰ ਨਹੀਂ ਸਕਦਾ। ਕਰਮਹੀਣ, ਦਿਸ਼ਾਹੀਣ, ਕੰਮਚੋਰ ਤੇ ਆਰਾਮਖੋਰ ਲੋਕ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਅਰਦਾਸਾਂ ਤਾਂ ਬਹੁਤ ਕਰਦੇ ਹਨ, ਪਰ ਕੰਮ ਨਹੀਂ ਕਰਦੇ। ਪਰਮਾਤਮਾ ਵੀ ਅਕਸਰ ਹਿੰਮਤੀ ਬੰਦਿਆਂ ਦੀ ਮਦਦ ਕਰਦਾ ਹੈ। ਹਿੰਮਤ ਨਾਲ ਅਸੰਭਵ ਨੂੰ ਸੰਭਵ, ਅਸਫਲਤਾ ਨੂੰ ਸਫਲਤਾ, ਨਿਰਾਸ਼ਾ ਨੂੰ ਆਸ਼ਾ, ਨੁਕਸਾਨ ਨੂੰ ਨਫ਼ੇ, ਢਹਿੰਦੀਕਲਾ ਨੂੰ ਚੜ੍ਹਦੀਕਲਾ ਤੇ ਬਿਮਾਰੀ ਨੂੰ ਤੰਦਰੁਸਤੀ ਵਿੱਚ ਮੁਫ਼ਤੋ-ਮੁਫ਼ਤੀ ਤਬਦੀਲ ਕੀਤਾ ਜਾ ਸਕਦਾ ਹੈ। ਜਿੱਥੇ ਹਿੰਮਤ ਦੀ ਗ਼ੈਰ-ਹਾਜ਼ਰੀ ਪ੍ਰਗਤੀ ਦੇ ਸਾਰੇ ਰਾਹ ਬੰਦ ਕਰ ਦਿੰਦੀ ਹੈ, ਉੱਥੇ ਹਿੰਮਤ ਦੀ ਹਾਜ਼ਰੀ-ਹਜ਼ੂਰੀ ਵਿੱਚ ਤਬਾਹਕੁੰਨ ਤੂਫ਼ਾਨ, ਵਿਕਰਾਲ ਸਮੁੰਦਰੀ ਲਹਿਰਾਂ ਤੇ ਦਿਲ ਦਹਿਲਾ ਦੇਣ ਵਾਲੇ ਭੁਚਾਲ ਵੀ ਸ਼ਾਂਤ ਹੋ ਜਾਂਦੇ ਹਨ।

ਹਿੰਮਤ ਮਨੁੱਖ ਨੂੰ ਹੁਨਰ, ਕਲਾ, ਅਭਿਆਸ, ਜਾਚ, ਤਜਰਬਾ, ਸਿਖਲਾਈ, ਅਨੁਭਵ, ਮੁਹਾਰਤ ਅਤੇ ਗਤੀ ਬਖ਼ਸ਼ਣ ਦੇ ਨਾਲ-ਨਾਲ ਔਖੇ ਤੋਂ ਔਖੇ ਅਤੇ ਪ੍ਰਤੀਕੂਲ ਹਾਲਾਤਾਂ ਨਾਲ ਜੂਝਣ ਤੇ ਸਿੱਝਣ ਦੇ ਸਮਰੱਥ ਤੇ ਪ੍ਰਪੱਕ ਬਣਾਉਂਦੀ ਹੈ। ਹਿੰਮਤੀ ਮਨੁੱਖ ਦੂਸਰਿਆਂ ਲਈ ਪ੍ਰੇਰਨਾ ਸਰੋਤ ਅਤੇ ਰਾਹ ਦਸੇਰਾ ਬਣਦਾ ਹੈ। ਹਿੰਮਤ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਰਾਹ ਪੱਧਰਾ ਕਰਨ ਦੀ ਅਹਿਮ ਭੂਮਿਕਾ ਅਦਾ ਕਰਦੀ ਹੈ। ਮਨੁੱਖ ਦੇ ਮੁਕਾਬਲੇ ਪਸ਼ੂ-ਪੰਛੀ, ਜੀਵ-ਜੰਤੂ ਤੇ ਕੀਟ-ਪਤੰਗੇ ਵੱਧ ਹਿੰਮਤੀ, ਸਿਰੜੀ ਤੇ ਮਿਹਨਤਕਸ਼ ਹੁੰਦੇ ਹਨ। ਹਿੰਮਤੀ ਮਨੁੱਖ ਕੋਲ ਅਨੇਕਾਂ ਰੁਝੇਵੇਂ ਹੋਣ ਦੇ ਬਾਵਜੂਦ ਵੀ ਵਿਹਲ ਹੁੰਦੀ ਹੈ, ਪਰ ਹਿੰਮਤ ਤੋਂ ਸੱਖਣੇ ਸੱਜਣ ਵਿਹਲੇ ਹੋਣ ਦੀ ਸੂਰਤ ਵਿੱਚ ਵੀ ਆਖਦੇ ਹਨ 'ਸਾਡੇ ਕੋਲ ਸਮਾਂ ਨਹੀਂ।' ਹਿੰਮਤੀ ਹੋਣ ਕਾਰਨ ਪੱਛਮੀ ਮੁਲਕਾਂ ਨੇ ਬੇਅੰਤ ਆਰਥਿਕ ਤਰੱਕੀ ਕੀਤੀ ਹੈ। ਹਿੰਮਤ ਅਜਿਹਾ ਸਰਮਾਇਆ ਹੈ, ਜਿਸ ਨਾਲ ਮਾਇਆ ਦੀ ਘਾਟ ਨਹੀਂ ਰਹਿੰਦੀ।

ਸੋ ਆਓ, ਇਸ ਬਹੁਮੱਲੇ ਜੀਵਨ ਦੀ ਦਸ਼ਾ ਤੇ ਦਿਸ਼ਾ ਨਿਖਾਰਨ ਅਤੇ ਸੁਧਾਰਨ ਲਈ ਅਤੇ ਸਾਰਥਕ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਹਿੰਮਤ ਨੂੰ ਆਪਣੀ ਆਦਤ ਤੇ ਜੀਵਨ ਸ਼ੈਲੀ ਦਾ ਅਟੁੱਟ ਅੰਗ ਬਣਾਈਏ।

# ਅਮਰੀਕਾ ਦਾ ਵ੍ਹਾਈਟ ਹਾਊਸ ਸਫ਼ੈਦ ਕਿਉਂ ਹੈ?

ਲਿਖਤ : ਪ੍ਰੋ. ਜਸਪ੍ਰੀਤ ਕੌਰ, ਸੰਪਰਕ: 94178-31583



ਵ੍ਹਾਈਟ ਹਾਊਸ, ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਸਥਾਨ ਹੈ। ਇਹ ਵਾਸ਼ਿੰਗਟਨ ਡੀ.ਸੀ. ਸ਼ਹਿਰ ਵਿਚ ਸਥਿਤ ਹੈ। ਜਦੋਂ ਇਸ ਭਵਨ ਦਾ ਨਿਰਮਾਣ ਹੋਇਆ ਸੀ, ਉਦੋਂ ਨਾ ਤਾਂ ਇਸ ਦਾ ਰੰਗ ਸਫ਼ੈਦ ਸੀ ਅਤੇ ਨਾ ਹੀ ਇਸ ਦਾ ਨਾਂ ਵ੍ਹਾਈਟ ਹਾਊਸ ਸੀ। ਇਸ ਭਵਨ ਦੇ ਨਿਰਮਾਣ ਦਾ ਨਕਸ਼ਾ ਜੇਮਸ ਹਾਬਨ ਨਾਮਕ ਇੰਜਨੀਅਰ ਨੇ ਤਿਆਰ ਕੀਤਾ ਸੀ। 13 ਅਕਤੂਬਰ 1792 ਵਿੱਚ ਇਸ ਭਵਨ ਦੀ ਨੀਂਹ ਰੱਖੀ ਗਈ ਅਤੇ ਸੰਨ 1800 ਵਿੱਚ ਇਸ ਦਾ ਨਿਰਮਾਣ ਕਾਰਜ ਪੂਰਾ ਹੋਇਆ। ਇਹ ਭਵਨ ਸਲੇਟੀ ਰੰਗ ਦੇ ਪੱਥਰਾਂ ਦਾ ਬਣਾਇਆ ਗਿਆ ਸੀ। ਉਸ ਸਮੇਂ ਇਸ ਦਾ ਰੰਗ ਸਫ਼ੈਦ ਨਹੀਂ ਸੀ। ਇਸ ਭਵਨ ਵਿੱਚ ਸਭ ਤੋਂ ਪਹਿਲਾਂ ਰਹਿਣ ਵਾਲੇ ਰਾਸ਼ਟਰਪਤੀ ਜਾਨ ਐਡਮਜ਼ ਸਨ। ਉਦੋਂ ਤੋਂ ਇਹ ਭਵਨ ਅਮਰੀਕਾ ਦੇ ਹਰ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਰਿਹਾ ਹੈ। 24 ਅਗਸਤ 1814 ਵਿੱਚ ਹੋਏ ਯੁੱਧ ਦੇ ਦੌਰਾਨ ਬ੍ਰਿਟਿਸ਼ ਸੈਨਾਵਾਂ ਨੇ ਵਾਸ਼ਿੰਗਟਨ ਉੱਪਰ ਹਮਲਾ ਕਰ ਦਿੱਤਾ ਅਤੇ ਇਸ ਭਵਨ ਨੂੰ ਸਾੜ ਦਿੱਤਾ। ਇਸ ਹਮਲੇ ਤੋਂ ਬਾਅਦ ਇਸ ਦਾ ਇੱਕ ਛੋਟਾ ਜਿਹਾ ਭਾਗ ਹੀ ਸੁਰੱਖਿਅਤ ਬਚਿਆ ਸੀ। ਹਾਬਨ ਦੀ ਦੇਖ-ਰੇਖ ਵਿੱਚ ਇਸ ਭਵਨ ਦਾ ਨਿਰਮਾਣ ਦੁਬਾਰਾ ਸ਼ੁਰੂ ਕੀਤਾ ਗਿਆ, ਜੋ ਸੰਨ 1817 ਵਿੱਚ ਪੂਰਾ ਹੋਇਆ। ਇਸ ਦੀਆਂ ਦੀਵਾਰਾਂ ਤੋਂ ਅੱਗ ਅਤੇ ਧੂੰਏਂ ਦੇ ਧੱਬੇ ਹਟਾਉਣ ਲਈ ਇਸ ਨੂੰ ਸਫ਼ੈਦ ਰੰਗ ਦੇ ਨਾਲ ਰੰਗਿਆ ਗਿਆ। ਸਫ਼ੈਦ ਰੰਗ ਕਾਰਨ ਇਸ ਭਵਨ ਨੂੰ ਵ੍ਹਾਈਟ ਹਾਊਸ ਦੇ ਨਾਂ ਨਾਲ ਪੁਕਾਰਿਆ ਜਾਣ ਲੱਗਾ ਪਰ ਸਰਕਾਰੀ ਤੌਰ 'ਤੇ ਇਸ ਭਵਨ ਦਾ ਨਾਂ 'ਵ੍ਹਾਈਟ ਹਾਊਸ' ਸਾਲ 1902 ਵਿੱਚ ਰਾਸ਼ਟਰਪਤੀ ਥਿਓਡੋਰ ਰੂਜ਼ਵੈਲਟ ਨੇ ਰੱਖਿਆ ਸੀ। ਇਸ ਭਵਨ ਦੀਆਂ ਤਿੰਨ ਮੰਜ਼ਿਲਾਂ ਹਨ ਜਿਨ੍ਹਾਂ ਵਿੱਚ ਸੌ ਕਮਰੇ ਹਨ। ਇਨ੍ਹਾਂ ਦੇ ਰੰਗ ਅਲੱਗ-ਅਲੱਗ ਹਨ। ਉਦਾਹਰਨ ਦੇ ਲਈ ਅੰਡਾਕਾਰ ਨੀਲੇ ਰੰਗ ਦਾ ਕਮਰਾ ਰਾਸ਼ਟਰਪਤੀ ਅਤੇ ਉਨ੍ਹਾਂ ਦੀ ਪਤਨੀ ਦੇ ਮਹਿਮਾਨਾਂ ਦੇ ਲਈ ਸਵਾਗਤੀ ਕਮਰਾ ਹੈ। ਲਾਲ ਰੰਗ ਦੇ ਕਮਰੇ ਵਿੱਚ ਉਸ ਸਮੇਂ ਦੀਆਂ ਚੀਜ਼ਾਂ ਸੰਭਾਲੀਆਂ ਗਈਆਂ ਹਨ, ਜਦੋਂ ਅਮਰੀਕਾ, ਇੰਗਲੈਂਡ ਦੇ ਅਧੀਨ ਸੀ। 'ਰੋਜ਼' ਨਾਮਕ ਮਹਿਮਾਨ ਕਮਰੇ ਵਿੱਚ ਰਾਸ਼ਟਰਪਤੀ ਅਤੇ ਉਨ੍ਹਾਂ ਦਾ ਪਰਿਵਾਰ ਰਹਿੰਦਾ ਹੈ।

## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

| | | | | | | | | | |
|---|---|---|---|---|---|---|---|---|---|
| B | I | P | R | E | S | E | N | T | S |
| A | W | H | S | E | G | O | S | O | Q |
| L | P | S | P | R | E | T | D | Y | H |
| L | X | C | A | N | D | L | E | S | A |
| O | G | E | R | C | A | K | H | S | G |
| O | H | A | T | S | E | R | A | T | A |
| N | L | C | Y | T | U | S | P | Y | M |
| T | J | O | K | H | D | F | P | A | E |
| C | A | K | E | N | B | M | Y | V | S |
| A | B | I | R | T | H | D | A | Y | Z |

BALLOON
PRESENTS
CAKE
CANDLES
PARTY

HATS
BIRTHDAY
GAMES
TOYS
HAPPY

## ਬਿੰਦੂ ਮਿਲਾਓ



## ਰਸਤਾ ਲੱਭੋ



## ਪਹੇਲੀ ਹੱਲ ਕਰੋ

ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਦਿੱਤੀ ਪਹੇਲੀ ਵਿਚੋਂ ਹਰੇਕ ਵੱਖ ਵੱਖ ਚੀਜ਼ਾਂ ਦਾ ਭਾਰ ਦੱਸ ਸਕਦੇ ਹੋ?



# ਸਿੱਖਿਆ ਸਰੋਕਾਰਾਂ ਤੋਂ ਦੂਰ ਹੋ ਰਿਹਾ ਸਕੂਲਾਂ ਦਾ ਬੁਨਿਆਦੀ ਢਾਂਚਾ

ਲੇਖਕ : ਗੁਰਦੀਪ ਢੁੱਡੀ, ਸੰਪਰਕ: 95010-20731

ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਵਿਦਿਅਕ ਢਾਂਚੇ ਦੀ ਸਹੀ ਦਿਸ਼ਾ ਨਾਲ ਹੀ ਅਸੀਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਿੱਖਿਅਤ ਹੋ ਸਕਦੇ ਹਾਂ। ਸਿੱਖਿਅਤ ਹੋਣ ਸਦਕਾ ਬਹੁਤ ਸਾਰੀਆਂ ਸਮਾਜਿਕ, ਆਰਥਿਕ ਬੁਰਾਈਆਂ ਦੀ ਸਮਾਪਤੀ ਹੋ ਸਕਦੀ ਹੈ। ਸਿੱਖਿਆ ਦੀ ਪ੍ਰਾਪਤੀ ਨਾਲ ਹੀ ਅਸੀਂ ਸਾਵਾਂ ਸਮਾਜਿਕ ਮਾਹੌਲ ਉਸਾਰਨ ਜੋਗੇ ਹੋ ਸਕਦੇ ਹਾਂ। ਸਿੱਖਿਅਤ ਸ਼ਖ਼ਸ ਹੀ ਚੰਗਾ ਸਮਾਜਿਕ ਪ੍ਰਾਣੀ ਬਣ ਸਕਦਾ ਹੈ। ਕਿਹਾ ਜਾ ਸਕਦਾ ਹੈ ਕਿ ਸਿੱਖਿਆ ਹੀ ਸਾਧਾਰਨ ਮਨੁੱਖ ਨੂੰ ਮਾਨਵੀ ਭਾਵਨਾਵਾਂ ਭਰਪੂਰ ਬਣਾਉਂਦੀ ਹੈ। ਸਿੱਖਿਆ ਸ਼ਾਸਤਰੀਆਂ ਦੁਆਰਾ ਵਿਸ਼ੇਸ਼ ਖਿੱਤੇ ਦੇ ਮਨੁੱਖਾਂ ਦੀਆਂ ਲੋੜਾਂ ਦੇ ਅਨੁਸਾਰੀ ਢਾਂਚੇ ਦੀ ਸਥਾਪਨਾ ਕਰਨ ਵਾਲੀਆਂ ਸਿੱਖਿਆ ਪ੍ਰਣਾਲੀਆਂ ਦੀ ਨਕਾਸ਼ੀ ਕੀਤੀ ਜਾਂਦੀ ਹੈ। ਇਹ ਮਨੁੱਖ ਨੂੰ ਸਵੈ ਤੋਂ ਸਮੂਹ ਵੱਲ ਲਿਜਾਣ ਵਾਲੀ ਹੁੰਦੀ ਹੈ।

ਭਾਰਤ ਵਾਸੀਆਂ ਨੂੰ ਇਹ ਮਾਣ ਹਾਸਲ ਹੈ ਕਿ ਆਜ਼ਾਦੀ ਦੇ ਕੁਝ ਹੀ ਸਾਲਾਂ ਬਾਅਦ ਭਾਰਤ ਦੀ ਉੱਚ ਪਦਵੀ ਰਾਸ਼ਟਰਪਤੀ 'ਤੇ ਸਿੱਖਿਆ ਸ਼ਾਸਤਰੀ ਬਿਰਾਜਮਾਨ ਹੋਏ। ਸਮੇਂ-ਸਮੇਂ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੇ ਅਹੁਦਿਆਂ 'ਤੇ ਸਮਾਜ ਸ਼ਾਸਤਰ ਦੀ ਸੂਝ-ਬੂਝ ਰੱਖਣ ਵਾਲੇ ਵਿਦਵਾਨਾਂ ਨੇ ਕੰਮ ਕੀਤਾ। ਆਜ਼ਾਦੀ ਤੋਂ ਕੁਝ ਸਾਲ ਪਹਿਲਾਂ ਹੀ ਵਿਦਿਅਕ ਲੋੜਾਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਿਆਂ ਸਿੱਖਿਆ ਮਾਹਿਰਾਂ ਦੀ ਅਗਵਾਈ ਵਿਚ ਸਿੱਖਿਆ ਕਮਿਸ਼ਨ ਅਤੇ ਕਮੇਟੀਆਂ ਬਣਦੀਆਂ ਰਹੀਆਂ ਅਤੇ ਇਨ੍ਹਾਂ ਨੇ ਭਾਰਤੀ ਸਮਾਜ ਲਈ ਲੋੜੀਂਦੀਆਂ ਸਲਾਹਾਂ ਦਿੱਤੀਆਂ ਸਨ। ਤਤਕਾਲੀ ਸਰਕਾਰਾਂ ਨੇ ਇਨ੍ਹਾਂ ਸਿਫ਼ਾਰਸ਼ਾਂ ਅਤੇ ਸਲਾਹਾਂ 'ਤੇ ਅਮਲ ਕਰਨ ਦੇ ਯਤਨ ਵੀ ਕੀਤੇ, ਫਿਰ ਵੀ ਕਿਤੇ ਨਾ ਕਿਤੇ ਹਕੂਮਤਾਂ ਦੀਆਂ ਸਿਆਸੀ ਲੋੜਾਂ ਦੀ ਘੁਸਪੈਠ ਵੀ ਹੁੰਦੀ ਰਹੀ।

ਉਂਝ ਇਸ ਸਮੇਂ ਇਹ ਘੁਸਪੈਠ ਨਾ ਹੋ ਕੇ ਪੂਰੀਆਂ ਸੂਰੀਆਂ ਨੀਤੀਆਂ ਹੀ ਸਿਆਸਤ ਦੇ ਪ੍ਰਛਾਵੇਂ ਵਾਲੀਆਂ ਦਿਸਦੀਆਂ ਹਨ। ਭਾਰਤ ਦੀ ਨਵੀਂ ਸਿੱਖਿਆ ਨੀਤੀ-2020 ਇਸ ਦੀ ਪ੍ਰਤੱਖ ਮਿਸਾਲ ਹੈ। ਇਸ ਨੀਤੀ ਦਾ ਅਧਿਐਨ ਕਰਨ ਵਾਲੇ ਸਿੱਖਿਆ ਮਾਹਿਰਾਂ ਨੇ ਨਿੱਠ ਕੇ ਇਸ ਦਾ ਵਿਰੋਧ ਕੀਤਾ ਪਰ ਭਾਰੀ ਬਹੁਮਤ ਵਾਲੀ ਕੇਂਦਰ ਸਰਕਾਰ ਇਹ ਨੀਤੀ ਲਾਗੂ ਕਰਨ ਲਈ ਦ੍ਰਿੜ ਹੈ ਅਤੇ ਇਹ ਹਕੂਮਤੀ ਦਬਕੇ ਵੀ ਮਾਰ ਰਹੀ ਹੈ। ਨਿਸਚੇ ਹੀ ਇਹ ਨੀਤੀ ਲਾਗੂ ਹੋਣ ਨਾਲ ਭਾਰਤ ਦੀ ਅਨੇਕਤਾ ਵਾਲੀ ਭਾਹ ਨੂੰ ਉੱਲੀ ਲੱਗੇਗੀ। ਇਹ ਨੀਤੀ ਹਕੀਕਤ ਵਿਚ ਸਿਆਸਤ ਦੀ ਪੁੱਠ ਵਾਲੀ ਨੀਤੀ ਹੈ।

ਇਸ ਤੋਂ ਅੱਗੇ ਜਾਈਏ ਤਾਂ ਪੰਜਾਬ ਦੀ ਵਰਤਮਾਨ ਹਕੂਮਤ ਨੇ ਸਿੱਖਿਆ ਕ੍ਰਾਂਤੀ ਦੇ ਨਾਂ 'ਤੇ ਪੰਜਾਬ ਦੇ ਵਿਦਿਅਕ ਢਾਂਚੇ ਨੂੰ ਆਪਣੇ ਸਿਆਸੀ ਕਲਾਵੇ ਵਿਚ ਲੈ ਲਿਆ ਹੈ। ਇਹ ਗੱਲ ਦ੍ਰਿੜਤਾ ਨਾਲ ਕਹੀ ਜਾ ਸਕਦੀ ਹੈ ਕਿ ਇਸ ਨਾਲ ਪੰਜਾਬ ਦੇ ਰਹਿੰਦੇ ਖੂੰਹਦੇ ਵਿਦਿਅਕ ਢਾਂਚੇ ਨੂੰ ਹੋਰ ਢਾਹ ਲੱਗੇਗੀ। ਵਿਦਿਅਕ ਸੰਸਥਾਵਾਂ ਵਿਚ ਸਿਆਸਤ ਦਾ ਪਰਛਾਵਾਂ ਮਾੜਾ ਹੁੰਦਾ ਹੈ, ਇਸ ਨਾਲ ਸਕੂਲ ਦਾ ਵਿਦਿਅਕ ਮਿਆਰ ਤਹਿਸ-ਨਹਿਸ ਹੋ ਜਾਂਦਾ ਹੈ।

2012-17 ਵਾਲੀ ਅਕਾਲੀ-ਭਾਜਪਾ ਸਰਕਾਰ ਸਮੇਂ ਸਕੂਲਾਂ ਦੀਆਂ 11ਵੀਂ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਸਾਈਕਲ ਦੇਣ ਦੀ ਸਕੀਮ ਲਿਆਂਦੀ। ਇਨ੍ਹਾਂ ਸਾਈਕਲਾਂ 'ਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਸਵੀਰ ਲਾਈ ਜਾਂਦੀ ਸੀ। ਸਾਈਕਲ ਹਾਕਮ ਧਿਰ ਦੇ ਸਿਆਸੀ ਆਗੂ ਦੇ ਹੱਥ ਲੁਆ ਕੇ ਵੰਡੇ ਜਾਂਦੇ। ਇਸ ਕੰਮ ਸਮੇਂ ਸੀਨੀਅਰ ਸੈਕੰਡਰੀ ਸਕੂਲ ਦੇ ਕਈ-ਕਈ ਦਿਨ ਪੜ੍ਹਾਈ ਤੋਂ ਵਿਰਵੇ ਕਰ ਦਿੱਤੇ ਜਾਂਦੇ। ਕੁਝ ਵਿਸ਼ੇਸ਼ ਦਿਨ ਮਨਾਉਣ ਸਮੇਂ ਹਾਕਮ ਧਿਰ ਦੇ ਸਥਾਨਕ ਨੇਤਾ ਦੀ ਹਾਜ਼ਰੀ ਵਿਚ ਮਨਾਏ ਜਾਣ ਦੇ ਆਦੇਸ਼ ਦਿੱਤੇ ਗਏ ਸਨ। 2017-22 ਦੀ ਕਾਂਗਰਸ ਸਰਕਾਰ ਸਮੇਂ ਇਸ ਕੰਮ ਨੂੰ ਕੁਝ ਠੱਲ੍ਹ ਪਈ ਪਰ ਹੁਣ 'ਆਪ' ਸਰਕਾਰ ਨੇ ਸਭ ਹੱਦਾਂ ਬੰਨੇ ਪਾਰ ਕਰ ਦਿੱਤੇ। ਸਰਕਾਰੀ ਸਕੂਲਾਂ ਵਿਚ ਪਖਾਨਿਆਂ ਦੀ ਮੁਰੰਮਤ ਦੇ ਵੀ ਉਦਘਾਟਨੀ ਸਮਾਗਮ ਕਰਵਾਏ। ਸਕੂਲਾਂ ਦੀਆਂ ਮੈਨੇਜਮੈਂਟ ਕਮੇਟੀਆਂ ਵਿਚ 'ਆਪ' ਵਿਧਾਇਕਾਂ ਦੇ ਘੱਟੋ-ਘੱਟ ਚਾਰ ਨੁਮਾਇੰਦੇ ਪਾਉਣ ਦੇ ਹੁਕਮ ਚਾੜ੍ਹ ਦਿੱਤੇ। ਅਜਿਹੇ ਹਾਲਾਤ ਵਿਚ ਸਕੂਲਾਂ ਵਿਚ ਪੜ੍ਹਾਈ ਕਰਵਾਈ ਜਾਵੇਗੀ ਜਾਂ ਫਿਰ ਵਿਧਾਇਕਾਂ ਦੀ ਜੀ ਹਜ਼ੂਰੀ ਕੀਤੀ ਜਾਵੇਗੀ? ਦੇਖਣ ਦੀ ਲੋੜ ਹੈ ਕਿ ਵਰਤਮਾਨ ਸਮੇਂ ਸੁਚੱਜੇ ਵਿਦਿਅਕ ਢਾਂਚੇ ਲਈ ਕਿਹੋ ਜਿਹੀਆਂ ਲੋੜਾਂ ਹੋ ਸਕਦੀਆਂ ਹਨ।

ਅੱਜ ਪੂਰੀ ਦੁਨੀਆ ਨੂੰ ਵਿਗਿਆਨਕ ਕਾਢਾਂ ਨੇ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ। ਅਸੀਂ ਕੰਪਿਊਟਰ, ਲੈਪਟਾਪ, ਮੋਬਾਈਲ, ਇੰਟਰਨੈੱਟ ਵਰਗੇ ਅਤਿ ਆਧੁਨਿਕ ਸਾਧਨਾਂ ਦੀ ਗੱਲ ਕਰਦੇ ਹੋਏ ਇਸ ਤੋਂ ਵੀ ਅੱਗੇ ਮਨਸੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਦੌਰ ਵਿਚ ਪ੍ਰਵੇਸ਼ ਕਰ ਚੁੱਕੇ ਹਾਂ। ਇਹ ਸਾਰੀਆਂ ਕਾਢਾਂ ਜੰਮਦੇ ਬੱਚੇ ਦੀ ਬੰਦ ਮੁੱਠੀ ਵਿਚ ਹੁੰਦੀਆਂ ਹਨ। ਉਹ ਅੱਖਰ ਗਿਆਨ ਹਾਸਲ ਕਰਨ ਤੋਂ ਪਹਿਲਾਂ ਹੀ ਮੋਬਾਈਲ ਫੋਨ ਦੀ ਵਰਤੋਂ ਸਿੱਖ ਰਿਹਾ ਹੈ। ਇਕ ਬੱਚੇ ਨੂੰ ਚੈੱਸ ਸਿੱਖਣ ਬਾਰੇ ਪੁੱਛਿਆ ਗਿਆ ਤਾਂ ਉਹਨੇ ਦੱਸਿਆ ਕਿ ਉਹਨੇ ਇਹ ਖੇਡ ਆਰਟੀਫੀਸ਼ੀਅਲ ਇੰਟੈਲੀਜੈਂਸ ਤੋਂ ਸਿੱਖੀ ਹੈ। ਸਿੱਖਣ ਦੀ ਚਾਹਤ ਰੱਖਣ ਵਾਲਾ ਬੱਚਾ (ਵਿਦਿਆਰਥੀ) ਸਕੂਲ ਦੇ ਅਧਿਆਪਕ ਦੇ ਦੱਸਣ ਤੋਂ ਪਹਿਲਾਂ ਹੀ ਉਸ ਗਿਆਨ ਦੀ ਹਦੂਦ ਵਿਚ ਜਾ ਚੁੱਕਿਆ ਹੁੰਦਾ ਹੈ, ਜਿਸ ਬਾਰੇ ਉਸ ਦਾ ਅਧਿਆਪਕ ਜਾਣਨ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਕੰਪਿਊਟਰ ਅਧਿਆਪਕ ਦੁਆਰਾ ਕੰਪਿਊਟਰ ਦੀ ਰਸਮੀ ਵਿਦਿਆ ਦੇਣ ਤੋਂ ਪਹਿਲਾਂ ਵਿਦਿਆਰਥੀ ਕੰਪਿਊਟਰ ਦੀ ਵਿਹਾਰਕ ਜਾਣਕਾਰੀ ਰੱਖ ਰਿਹਾ ਹੁੰਦਾ ਹੈ। ਅਜਿਹੇ ਦੌਰ ਵਿਚ ਲੋੜ ਤਾਂ ਇਸ ਗੱਲ ਦੀ ਹੈ ਕਿ ਅਧਿਆਪਕਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਮੇਂ-ਸਮੇਂ ਉਨ੍ਹਾਂ ਦਾ ਗਿਆਨ ਨਵਿਆਉਣ ਵਾਲੇ ਸੈਮੀਨਾਰ ਲਾਏ ਜਾਣ ਪਰ ਅਸੀਂ ਵਿਦੇਸ਼ਾਂ ਵਿਚ ਸਿਖਲਾਈ ਵਾਸਤੇ ਭੇਜ ਕੇ ਵਾਹ-ਵਾਹ ਖੱਟਣ ਦੀ ਕੋਸ਼ਿਸ਼ ਕਰਦੇ ਹਾਂ। ਅਜਿਹੇ ਸੈਮੀਨਾਰ ਛੁੱਟੀਆਂ ਵਿਚ ਲਾ ਕੇ ਸਕੂਲ ਦੇ ਕੰਮ ਨੂੰ ਪ੍ਰਭਾਵਿਤ ਹੋਣ ਤੋਂ ਬਚਾਇਆ ਜਾ ਸਕਦਾ ਹੈ ਪਰ ਅਸੀਂ ਆਪਣੇ ਸਿਆਸੀ ਲਾਹੇ ਨੂੰ ਸਨਮੁਖ ਰੱਖ ਕੇ ਕੰਮ ਨਾਲੋਂ ਪ੍ਰਚਾਰ ਜ਼ਿਆਦਾ ਕਰਨ 'ਤੇ ਜ਼ੋਰ ਲਾ ਦਿੰਦੇ ਹਾਂ।

ਸਭ ਜਾਣਦੇ ਹਨ ਕਿ 2024 ਵਾਲੀਆਂ ਲੋਕ ਸਭਾ ਚੋਣਾਂ ਅਤੇ ਫਿਰ 2025 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਜਰੀਵਾਲ ਸਰਕਾਰ ਨੇ ਆਪਣੇ ਦੁਆਰਾ ਕੀਤੇ ਕੰਮਾਂ ਦਾ ਅੰਤਾਂ ਦਾ ਪ੍ਰਚਾਰ ਕੀਤਾ ਪਰ ਦੋਹਾਂ ਚੋਣਾਂ ਸਮੇਂ ਦਿੱਲੀ ਦੇ ਨਤੀਜੇ ਕੇਜਰੀਵਾਲ ਨੂੰ ਜਿੱਤ ਨਹੀਂ ਦਿਵਾ ਸਕੇ। ਇਸੇ ਤਰ੍ਹਾਂ 'ਆਪ' ਪੰਜਾਬ ਵਿੱਚ 13 ਵਿੱਚੋਂ ਸਿਰਫ 3 ਲੋਕ ਸਭਾ ਸੀਟਾਂ ਹੀ ਜਿੱਤ ਸਕੀ। ਇਉਂ ਅਸੀਂ ਇਸ ਨਤੀਜੇ 'ਤੇ ਵੀ ਪਹੁੰਚਦੇ ਹਾਂ ਕਿ ਹਕੀਕਤ ਤੋਂ ਦੂਰ ਵਾਲੇ ਪ੍ਰਚਾਰ ਸਾਨੂੰ ਸਫਲ ਬਣਾਉਣ ਵਿਚ ਕੋਈ ਭੂਮਿਕਾ ਨਹੀਂ ਨਿਭਾਉਂਦੇ। ਚੋਣਾਂ ਜਿੱਤਣ ਹਾਰਨ ਦੇ ਕੁਝ ਹੋਰ ਪਹਿਲੂ ਵੀ ਹੁੰਦੇ ਹਨ। ਕੰਮ ਨੂੰ ਉਸ ਦੀ ਮੂਲ ਭਾਵਨਾ ਅਨੁਸਾਰ ਹੀ ਪੂਰਾ ਕਰਨਾ ਚਾਹੀਦਾ ਹੈ। ਸਕੂਲ ਐਮੀਨੈਂਸ, ਸਮਾਰਟ ਆਦਿ ਕੇਵਲ ਨਾਵਾਂ ਨਾਲ ਨਹੀਂ ਸਗੋਂ ਕੀਤੇ ਕੰਮਾਂ ਨਾਲ ਬਣਦੇ ਹਨ। ਵਰਤਮਾਨ ਸਮੇਂ ਪੰਜਾਬ ਦੇ 40 ਪ੍ਰਤੀਸ਼ਤ ਤੋਂ ਵਧੇਰੇ ਸਕੂਲਾਂ ਵਿਚ ਸਕੂਲ ਮੁਖੀ ਨਹੀਂ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨਹੀਂ, ਲੈਕਚਰਾਰਾਂ, ਮਾਸਟਰਾਂ ਤੇ ਪ੍ਰਾਇਮਰੀ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਜਿਵੇਂ ਕੰਧਾਂ ਕੋਲ਼ਿਆਂ ਨੂੰ ਲਿੱਪਣ ਨਾਲ ਘਰ ਸੋਹਣੇ ਨਹੀਂ ਬਣਦੇ ਸਗੋਂ ਘਰ ਵਿਚ ਤਾਂ ਘਰ ਵਰਗਾ ਮਾਹੌਲ ਬਣਨ ਨਾਲ ਹੀ ਘਰ ਬਣਦਾ ਹੈ, ਤਿਵੇਂ ਹੀ ਸਕੂਲਾਂ ਵਿਚ ਬੁਨਿਆਦੀ ਢਾਂਚੇ ਦੀ ਪੂਰਤੀ ਨਾਲ ਹੀ ਸਕੂਲ ਬਣਦੇ ਹਨ। ਸਕੂਲਾਂ ਵਿਚ ਪਹਿਲੀ ਲੋੜ ਅਧਿਆਪਕਾਂ ਦੀ ਪੂਰਤੀ ਹੈ, ਇਸ ਤੋਂ ਬਾਅਦ ਵਿਦਿਅਕ ਮਾਹੌਲ ਹਿੱਤ ਬਣਦਾ ਸਮਾਨ ਚਾਹੀਦਾ ਹੈ। ਇਉਂ ਸਕੂਲ, ਸਕੂਲ ਬਣਦਾ ਹੈ। ਕੰਧਾਂ ਕਮਰਿਆਂ ਜਾਂ ਪਖਾਨਿਆਂ ਦੀ ਉਸਾਰੀ ਚੁੱਪ-ਚੁਪੀਤੇ ਹੋਣੀ ਚਾਹੀਦੀ ਹੈ।

ਸਕੂਲ ਮੁਖੀ ਆਪਣੇ ਵਿਦਿਅਕ ਕਾਰਜ ਦੀ ਪੂਰਤੀ ਮਗਰੋਂ ਕੀਤੇ ਜਾਣ ਵਾਲੇ ਸਮਾਗਮ ਸਮੇਂ ਅਜਿਹੇ ਕਾਰਜਾਂ ਵਾਸਤੇ ਸਿਆਸੀ ਆਕਾਵਾਂ ਦੇ ਪੈਰ ਪੁਆ ਕੇ ਸੰਤੁਸ਼ਟੀ ਕਰਵਾ ਸਕਦੇ ਹਨ। ਇਕ ਦਾਨ ਕਰਤਾ ਨੇ 56 ਲੱਖ ਰੁਪਏ ਤੋਂ ਵੀ ਵਧੇਰੇ ਰਕਮ ਸਕੂਲ ਦੀ ਲਾਇਬ੍ਰੇਰੀ ਦੀ ਉਸਾਰੀ ਸਮੇਤ ਕਮਰਿਆਂ ਲਈ ਦਿੱਤੀ। ਉਸ ਨੇ ਉਦਘਾਟਨ ਦੀ ਰਸਮ ਕਰਨ ਦੀ ਇੱਛਾ ਜ਼ਾਹਿਰ ਕੀਤੀ। ਸਕੂਲ ਮੁਖੀ ਨੇ ਇਸ ਰਸਮ ਨਾਲ ਸਾਲਾਨਾ ਸਮਾਗਮ ਵੀ ਜੋੜ ਲਿਆ। ਇਕ ਕੰਮ ਨਾਲ ਇਕ ਤੋਂ ਵਧੇਰੇ ਕੰਮ ਰੱਖ ਕੇ ਦਾਨ ਕਰਤਾ ਦੀ ਇੱਛਾ ਦੀ ਪੂਰਤੀ ਵੀ ਕਰ ਲਈ ਅਤੇ ਵਿਦਿਅਕ ਪ੍ਰੋਗਰਾਮ ਵੀ ਕਰ ਲਿਆ ਪਰ ਇੱਥੇ ਤਾਂ ਸਿੱਖਿਆ ਕ੍ਰਾਂਤੀ ਦੇ ਨਾਮ 'ਤੇ ਦਿਨਾਂ ਦੇ ਦਿਨ ਸਕੂਲਾਂ ਦੇ ਸਿਰ ਮੜ੍ਹ ਦਿੱਤੇ ਅਤੇ ਪੜ੍ਹਾਈ ਦਾ ਨਾਸ ਕਰ ਦਿੱਤਾ। ਸੋਚੋ, ਕਿਸੇ ਵਿਦਿਅਕ ਸੰਸਥਾ ਵਿਚ ਪ੍ਰਧਾਨਗੀ ਕਰਨ ਵਾਲਾ, ਵਿਦਿਆ ਦੀਆਂ ਬਰੀਕੀਆਂ ਤੋਂ ਰਹਿਤ ਸ਼ਖ਼ਸ ਕਿਸ ਤਰ੍ਹਾਂ ਦੀ ਅਗਵਾਈ ਦੇਣ ਦੀ ਗੱਲ ਕਰੇਗਾ! ਸੋ, ਲੋੜ ਸਕੂਲਾਂ ਵਿਚ ਵਿਦਿਅਕ ਮਾਹੌਲ ਸਾਵਾਂ ਬਣਾਉਣ ਦੀ ਹੈ।




ਅਜੇ ਡਾਕਟਰੀ ਥੋੜ੍ਹਾ ਚਿਰ ਹੋਏ ਪਾਸ ਕੀਤੀ ਸੀ ਕਿ ਮੇਰੀ ਕੁਝ ਦੇਰ ਲਈ ਉਸ ਸਮੇਂ ਦੇ ਇਕ ਪਿਛੜੇ ਪਿੰਡ ਸਕਾ ਮੀਰਾਂਜੀ ਵਿਚ ਹੋ ਗਈ। ਅੱਜ ਇਹ ਗੱਲ ਸੋਚੀ ਵੀ ਨਹੀਂ ਜਾ ਸਕਦੀ ਕਿ ਪੰਜਾਬ ਦੇ ਕਿਸੇ ਪਿੰਡ ਵਿਚ ਬੱਤੀ ਨਹੀਂ ਹੈ ਪਰ ਉਸ ਸਮੇਂ ਪਿੰਡ ਸਕਾ ਮਰੀਜਾਂ ਵਿਚ ਬਿਜਲੀ ਨਹੀਂ ਸੀ। ਇਹ ਉਦੋਂ ਦੀ ਗੱਲ ਹੈ ਜਦੋਂ ਭਾਖੜਾ ਡੈਮ ਨਵਾਂ ਨਵਾਂ ਚਾਲੂ ਹੋਇਆ ਸੀ ਤੇ ਲੋਕੀਂ ਆਪਣੇ ਖੇਤਾਂ ਵਿਚ ਭਾਖੜਾ ਡੈਮ ਦਾ ਪਾਣੀ ਵਰਤਣ ਤੋਂ ਡਰਦੇ ਸਨ ਕਿ ਇਸ ਪਾਣੀ ਤੋਂ ਤਾਂ ਬਿਜਲੀ ਕੱਢੀ ਹੋਈ ਹੈ ਅਤੇ ਇਸਦਾ ਪਾਣੀ ਖੇਤਾਂ ਤੇ ਫਸਲਾਂ ਨੂੰ ਨੁਕਸਾਨ ਦੇ ਸਕਦਾ ਹੈ। ਲੋਕਾਂ ਦਾ ਇਹ ਭਰਮ ਜਾਂਦੇ ਜਾਂਦੇ ਥੋੜ੍ਹਾ ਸਮਾਂ ਲੱਗ ਗਿਆ। ਸਕਾ ਮੀਰਾਂ ਵਾਸਤੇ ਕੁਰਕੁਸ਼ੇਤਰ ਤੋਂ ਬੱਸ ਝਾਂਸਾ ਕਸਬਾ ਤਕ ਜਾਂਦੀ ਸੀ ਅਤੇ ਅੱਗੇ ਦੋ ਤਿੰਨ ਕਿਲੋਮੀਟਰ ਕੱਚੇ ਰਸਤੇ 'ਤੇ ਤੁਰ ਕੇ ਕੇ ਜਾਣਾ ਪੈਂਦਾ ਸੀ ਕਿਉਂਕਿ ਉਸ ਸਮੇਂ ਕੋਈ ਰਿਕਸ਼ਾ, ਟਾਂਗਾ, ਆਟੋ ਨਹੀਂ ਚਲਦੇ ਸਨ। ਡਿਸਪੈਂਸਰੀ ਪਿੰਡ ਤੋਂ ਅੱਧਾ ਕਿਲੋਮੀਟਰ ਦੂਰ ਸੀ ਅਤੇ ਡਿਸਪੈਂਸਰੀ ਦੇ ਨਾਲ ਹੀ ਡਾਕਟਰ, ਕੰਪਾਊਂਡਰ ਤੇ ਨਰਸ ਦੇ ਕੁਆਰਟਰ ਬਣੇ ਹੋਏ ਸਨ। ਬੱਤੀ ਨਾ ਹੋਣ ਕਰਕੇ ਰਾਤ ਨੂੰ ਘੁੱਪ ਹਨੇਰਾ ਹੋ ਜਾਂਦਾ ਸੀ ਅਤੇ ਮੋਮਬੱਤੀ ਜਾਂ ਲਾਲਟੈਨ ਨਾਲ ਗੁਜ਼ਾਰਾ ਹੁੰਦਾ ਸੀ। ਇਨ੍ਹਾਂ ਹਾਲਤਾਂ ਵਿਚ ਸਮਾਂ ਪਾਸ ਕਰਨਾ ਵੱਡੀ ਮੁਸ਼ਕਿਲ ਸੀ। ਕੰਪਾਊਂਡਰ ਜਾਂ ਨਰਸ ਨਾਲ ਇਕ ਸੀਮਾ ਤਕ ਹੀ ਗੱਲਬਾਤ ਜਾਂ ਵਿਚਾਰ ਚਰਚਾ ਹੋ ਸਕਦੀ ਸੀ।

ਕਰਨਾਲ ਦੀ ਇਕ ਰੇਡੀਓ ਦੀ ਦੁਕਾਨ ਤੋਂ ਮੈਂ ਇਕ ਰੇਡੀਓ ਬਣਾਇਆ, ਜੋ ਬੈਟਰੀ ਨਾਲ ਚਲਦਾ ਸੀ। ਅਜੇ ਟਰਾਂਜਿਸਟਰ, ਟੇਪ ਰਿਕਾਰਡਰ ਜਾਂ ਟੀਵੀ ਦਾ ਜ਼ਮਾਨਾ ਸ਼ੁਰੂ ਨਹੀਂ ਹੋਇਆ ਸੀ। 70-80 ਰੁਪਏ ਵਿਚ ਰੇਡੀਓ ਆ ਗਿਆ। ਰੇਡੀਓ ਵੀ ਕੋਈ ਕੋਈ ਚੈਨਲ ਫੜਦਾ ਸੀ ਕਿਉਂਕਿ ਚੈਨਲ ਹੀ ਥੋੜ੍ਹੇ ਹੁੰਦੇ ਸਨ ਤੇ ਥੋੜ੍ਹੇ ਚਿਰ ਵਾਸਤੇ ਹੀ ਖ਼ਬਰਾਂ ਜਾਂ ਗਾਣੇ ਸੁਣੇ ਜਾ ਸਕਦੇ ਸਨ।

ਉਨ੍ਹਾਂ ਦਿਨਾਂ ਵਿਚ ਅੱਖਾਂ ਦੇ ਇਲਾਜ ਅਤੇ ਅਪਰੇਸ਼ਨ ਬਾਰੇ ਇਕ ਮਸ਼ਹੂਰ ਡਾਕਟਰ ਮਥੁਰਾ ਦਾਸ ਦੇ ਕਾਰਨ ਮੋਗਾ ਸ਼ਹਿਰ ਦਾ ਨਾਂ ਬੜਾ ਚੜ੍ਹਿਆ ਹੋਇਆ ਸੀ ਅਤੇ ਮੇਰੇ ਇਕ ਗੁਰੂ ਡਾ. ਜੀ ਐੱਸ ਮਲਹੋਤਰਾ ਉੱਥੇ ਸਿਵਲ ਹਸਪਤਾਲ ਵਿਚ ਆਈ ਸਰਜਨ ਸਨ। ਮੈਂ ਉਨ੍ਹਾਂ ਨੂੰ ਆਪਣੇ ਪਿੰਡ ਅੱਖਾਂ ਦੇ ਇਲਾਜ ਤੇ ਅਪਰੇਸ਼ਨ ਦਾ ਕੈਂਪ ਲਾਉਣ ਵਾਸਤੇ ਸੱਦਾ ਦਿੱਤਾ ਅਤੇ ਪਿੰਡਾਂ ਵਿਚ ਉੱਥੋਂ ਦੇ ਚੌਕੀਦਾਰਾਂ ਰਾਹੀਂ ਮੁਨਾਦੀ ਕਰਵਾ ਕੇ ਅੱਖਾਂ ਦੇ ਅਪਰੇਸ਼ਨ ਦਾ ਕੈਂਪ ਠਸਕਾ ਮਰੀਜਾਂ ਦੀ ਡਿਸਪੈਂਸਰੀ ਲੱਗਣ ਦੀ ਸੂਚਨਾ ਦਿੱਤੀ। ਅਪਰੇਸ਼ਨ ਵਾਲੇ ਦਿਨ ਭੀੜ ਸਾਂਭੀ ਨਹੀਂ ਸੀ ਜਾਂਦੀ ਕਿਉਂਕਿ ਪਿੰਡਾਂ ਵਿਚ ਚਿੱਟੇ ਮੋਤੀਏ ਦੇ ਅਪਰੇਸ਼ਨ ਕਰਾਉਣ ਵਾਲੇ ਬਹੁਤ ਮਰੀਜ਼ ਹੁੰਦੇ ਸਨ। ਮਰੀਜ਼ ਆਪਣਾ ਬਿਸਤਰਾ ਮੰਜਾ ਆਪ ਲੈ ਕੇ ਆਏ। ਅਪਰੇਸ਼ਨ ਟਾਰਚ ਦੀ ਰੌਸ਼ਨੀ ਵਿਚ ਹੋਏ। ਸਾਰੇ ਅਪਰੇਸ਼ਨ ਕਾਮਯਾਬ ਰਹੇ ਤੇ ਮਰੀਜ਼ਾਂ ਦੀ ਨਜ਼ਰ ਮੁੜ ਬਹਾਲ ਹੋ ਗਈ। ਮੇਰੀ ਡਿਸਪੈਂਸਰੀ ਦਾ ਨਾਂ ਚਮਕ ਗਿਆ ਤੇ ਆਊਟਡੋਰ ਵਿਚ ਮਰੀਜ਼ਾਂ ਦੀ ਭੀੜ ਪੈਣ ਲੱਗ ਗਈ। ਦਰਖ਼ਤ ਥੱਲੇ ਮੇਜ ਕੁਰਸੀ ਡਾਹ ਕੇ ਜਦੋਂ ਮੈਂ ਬੈਠਦਾ ਤਾਂ ਚਾਰੇ ਪਾਸੇ ਮਰੀਜ਼ਾਂ ਨਾਲ ਘਿਰਿਆ ਹੁੰਦਾ। ਪਰ ਨਿੱਜੀ ਜਿਹੀ ਡਿਸਪੈਂਸਰੀ ਵਿਚ ਨਵਾਂ ਨਵਾਂ ਡਾਕਟਰ ਤੇ ਥੋੜ੍ਹੀਆਂ ਜਿਹੀਆਂ ਦਵਾਈਆਂ ਨਾਲ ਕੰਮ ਕਿੰਨੀ ਕੁ ਦੇਰ ਚੱਲਣਾ ਸੀ। ਸਰਕਾਰ ਵਲੋਂ ਦਵਾਈ ਦੀ ਸਪਲਾਈ ਸਾਲ ਵਿਚ ਇਕ ਵਾਰ ਹੁੰਦੀ ਸੀ। ਛੇਤੀ ਹੀ ਦਵਾਈਆ ਮੁੱਕ ਗਈਆਂ ਅਤੇ ਦਵਾਈ ਦਾ ਨੁਸਖ਼ਾ ਲੈਣ ਮਤਲਬ ਸਿਰਫ ਡਾਕਟਰ ਦਾ ਮਸ਼ਵਰਾ ਲੈਣ ਲਈ ਆਉਣ ਦਾ ਜ਼ਮਾਨਾ ਨਹੀਂ ਸੀ। ਦਵਾਈਆ ਮੁੱਕ ਜਾਣ ਕਰਕੇ ਛੇਤੀ ਹੀ ਮਰੀਜ਼ਾਂ ਦੀ ਗਿਣਤੀ ਸਿਫਰ ਹੋ ਗਈ ਤੇ ਮੈਂ ਵਿਹਲੇ ਦਾ ਵਿਹਲਾ।

> "ਜੇ ਕੋਈ ਬੰਦਾ ਕੋਈ ਕੰਮ ਪੂਰੀ ਸ਼ਿੱਦਤ ਨਾਲ ਕਰਨ ਲੱਗੇ ਤਾਂ ਪੂਰੀ ਕਾਇਨਾਤ ਉਸ ਕੰਮ ਨੂੰ ਪੂਰਾ ਕਰਨ ਲਈ ਨਾਲ ਜੁੜ ਜਾਂਦੀ ਹੈ।"

ਆਸ ਪਾਸ ਦੇ ਪਿੰਡਾਂ ਵਿਚ ਬਿਜਲੀ ਸੀ ਅਤੇ ਮੈਂ ਇਸ ਗੱਲ ਤੇ ਆਪਣਾ ਧਿਆਨ ਕੇਂਦ੍ਰਿਤ ਕੀਤਾ ਕਿ ਸਾਡੇ ਪਿੰਡ ਵਿਚ ਬਿਜਲੀ ਕਿਵੇਂ ਆਵੇ? ਐਮਰਜੈਂਸੀ ਵਿਚ ਮਰੀਜ਼ ਕਿਵੇਂ ਦੇਖੇ ਜਾਣ?

ਇਕ ਦਿਨ ਸਾਇਕਲ ਫੜ ਕੇ ਕੋਈ ਤਿੰਨ ਚਾਰ ਕਿਲੋਮੀਟਰ ਦੂਰ ਦੇ ਕਸਬਾ ਇਸਮਾਲਾਬਾਦ ਜਾ ਪੁਜਾ, ਜਿੱਥੇ ਬਿਜਲੀ ਦੇ ਐੱਸ ਡੀ ਓ ਦਾ ਦਫਤਰ ਸੀ। ਐੱਸ ਡੀ ਓ ਸਾਹਿਬ ਮੈਨੂੰ ਚੰਗੀ ਤਰ੍ਹਾਂ ਮਿਲੇ ਅਤੇ ਆਉਣ ਦਾ ਕਾਰਨ ਪੁੱਛਿਆ। ਮੈਂ ਦੱਸਿਆ ਕਿ ਸਾਡੀ ਵੱਡੀ ਮੁਸ਼ਕਿਲ ਪਿੰਡ ਅਤੇ ਹਸਪਤਾਲ ਵਿਚ ਬਿਜਲੀ ਨਾ ਹੋਣ ਦੀ ਹੈ। ਉਹ ਕਹਿਣ ਲੱਗੇ ਕਿ ਜੇ ਪਿੰਡ ਦਾ ਸਰਪੰਚ ਬਿਜਲੀ ਵਾਸਤੇ ਦਰਖ਼ਾਸਤ ਦੇ ਦੇਵੇ ਤਾਂ ਅਸੀਂ ਕੋਸ਼ਿਸ਼ ਕਰਕੇ ਤੁਹਾਡੇ ਪਿੰਡ ਬਿਜਲੀ ਪਹੁੰਚਾ ਸਕਦੇ ਹਾਂ। ਮੈਂ ਮੁੜ ਸਰਪੰਚ ਨੂੰ ਮਿਲਿਆ ਅਤੇ ਉਨ੍ਹਾਂ ਕੋਲੋਂ ਪਿੰਡ ਵਿਚ ਬਿਜਲੀ ਲਿਆਉਣ ਦਾ ਬੇਨਤੀ ਪੱਤਰ ਲੈ ਕੇ ਐੱਸ ਡੀ ਓ ਸਾਹਿਬ ਨੂੰ ਦਿੱਤਾ। ਕੁਝ ਦਿਨਾਂ ਬਾਅਦ ਮਿਲਣ ਤੇ ਉਨ੍ਹਾਂ ਆਖਿਆ ਕਿ ਤੁਸੀਂ ਘਰਾਂ ਅਤੇ ਡਿਸਪੈਂਸਰੀਆਂ ਵਿਚ ਵਾਇਰਿੰਗ ਅਤੇ ਹੋਰ ਫਿਟਿੰਗ ਕਰਾ ਲਉ ਤੇ ਅਸੀਂ ਬਿਜਲੀ ਦਾ ਪ੍ਰਬੰਧ ਕਰ ਦੇਵਾਂਗੇ। ਮੈਂ ਸਰਪੰਚ ਨੂੰ ਮਿਲਣ ਗਿਆ ਅਤੇ ਐੱਸ ਡੀ ਓ ਸਾਹਿਬ ਦਾ ਸੁਨੇਹਾ ਦਿੱਤਾ। ਉਹ ਮੈਨੂੰ ਪਿੰਡ ਦੇ ਕੁਝ ਚੰਗੇ ਘਰਾਂ ਵਿਚ ਲੈ ਗਿਆ ਤੇ ਡਿਸਪੈਂਸਰੀ ਚੰਦਾ ਇਕੱਠਾ ਕਰਕੇ ਵਾਇਰਿੰਗ ਕਰਵਾ ਦਿੱਤੀ।

ਇਹ ਕੰਮ ਪੂਰਾ ਹੋਣ ਤੋਂ ਬਾਅਦ ਮੈਂ ਫਿਰ ਐੱਸ ਡੀ ਓ ਸਾਹਿਬ ਨੂੰ ਮਿਲਣ ਗਿਆ। ਰਸਤੇ ਵਿਚ ਮੀਂਹ ਕਰਕੇ ਸਾਇਕਲ ਦੇ ਮਡਗਾਰਡ ਅਤੇ ਬਰੇਕਾਂ ਵਿਚ ਚਿੱਕੜ ਫਸ ਗਿਆ। ਸਾਇਕਲ ਉੱਥੇ ਜਾਮ ਹੋ ਗਿਆ ਅਤੇ ਮੁੜਦੇ ਹੋਏ ਸਾਇਕਲ ਮੇਰੇ ਮੋਢਿਆਂ 'ਤੇ ਸਵਾਰ ਹੋ ਕੇ ਆਇਆ। ਐੱਸ ਡੀ ਓ ਨੇ ਦੱਸਿਆ ਕਿ ਪਿੰਡ ਵਾਸਤੇ ਬਿਜਲੀ ਮਨਜ਼ੂਰ ਹੋ ਗਈ ਹੈ ਪਰ ਖੰਭੇ ਅੰਬਾਲਾ ਸ਼ਹਿਰ ਤੋਂ ਲਿਆਉਣੇ ਹਨ। ਜੇ ਅਸੀਂ ਸਰਕਾਰੀ ਟਰਾਂਸਪੋਰਟ ਵਲ ਵੇਖਦੇ ਹਾਂ ਤਾਂ ਕਈ ਮਹੀਨੇ ਲੱਗ ਜਾਣਗੇ। ਜੇ ਖੁੱਲ੍ਹੇ ਗੱਡਿਆਂ ਦਾ ਇੰਤਜ਼ਾਮ ਹੋ ਜਾਵੇ ਤਾਂ ਖੰਭੇ ਲਿਆਉਣ ਦਾ ਪ੍ਰਬੰਧ ਹੋ ਸਕਦਾ ਹੈ। ਖੰਭੇ ਅੰਬਾਲਾ ਸ਼ਹਿਰ ਤੋਂ ਆਉਣੇ ਸਨ, ਜੋ ਕੋਈ 10-15 ਕਿਲੋਮੀਟਰ ਦੇ ਫਾਸਲੇ 'ਤੇ ਸੀ। ਪਤਾ ਨਹੀਂ ਕਿਵੇਂ ਸਰਪੰਚ ਨੇ ਗੱਡਿਆਂ ਦਾ ਪ੍ਰਬੰਧ ਕੀਤਾ ਅਤੇ ਖੰਭੇ ਅੰਬਾਲਾ ਸ਼ਹਿਰ ਤੋਂ ਸਾਡੇ ਪਿੰਡ ਪਹੁੰਚ ਗਏ। ਫਿਰ ਥੋੜ੍ਹੇ ਹੀ ਦਿਨਾਂ ਵਿਚ ਬਿਜਲੀ ਸਾਡੇ ਪਿੰਡ ਆ ਗਈ ਅਤੇ ਸਾਰਾ ਪਿੰਡ ਅਤੇ ਡਿਸਪੈਂਸਰੀ ਬਿਜਲੀ ਨਾਲ ਜਗਮਗ ਕਰਨ ਲੱਗ ਪਏ। ਇਸ ਤੋਂ ਥੋੜ੍ਹੇ ਚਿਰ ਬਾਅਦ ਮੇਰੀ ਉੱਥੋਂ ਰਵਾਨਗੀ ਹੋ ਗਈ। ਅੱਜ ਉੱਥੇ ਕਿਸੇ ਨੂੰ ਪਤਾ ਨਹੀਂ ਹੋਣਾ ਕਿ ਉੱਥੇ ਬਿਜਲੀ ਕਿਵੇਂ ਆਈ।

ਇਕ ਮਸ਼ਹੂਰ ਨਾਵਲ ਐਲਕੈਮਿਸਟ (Alchemist) ਵਿਚ ਇਕ ਵਾਰੀ ਮੈਂ ਪੜ੍ਹਿਆ ਸੀ ਕਿ ਜੇ ਕੋਈ ਬੰਦਾ ਕੋਈ ਕੰਮ ਪੂਰੀ ਸ਼ਿੱਦਤ ਨਾਲ ਕਰਨ ਲੱਗੇ ਤਾਂ ਪੂਰੀ ਕਾਇਨਾਤ ਉਸ ਕੰਮ ਨੂੰ ਪੂਰਾ ਕਰਨ ਲਈ ਨਾਲ ਜੁੜ ਜਾਂਦੀ ਹੈ।

-ਅਮ੍ਰਿਤ ਅਦਲੱਖਾ

# ਦੇਸੀ ਤੜਕਾ

## ਪੰਜਾਬੀ ਸਟਾਈਲ ਰਾਜਮਾਂਹ



**ਸਮੱਗਰੀ**

- ਰਾਜਮਾਂਹ - 1/2 ਕੱਪ,
- 2 ਕੱਟੇ ਹੋਏ ਟਮਾਟਰ,
- 2 ਕੱਟੀਆਂ ਹਰੀਆਂ ਮਿਰਚਾਂ,
- 1 ਪਿਆਜ਼,
- 1/2 ਚਮਚ ਲਾਲ ਮਿਰਚ ਪਾਊਡਰ,
- 2 ਚਮਚ ਧਨੀਆ ਪਾਊਡਰ,
- 1 ਚਮਚ ਗਰਮ ਮਸਾਲਾ,
- 1 ਟੁਕੜਾ ਅਦਰਕ,
- 2 ਤੇਜ ਪੱਤੇ,
- 2 ਵੱਡੀ ਇਲਾਇਚੀ,
- 1/4 ਚਮਚ ਅਮਚੂਰ,
- ਕੱਟਿਆ ਹੋਇਆ ਹਰਾ ਧਨੀਆ,
- 3 ਚਮਚ ਤੇਲ,
- ਲੂਣ- ਸੁਆਦ ਅਨੁਸਾਰ

**ਬਣਾਉਣ ਦਾ ਤਰੀਕਾ :** ਰਾਜਮਾਂਹ ਬਣਾਉਣ ਲਈ ਡੇਢ ਕੱਪ ਰਾਜਮਾਂਹ ਵਿੱਚ ਚਾਰ ਕੱਪ ਪਾਣੀ ਮਿਲਾ ਕੇ ਰਾਤ ਭਰ ਭਿਓਂ ਕੇ ਰੱਖੋ। ਜੇਕਰ ਤੁਸੀਂ ਘੱਟ ਸਮੇਂ 'ਚ ਰਾਜਮਾਂਹ ਬਣਾਉਣਾ ਚਾਹੁੰਦੇ ਹੋ ਤਾਂ ਰਾਜਮਾਂਹ ਨੂੰ ਗਰਮ ਪਾਣੀ 'ਚ 2-3 ਘੰਟੇ ਲਈ ਭਿਓ ਕੇ ਰੱਖੋ। ਇਸ ਤੋਂ ਬਾਅਦ ਪ੍ਰੈਸ਼ਰ ਕੁੱਕਰ 'ਚ ਰਾਜਮਾਂਹ, ਤੇਜ ਪੱਤਾ, ਵੱਡੀ ਇਲਾਇਚੀ ਅਤੇ ਇਕ ਚਮਚ ਨਮਕ ਪਾ ਕੇ ਘੱਟ ਅੱਗ 'ਤੇ ਉਬਾਲਣ ਲਈ ਰੱਖੋ। ਇਨ੍ਹਾਂ ਨੂੰ ਉਬਾਲਣ 'ਚ 15 ਤੋਂ 20 ਮਿੰਟ ਲੱਗਣਗੇ। ਪਿਆਜ਼, ਅਦਰਕ ਅਤੇ ਹਰੀ ਮਿਰਚ ਨੂੰ ਮਿਕਸਰ 'ਚ ਪਾ ਕੇ ਬਰੀਕ ਪੇਸਟ ਬਣਾ ਲਓ। ਇਸ ਤੋਂ ਬਾਅਦ ਟਮਾਟਰ ਨੂੰ ਕੱਟ ਲਓ ਅਤੇ ਮਿਕਸਰ 'ਚ ਪੀਸ ਲਓ। ਹੁਣ ਇਕ ਕੜਾਹੀ ਲੈ ਕੇ ਇਸ ਵਿਚ ਤੇਲ ਪਾ ਕੇ ਮੱਧਮ ਅੱਗ 'ਤੇ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਪਿਆਜ਼ ਦਾ ਪੇਸਟ ਪਾ ਕੇ ਸੁਨਹਿਰੀ ਹੋਣ ਤੱਕ ਭੁੰਨ ਲਓ। ਜਦੋਂ ਪਿਆਜ਼ ਸੁਨਹਿਰੀ ਹੋ ਜਾਵੇ ਤਾਂ ਇਸ 'ਚ ਲਾਲ ਮਿਰਚ ਪਾਊਡਰ, ਧਨੀਆ, ਗਰਮ ਮਸਾਲਾ ਅਤੇ ਸਵਾਦ ਅਨੁਸਾਰ ਨਮਕ ਪਾ ਕੇ ਲਗਭਗ 1 ਮਿੰਟ ਤੱਕ ਭੁੰਨ ਲਓ। ਇਸ ਤੋਂ ਬਾਅਦ ਇਸ 'ਚ ਟਮਾਟਰ ਦੀ ਪਿਊਰੀ ਪਾਓ ਅਤੇ ਮਸਾਲਾ ਤੇਲ ਛੱਡਣ ਤੱਕ ਪਕਾਓ। ਇਸ ਤੋਂ ਬਾਅਦ ਉਬਲੇ ਹੋਏ ਰਾਜਮਾਂਹ ਨੂੰ ਇਸ ਭੁੰਨੇ ਹੋਏ ਮਸਾਲੇ 'ਚ ਪਾਓ। ਰਾਜਮਾਂਹ ਨੂੰ ਮਸਾਲੇ ਦੇ ਨਾਲ ਚੰਗੀ ਤਰ੍ਹਾਂ ਮਿਲਾਓ। ਹੁਣ ਇਸ ਨੂੰ ਕਰੀਬ 10 ਮਿੰਟ ਹੋਰ ਪੱਕਣ ਦਿਓ। ਇਸ ਤੋਂ ਬਾਅਦ ਗੈਸ ਬੰਦ ਕਰ ਦਿਓ। ਇਸ ਤਰ੍ਹਾਂ ਤੁਹਾਡਾ ਸੁਆਦੀ ਰਾਜਮਾਂਹ ਤਿਆਰ ਹੈ। ਇਸ ਨੂੰ ਹਰੇ ਧਨੀਏ ਨਾਲ ਗਾਰਨਿਸ਼ ਕਰੋ। ਤੁਸੀਂ ਰਾਜਮਾਂਹ ਨੂੰ ਰੋਟੀ ਜਾਂ ਚੌਲਾਂ ਨਾਲ ਖਾ ਸਕਦੇ ਹੋ।

## ਦੱਖਣੀ ਭਾਰਤ ਦਾ ਮਸ਼ਹੂਰ ਮੇਦੂ ਵੜਾ



**ਸਮੱਗਰੀ**

- ਉੜਦ ਦੀ ਦਾਲ - 1 ਕੱਪ
- ਸੁੱਕਾ ਨਾਰੀਅਲ - 1 ਚਮਚ
- ਚੌਲਾਂ ਦਾ ਆਟਾ - 1 ਚਮਚ
- ਅਦਰਕ ਬਾਰੀਕ ਕੱਟਿਆ - 1 ਚਮਚ
- ਹਿੰਗ - 1 ਚੂੰਡੀ
- ਕੱਟੀਆਂ ਹੋਈਆਂ ਹਰੀਆਂ ਮਿਰਚਾਂ - 2
- ਕਰੀ ਪੱਤੇ - 7-8
- ਧਨੀਆ ਪੱਤੇ ਕੱਟੇ ਹੋਏ - 2 ਚਮਚ
- ਤੇਲ - ਲੋੜ ਅਨੁਸਾਰ
- ਲੂਣ - ਸੁਆਦ ਅਨੁਸਾਰ

**ਬਣਾਉਣ ਦਾ ਤਰੀਕਾ :** ਮੇਦੂ ਵੜਾ ਬਣਾਉਣ ਲਈ ਸਭ ਤੋਂ ਪਹਿਲਾਂ ਉੜਦ ਦੀ ਦਾਲ ਲਓ ਅਤੇ ਇਸ ਨੂੰ ਪਾਣੀ 'ਚ ਭਿਓ ਕੇ ਘੱਟੋ-ਘੱਟ 3 ਘੰਟੇ ਲਈ ਰੱਖ ਦਿਓ। ਨਿਰਧਾਰਤ ਸਮੇਂ ਤੋਂ ਬਾਅਦ, ਦਾਲ 'ਚੋਂ ਪਾਣੀ ਕੱਢ ਕੇ ਮਿਕਸਰ ਦੀ ਮਦਦ ਨਾਲ ਪੀਸ ਕੇ ਪੇਸਟ ਬਣਾ ਲਓ। ਧਿਆਨ ਰਹੇ ਕਿ ਦਾਲ ਦਾ ਬਹੁਤ ਪਤਲਾ ਪੇਸਟ ਬਣਾਉਣ ਦੀ ਬਜਾਏ ਪੇਸਟ ਨੂੰ ਥੋੜ੍ਹਾ ਮੋਟਾ ਰੱਖੋ। ਹੁਣ ਇਸ ਪੇਸਟ ਨੂੰ ਕਟੋਰੀ 'ਚ ਕੱਢ ਲਓ ਅਤੇ ਇਕ ਪਾਸੇ ਰੱਖ ਦਿਓ। ਇਸ ਤੋਂ ਬਾਅਦ ਆਟੇ ਨੂੰ ਚੰਗੀ ਤਰ੍ਹਾਂ ਨਾਲ ਮਿਲਾਓ ਅਤੇ ਇਸ ਨੂੰ ਉਦੋਂ ਤੱਕ ਹਿਲਾਉਂਦੇ ਰਹੋ ਜਦੋਂ ਤੱਕ ਕਿ ਬੈਟਰ ਹਲਕਾ ਨਾ ਹੋ ਜਾਵੇ। ਇਸ ਤੋਂ ਬਾਅਦ ਇਸ ਵਿਚ ਕੱਟਿਆ ਹੋਇਆ ਅਦਰਕ, ਕੜੀ ਪੱਤਾ, ਹਰਾ ਧਨੀਆ, ਸੁੱਕਾ ਨਾਰੀਅਲ, ਹੀਂਗ, ਚੌਲਾਂ ਦਾ ਆਟਾ ਅਤੇ ਸਵਾਦ ਅਨੁਸਾਰ ਨਮਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰ ਲਓ। ਇੱਕ ਵਾਰ ਫਿਰ ਆਟੇ ਨੂੰ ਚੰਗੀ ਤਰ੍ਹਾਂ ਨਾਲ ਮਿਲਾਓ।

ਹੁਣ ਇੱਕ ਕੜਾਹੀ ਲੈ ਕੇ ਇਸ ਵਿੱਚ ਤੇਲ ਪਾ ਕੇ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਆਪਣੇ ਹੱਥਾਂ ਨੂੰ ਗਿੱਲਾ ਕਰੋ ਅਤੇ ਇੱਕ ਛੋਟਾ ਬਾਲ ਸਾਈਜ਼ ਬੈਟਰ ਲੈ ਕੇ ਪਹਿਲਾਂ ਗੋਲ ਕਰੋ, ਫਿਰ ਇਸ ਨੂੰ ਹਥੇਲੀ 'ਤੇ ਚਪਟਾ ਕਰੋ ਅਤੇ ਵਿਚਕਾਰ ਇੱਕ ਸੁਰਾਖ ਬਣਾ ਲਓ। ਇਸੇ ਤਰ੍ਹਾਂ ਆਟੇ ਤੋਂ ਮੇਦੂ ਵੜਾ ਤਿਆਰ ਕਰੋ। ਹੁਣ ਇਨ੍ਹਾਂ ਨੂੰ ਪੈਨ 'ਚ ਪਾ ਕੇ ਫਰਾਈ ਕਰੋ। ਮੇਦੂ ਵੜਾ ਨੂੰ ਮੱਧਮ ਅੱਗ 'ਤੇ ਤਲਣ ਦਿਓ। ਇਨ੍ਹਾਂ ਨੂੰ ਦੋਹਾਂ ਪਾਸਿਆਂ ਤੋਂ ਗੋਲਡਨ ਬਰਾਊਨ ਹੋਣ ਤੱਕ ਫਰਾਈ ਕਰੋ। ਜਦੋਂ ਮੇਦੂ ਕੁਰਕੁਰਾ ਹੋ ਜਾਵੇ ਤਾਂ ਇਨ੍ਹਾਂ ਨੂੰ ਵੱਖ ਪਲੇਟ 'ਚ ਕੱਢ ਲਓ। ਇਸੇ ਤਰ੍ਹਾਂ ਸਾਰੇ ਮੇਦੂ ਵੜੇ ਨੂੰ ਤਲ ਲਓ। ਨਾਸ਼ਤੇ ਲਈ ਸੁਆਦੀ ਮੇਦੂ ਵੜਾ ਤਿਆਰ ਹੈ। ਇਨ੍ਹਾਂ ਨੂੰ ਸਾਂਬਰ ਜਾਂ ਚਟਨੀ ਨਾਲ ਪਰੋਸੋ।

# ਤਕਨਾਲੋਜੀ ਟਾਈਮਜ਼

## 10 ਬਿਲੀਅਨ ਡਾਲਰ ਦੀ ਕੀਮਤ ਵਾਲੇ 'ਸਟਾਰਸ਼ਿਪ' ਨੂੰ ਲਾਂਚ ਕਰਨ ਦੀ ਤੀਜੀ ਕੋਸ਼ਿਸ਼ ਵੀ ਨਾਕਾਮ

ਵਿਸ਼ਵ ਦੇ ਸਭ ਤੋਂ ਧਨਾਢ ਵਿਅਕਤੀ ਐਲਨ ਮਸਕ ਦੀ ਕੰਪਨੀ SpaceX ਨੇ ਦੁਨੀਆ ਦੇ ਸਭ ਤੋਂ ਤਾਕਤਵਾਰ ਰਾਕੇਟ 'ਸਟਾਰਸ਼ਿਪ' ਦਾ 9ਵਾਂ ਟੈਸਟ 28 ਮਈ ਨੂੰ ਟੈਕਸਾਸ ਦੇ ਬੋਕਾ ਚਿਕਾ ਤੋਂ ਕੀਤਾ। ਲਾਂਚਿੰਗ ਦੇ ਕਰੀਬ ਅੱਧੇ ਘੰਟੇ ਬਾਅਦ ਰਾਕੇਟ ਬੇਕਾਬੂ ਹੋ ਗਿਆ ਤੇ ਧਰਤੀ ਦੇ ਵਾਤਾਵਰਨ ਵਿਚ ਦਾਖ਼ਲ ਹੁੰਦੇ ਹੀ ਤਬਾਹ ਹੋ ਗਿਆ। ਉਂਝ ਇਹ ਲਗਾਤਾਰ ਤੀਜੀ ਵਾਰ ਹੈ ਜਦੋਂਕਿ SpaceX ਦੇ ਰਾਕੇਟ 'ਸਟਾਰਸ਼ਿਪ' ਨੂੰ ਲਾਂਚ ਕਰਨ ਦੀ ਕੋਸ਼ਿਸ਼ ਅਸਫ਼ਲ ਰਹੀ ਹੈ। ਇਕ ਅੰਦਾਜ਼ੇ ਮੁਤਾਬਕ ਇਸ ਅਜ਼ਮਾਇਸ਼ 'ਤੇ ਕਰੀਬ 8.3 ਲੱਖ ਕਰੋੜ (10 ਬਿਲੀਅਨ ਡਾਲਰ) ਰੁਪਏ ਦਾ ਖਰਚਾ ਆਇਆ ਹੈ।



ਅਮਰੀਕਾ ਦੀ ਨਿੱਜੀ ਐਰੋਸਪੇਸ ਤੇ ਪੁਲਾੜ ਆਵਾਜਾਈ ਸੇਵਾ ਕੰਪਨੀ 'ਸ਼ਪਓਚਇਯ' ਨੇ ਸਟਾਰਸ਼ਿਪ ਨੂੰ ਮੁੜ ਤੋਂ ਲਾਂਚ ਕੀਤਾ ਸੀ, ਪਰ ਰਾਕੇਟ ਕੰਟਰੋਲ ਤੋਂ ਬਾਹਰ ਹੋ ਗਿਆ ਤੇ ਟੁੱਟ ਕੇ ਆਪਣੇ ਟੀਚੇ ਤੋਂ ਖੁੰਝ ਗਿਆ। ਟੈਕਸਾਸ ਦੇ ਦੱਖਣੀ ਸਿਰੇ 'ਤੇ 'ਸ਼ਪਓਚਇਣ' ਦੀ ਲਾਂਚ ਸਾਈਟ 'ਸਟਾਰਬੇਸ' ਤੋਂ 123 ਮੀਟਰ ਲੰਮੇ ਰਾਕੇਟ ਨੇ ਆਪਣੀ ਨੌਵੀਂ 'ਅਜ਼ਮਾਇਸ਼ੀ' ਉਡਾਨ ਭਰੀ। ਇਸ ਅਜ਼ਮਾਇਸ਼ ਮਗਰੋਂ ਕਈ ਨਕਲੀ ਉਪਗ੍ਰਹਿਆਂ ਨੂੰ ਛੱਡਣ ਦੀ ਉਮੀਦ ਕੀਤੀ ਗਈ ਸੀ, ਪਰ ਪੁਲਾੜ ਵਾਹਨ ਦਾ ਦਰਵਾਜ਼ਾ ਪੂਰੀ ਤਰ੍ਹਾਂ ਨਾਲ ਨਹੀਂ ਖੁੱਲ੍ਹਿਆ ਤੇ ਪ੍ਰੀਖਣ ਅਸਫ਼ਲ ਹੋ ਗਿਆ। ਇਸ ਮਗਰੋਂ ਰਾਕੇਟ ਪੁਲਾੜ ਵਿਚ ਘੁੰਮਦੇ ਹੋਏ ਬੇਕਾਬੂ ਹੋ ਕੇ ਹਿੰਦ ਮਹਾਸਾਗਰ ਵਿਚ ਡਿੱਗ ਕੇ ਤਬਾਹ ਹੋ ਗਿਆ। 'SpaceX' ਨੇ ਮਗਰੋਂ ਪੁਸ਼ਟੀ ਕੀਤੀ ਕਿ ਪੁਲਾੜ ਵਾਹਨ 'ਬੇਤਰਤੀਬੇ' ਤਰੀਕੇ ਨਾਲ ਟੁੱਟ ਕੇ ਫਟ ਗਿਆ। ਕੰਪਨੀ ਨੇ ਇਕ ਆਨਲਾਈਨ ਬਿਆਨ ਵਿਚ ਕਿਹਾ, ''ਟੀਮ ਡੇਟਾ ਦੀ ਸਮੀਖਿਆ ਜਾਰੀ ਰੱਖੇਗੀ ਤੇ ਅਗਲੇ ਪ੍ਰੀਖਣ ਦੀ ਦਿਸ਼ਾ ਵਿਚ ਕੰਮ ਕਰੇਗੀ।''

SpaceX ਦੇ ਮੁੱਖ ਕਾਰਜਕਾਰੀ ਅਧਿਕਾਰੀ (CEO) ਐਲਨ ਮਸਕ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਪਿਛਲੀ ਦੋ ਵਾਰ ਦੀਆਂ ਅਸਫ਼ਲਤਾਵਾਂ ਤੋਂ ਸਬਕ ਲੈਂਦਿਆਂ ਇਸ ਵਾਰ ਦੇ ਪ੍ਰੀਖਣ ਵਿਚ 'ਵੱਡਾ ਸੁਧਾਰ' ਕੀਤਾ ਗਿਆ ਸੀ। ਪਿਛਲੇ ਪ੍ਰੀਖਣ ਵਿਚ 'ਸਟਾਰਸ਼ਿਪ' ਦੇ ਵਾਹਨ ਦਾ ਮਲਬਾ ਐਟਲਾਂਟਿਕ ਦੇ ਉੱਤੇ ਸੜ ਕੇ ਨਸ਼ਟ ਹੋ ਗਿਆ ਸੀ। ਹਾਲੀਆ ਅਸਫ਼ਲਤਾ ਦੇ ਬਾਵਜੂਦ ਮਸਕ ਨੇ ਅੱਗੇ ਹੋਰ ਲਾਂਚ ਦਾ ਵਾਅਦਾ ਕੀਤਾ ਹੈ।

ਮਸਕ ਦੀ ਸਟਾਰਸ਼ਿਪ 'ਚੰਦਰਮਾ' ਤੇ ਮੰਗਲ ਦੀ ਯਾਤਰਾ ਲਈ ਭੇਜੀ ਜਾਵੇਗੀ ਤੇ ਇਹ ਪਹਿਲੀ ਵਾਰ ਹੈ ਜਦੋਂ ਲਾਂਚ ਲਈ ਮੁੜ ਵਰਤੇ ਗਏ ਬੂਸਟਰ ਦਾ ਇਸਤੇਮਾਲ ਕੀਤਾ ਗਿਆ ਸੀ। ਸਪੇਸਐਕਸ ਫਲਾਈਟ ਟਿੱਪਣੀਕਾਰ ਡੈਨ ਹਿਊਟ ਨੇ ਕਿਹਾ, ''ਇੱਕ ਸਮੇਂ ਬੂਸਟਰ ਨਾਲ ਸੰਪਰਕ ਟੁੱਟ ਗਿਆ ਅਤੇ ਪੁਲਾੜ ਵਾਹਨ ਟੁਕੜਿਆਂ ਵਿੱਚ ਟੁੱਟ ਕੇ ਮੈਕਸਿਕੋ ਦੀ ਖਾੜੀ ਵਿੱਚ ਡਿੱਗ ਗਿਆ ਜਦੋਂਕਿ ਪੁਲਾੜ ਯਾਨ ਹਿੰਦ ਮਹਾਸਾਗਰ ਵੱਲ ਵਧ ਰਿਹਾ ਸੀ। ਇਸ ਤੋਂ ਬਾਅਦ ਸ਼ਾਇਦ ਈਂਧਣ ਰਿਸਾਅ ਕਰਕੇ ਪੁਲਾੜ ਯਾਨ ਕੰਟਰੋਲ ਤੋਂ ਬਾਹਰ ਹੋ ਗਿਆ।''

## ਵਿਗਿਆਨੀਆਂ ਨੇ 20 ਸਾਲਾਂ ਦੀ ਨੀਂਦ ਤੋਂ ਜਾਗਿਆ ਵਿਸ਼ਾਲ ਬਲੈਕ ਹੋਲ ਖੋਜਿਆ

ਵਾਸ਼ਿੰਗਟਨ : ਵਿਗਿਆਨੀਆਂ ਨੇ ਇੱਕ ਅਸਾਧਾਰਣ ਖੋਜ ਵਿੱਚ ਇੱਕ ਵਿਸ਼ਾਲ ਬਲੈਕ ਹੋਲ ਦੀ ਖੋਜ ਕੀਤੀ ਹੈ, ਜੋ 20 ਸਾਲਾਂ ਦੀ ਨਿਸ਼ਕਿਰਿਆਤਾ ਤੋਂ ਬਾਅਦ ਜਾਗ ਗਿਆ ਹੈ। ਇਹ ਸੁਪਰਮੈਸਿਵ ਬਲੈਕ ਹੋਲ ਵਰਗੋ ਤਾਰਾਮੰਡਲ ਵਿੱਚ ਸਥਿਤ SDSS1335+0728 ਗਲੈਕਸੀ ਦੇ ਕੇਂਦਰ ਵਿੱਚ ਹੈ, ਜੋ ਧਰਤੀ ਤੋਂ ਲਗਭਗ 300 ਮਿਲੀਅਨ ਪ੍ਰਕਾਸ਼ ਸਾਲ ਦੂਰ ਹੈ। ਇਸ ਦੀ ਖੋਜ ਜ਼ਵਿੱਕੀ ਟਰਾਂਜ਼ੀਐਂਟ ਫੈਸਿਲਿਟੀ ਨੇ 2019 ਦੇ ਅਖੀਰ ਵਿੱਚ ਗਲੈਕਸੀ ਦੀ ਚਮਕ ਵਿੱਚ ਅਚਾਨਕ ਬਦਲਾਅ ਨੋਟਿਸ ਕਰਨ ਤੋਂ ਬਾਅਦ ਕੀਤੀ।

ਇਸ ਬਲੈਕ ਹੋਲ ਦਾ ਭਾਰ ਸੂਰਜ ਦੇ ਮੁਕਾਬਲੇ ਲਗਭਗ 10 ਲੱਖ ਗੁਣਾ ਹੈ। ਇਹ ਕੁਝ ਸਮੇਂ ਤੋਂ ਇਨਫਰਾਰੈੱਡ, ਆਪਟੀਕਲ, ਅਤੇ ਅਲਟਰਾਵਾਇਲਟ ਤਰੰਗਦੈਰਧਾਂ ਵਿੱਚ ਤੀਬਰ ਰੋਸ਼ਨੀ ਛੱਡ ਰਿਹਾ ਸੀ। ਪਿਛਲੇ ਸਾਲ, ਚਿਲੀ ਦੇ ਖਗੋਲ ਵਿਗਿਆਨੀਆਂ ਨੇ ਨੋਟਿਸ ਕੀਤਾ ਕਿ ਇਹ ਐਕਸ-ਰੇ ਦੀਆਂ ਤਰੰਗਾਂ ਵੀ ਨਿਕਲਣ ਲੱਗਾ ਹੈ, ਜੋ ਇਸ ਗੱਲ ਦਾ ਸੰਕੇਤ ਸੀ ਕਿ ਲਗਭਗ 20 ਸਾਲਾਂ ਦੀ ਸੁਸਤੀ ਤੋਂ ਬਾਅਦ ਇਹ ਬਲੈਕ ਹੋਲ ਜਾਗ ਰਿਹਾ ਹੈ।

ਇਸ ਦੇ ਜਾਗਣ ਤੋਂ ਬਾਅਦ, ਬਲੈਕ ਹੋਲ ਨੇ ਆਸਪਾਸ ਦੀ ਗੈਸ ਨੂੰ "ਖਾਣਾ" ਸ਼ੁਰੂ ਕਰ ਦਿੱਤਾ, ਜਿਸ ਨਾਲ ਗਲੈਕਸੀ ਇੱਕ ਸਰਗਰਮ ਗਲੈਕਟਿਕ ਨਿਊਕਲੀਅਸ (ਅਘਂ) ਵਾਲੀ ਗਲੈਕਸੀ ਬਣ ਗਈ। ਵਿਗਿਆਨੀਆਂ ਨੇ ਇਸ ਨੂੰ "ਐਨਸਕੀ" ਦਾ ਨਾਮਕਰਣ ਦਿੱਤਾ ਹੈ।

ਫਾਲੋ-ਅੱਪ ਮਾਪਾਂ ਅਨੁਸਾਰ, ਚਾਰ ਸਾਲ ਬੀਤਣ ਦੇ ਬਾਵਜੂਦ ਇਹ ਬਲੈਕ ਹੋਲ ਸ਼ਾਂਤ ਨਹੀਂ ਹੋਇਆ, ਜੋ ਸਭ ਤੋਂ ਚਮਕਦਾਰ ਸੁਪਰਨੋਵਾ ਫਲੇਰਜ਼ ਨਾਲੋਂ ਵੀ ਜ਼ਿਆਦਾ ਸਮਾਂ ਹੈ। ਹਾਲਾਂਕਿ, ਇਸ ਦੀ ਚਮਕ ਅਜੇ ਵੀ ਕਵੇਸਰਾਂ (quasars) ਨਾਲੋਂ ਘੱਟ ਹੈ।

ਅਧਿਐਨ ਦੀ ਮੁੱਖ ਲੇਖਕ ਪੌਲਾ ਸਾਂਚੇਜ਼ ਸਾਈਜ਼ ਨੇ ਕਿਹਾ, "ਕਲਪਨਾ ਕਰੋ ਕਿ ਤੁਸੀਂ ਸਾਲਾਂ ਤੋਂ ਇੱਕ ਦੂਰ ਦੀ ਗਲੈਕਸੀ ਦਾ ਨਿਰੀਖਣ ਕਰ ਰਹੇ ਹੋ ਅਤੇ ਇਹ ਹਮੇਸ਼ਾ ਸ਼ਾਂਤ ਅਤੇ ਨਿਸ਼ਕਿਰਿਆ ਜਾਪਦੀ ਸੀ। ਅਚਾਨਕ, ਇਸ ਦਾ ਕੇਂਦਰ ਚਮਕ ਵਿੱਚ ਨਾਟਕੀ ਬਦਲਾਅ ਦਿਖਾਉਣ ਲੱਗ ਪਿਆ, ਜੋ ਪਹਿਲਾਂ ਕਦੇ ਨਹੀਂ ਦੇਖਿਆ ਗਿਆ।" ਸਾਂਚੇਜ਼ ਨੇ ਸਭ ਤੋਂ ਪਹਿਲਾਂ ਇਸ ਵਿਸ਼ਾਲ ਬਲੈਕ ਹੋਲ ਦੀ ਸਰਗਰਮੀ ਨੂੰ ਨੋਟਿਸ ਕੀਤਾ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਮੌਕੇ ਦੀਆਂ ਗੱਪਾਂ



ਜਿਸ ਦਿਨ ਸੌਦਾ ਸਾਧ ਨੂੰ ਬਲਾਤਕਾਰ ਦੇ ਦੋਸ਼ ਤਾਹਿਤ ਅਦਾਲਤ ਨੇ ਦੋਸ਼ੀ ਮੰਨ ਕੇ ਜੇਲ੍ਹ ਭੇਜ ਦਿੱਤਾ, ਉਸ ਦਿਨ ਤੋਂ ਹੀ ਮੌਕੇ ਦੀਆਂ ਗੱਪ ਖ਼ਬਰਾਂ ਦਾ ਬਜ਼ਾਰ ਧੁੱਖਦਾ ਧੁੱਖਦਾ ਭਾਂਬੜ ਦੇ ਰੂਪ ਵਿੱਚ ਬਦਲ ਗਿਆ। ਰਾਮ ਰਹੀਮ ਸੌਦੇ ਸਾਧ ਦੇ ਜੇਲ੍ਹ ਪਹੁੰਚਦਿਆਂ ਹੀ ਮੌਕੇ ਦੀਆਂ ਗੱਪਾਂ ਪਿੰਡ 'ਚ ਲੱਗੇ ਲਾਊਡ ਸਪੀਕਰ ਵਾਂਗ ਸੁਣਾਈ ਦੇਣ ਲੱਗ ਪਈਆਂ। ਜਿੰਨੇ ਮੂੰਹ ਓਨੀਆਂ ਹੀ ਗੱਲਾਂ। ਕੋਈ ਕਹਿੰਦਾ 'ਸਾਧ ਦੇ ਘੋਚਰੇ ਕੱਢ 'ਤੇ। ਕੋਈ ਕਹਿੰਦਾ ਮੱਕੂ ਬੰਨ੍ਹ 'ਤਾ। ਕੋਈ ਕਹੀ ਜਾਂਦੈ ਪੂਜ 'ਤਾ ਹਰਦੁਆਰੀ ਸੰਖ ਆਂਗੂੰ। ਕੋਈ ਕੁਸ ਤੇ ਕੋਈ ਕੁਸ। ਜਿਵੇਂ ਕਹਿੰਦੇ ਹੁੰਦੇ ਹਨ ਕਿ 'ਫ਼ਲਾਨੇ ਨੂੰ ਕੁੱਟਿਆ ਘੱਟ ਤੇ ਘੜੀਸਿਆ ਬਾਹਲਾ'। ਉਸ ਗੱਲ ਵਾਂਗ ਸੌਦੇ ਸਾਧ ਪ੍ਰਤੀ ਗੱਲਾਂ ਘੱਟ ਤੇ ਅੰਧ ਵਿਸ਼ਵਾਸ਼ ਦੇ ਗੱਪ ਬਹੁਤੇ। ਗੱਪਾਂ ਦੇ ਚੁੱਟਲਕਿਆਂ ਦਾ ਨਾ ਤਾਂ ਅਜੇ ਤੱਕ ਕੁਝ ਬਣਿਐਂ ਤੇ ਨਾ ਹੀ ਕਦੇ ਕੁਝ ਨਿੱਬੜਿਆ। ਵੱਸ! ਐਵੇਂ ਜਾਭਾਂ ਦੇ ਭੇੜ। ਕੋਈ ਤਾਂ ਕਿਸੇ ਗੱਲ ਦੀ ਬਾਂਹ ਫੜ੍ਹ ਕੇ ਖਿੱਚੀ ਫਿਰਦੈ, ਕੋਈ ਲੱਤ ਫੜ੍ਹ ਕੇ ਘਟੀਸ ਰਿਹੈ। ਕਿਸੇ ਨੇ ਗੱਲ ਦਾ ਮੂੰਹ ਸਿਰ ਹੀ ਵਿਗਾੜ ਦਿੱਤਾ। ਜਿਵੇਂ ਕਿਸੇ ਨੂੰ ਕੁਝ ਸੁੱਝਦਾ ਅਗਲਾ ਓਵੇਂ ਕਹੀ ਜਾਂਦੈ।

ਸਕੂਲੋਂ ਛੁੱਟੀ ਕਰਕੇ ਸੱਥ ਕੋਲ ਦੀ ਲੰਘੇ ਜਾਂਦੇ ਨਵੇਂ ਮਾਸਟਰ ਬਣੇ ਗਿਆਨੀ ਜੱਸਾ ਸਿਉਂ ਦੇ ਮੁੰਡੇ ਜਗਪਾਲ ਨੂੰ ਪਿੰਡ ਦੀ ਸੱਥ 'ਚ ਬੈਠੇ ਬਾਬੇ ਪਾਖਰ ਸਿਉਂ ਨੇ ਬਜ਼ੁਰਗ ਅਵਸਥਾ 'ਚੋਂ ਆਵਾਜ਼ ਮਾਰੀ, ''ਪਾਲ! ਪੁੱਤ ਗੱਲ ਸੁਣ ਕੇ ਜਾਈਂ ਓਏ।''

ਬਾਬੇ ਪਾਖਰ ਸਿਉਂ ਦੀ ਆਵਾਜ਼ ਸੁਣਦੇ ਸਾਰ ਹੀ ਜਗਪਾਲ ਮਾਸਟਰ ਇੱਕ ਦਮ ਕੂਹਣੀ ਮੋੜ ਮੁੜ ਕੇ ਬਾਬੇ ਦੇ ਕੋਲ ਇਉਂ ਆ ਬੈਠਾ ਜਿਮੇਂ ਵੜੇਵਿਆਂ ਵਾਲੀ ਬੋਰੀ ਖੂੰਜੇ ਲਾ ਦਿੱਤੀ ਹੋਵੇ। ਸੱਥ ਵਾਲੇ ਥੜ੍ਹੇ 'ਤੇ ਬੈਠਦਿਆਂ ਹੀ ਜਗਪਾਲ ਬੋਲਿਆ, ''ਹਾਂ ਬਾਬਾ ਜੀ।''

ਬਾਬਾ ਕਹਿੰਦਾ, ''ਯਾਰ ਤੂੰ ਤਾਂ ਮਾਹਟਰ ਲੱਗਿਆਂ ਵਿਐਂ, ਤੈਨੂੰ ਤਾਂ ਖਬਰਾਂ ਖੁਬਰਾਂ ਮਿਲਦੀਆਂ ਹੋਣਗੀਆਂ, ਆਹ ਸੌਦੇ ਸਾਧ ਆਲੀ ਗੱਲ ਹੁਣ ਕਿੱਥੋਂ ਕੁ ਤੱਕ ਅੱਪੜੀ ਐ। ਸੁਣਿਐਂ ਉਹ ਜੇਲ੍ਹ 'ਚੋਂ ਕਹਿੰਦੇ ਚਿੜੀ ਬਣ ਕੇ ਨਿੱਕਲ ਗਿਆ, ਸੱਚੀ ਗੱਲ ਐ?''

ਬਾਬੇ ਦੀ ਗੱਲ ਸੁਣ ਕੇ ਮਾਸਟਰ ਮੁਸ਼ਕਣੀਆਂ ਹੱਸ ਕੇ ਕਹਿੰਦਾ, ''ਜਦੋਂ ਬਾਬਾ ਜੀ ਮੈਂ ਛੁੱਟੀ ਕਰਕੇ ਸਕੂਲੋਂ ਨਿੱਕਲਿਆ ਤਾਂ ਗਾਮੇ ਪ੍ਰੇਮੀ ਕਾ ਸੁੱਖਾ ਆਵਦੇ ਦਰਾਂ ਮੂਹਰੇ ਖੜ੍ਹਾ ਮੈਨੂੰ ਦੱਸਣ ਲੱਗ ਪਿਆ ਅਕੇ ਕੱਲ੍ਹ ਪਿਤਾ ਜੀ ਚਾਰ ਪੰਜ ਘੰਟੇ ਕਬੂਤਰ ਬਣ ਕੇ ਜੇਲ੍ਹ 'ਤੇ ਉੱਡਿਆ ਫਿਰਦਾ ਰਿਹੈ। ਜੇਲ੍ਹ ਵਾਲਿਆਂ ਦੇ ਭਾਅ ਦੀ ਬਣ ਗੀ ਬਈ ਬਾਬਾ ਗਿਆ ਕਿੱਥੇ। ਜੇਲ੍ਹ ਦੇ ਵੱਡੇ ਅਫ਼ਸਰਾਂ ਨੇ ਵੀ ਸਾਰੀ ਜੇਲ੍ਹ ਪੱਤ ਪੱਤ ਕਰਕੇ ਫਰੋਲ 'ਤੀ। ਅਕੇ ਜਦੋਂ ਬਾਬਾ ਥਿਆਇਆ ਨਾ, ਫੇਰ ਮੋਦੀ ਨੂੰ ਫੋਨ ਕੀਤਾ ਬਈ ਬਾਬਾ ਜੀ ਤਾਂ ਜੇਲ੍ਹ 'ਚੋਂ ਰੂਹ ਪੋਸ਼ ਹੋ ਗੇ, ਥਿਆਹ ਨ੍ਹੀ ਰਹੇ ਹੁਣ ਕੀ ਕਰੀਏ। ਅਕੇ ਮੋਦੀ ਕਹਿੰਦਾ 'ਉਹ ਤਾਂ ਮੇਰੇ ਕੋਲ ਬੈਠੇ ਐ। ਤੁਸੀਂ ਫਿਕਰ ਨਾ ਕਰੋ, ਦੋ ਕੁ ਘੰਟਿਆਂ ਤੱਕ ਆ ਜਾਂਦੇ ਐ। ਰੋਟੀ ਖੁਆ ਕੇ ਭੇਜੂੰਗਾ। ਲੈ ਦੱਸੋ, ਕੀ ਕਰੀਏ ਲੋਕਾਂ ਦਾ। ਅੰਧ ਵਿਸ਼ਵਾਸ਼ ਨ੍ਹੀ ਤਾਂ ਹੋਰ ਕੀਐ੍ਹ ਇਹੇ। ਇਹਨੂੰ ਮੌਕੇ ਦੀਆਂ ਗੱਪ ਖ਼ਬਰਾਂ ਕਹਿੰਦੇ ਐ ਬਾਬਾ ਜੀ।''

ਬੁੱਘਰ ਦਖਾਣ ਕਹਿੰਦਾ, ''ਸੁਰਜਨ ਬੁੜ੍ਹੇ ਦੀ ਨੂੰਹ ਵੀ ਬਾਹ.ਲੀ ਵੱਡੀ ਪ੍ਰੇਮਣ ਐ। ਉਹ ਪਤਾ ਕੀ ਬੋਲਦੀ ਐ, ਅਕੇ 'ਪਿਤਾ ਜੀ ਸੁਬ੍ਹਾ ਤਿੰਨ ਵਜੇ ਸਰਸੇ ਆ ਕੇ ਨਹਾ ਕੇ ਦਿਨ ਚੜ੍ਹਦੇ ਨੂੰ ਫੇਰ ਪਹੁੰਚ ਜਾਂਦੇ ਐ ਰੋਹਤਕ ਜੇਲ੍ਹ 'ਚ। ਜਦੋਂ ਨੂੰ ਦੂਜੇ ਕੈਦੀ ਜਾਗਦੇ ਐ, ਉਨ੍ਹਾਂ ਦੇ ਉੱਠਣ ਤੋਂ ਪਹਿਲਾਂ ਪਿਤਾ ਜੀ ਆਵਦੇ ਕਮਰੇ 'ਚ ਭਜਨ ਬੰਦਗੀ ਕਰੀ ਜਾਂਦੇ ਹੁੰਦੇ ਐ। ਲੈ! ਕਮਰਾ ਦੇ 'ਤਾ ਉਹਨੂੰ ਪੰਜ ਤਾਰਾ ਹੋਟਲ ਦਾ।''

ਰਤਨ ਸਿਉਂ ਸੂਬੇਦਾਰ ਟਿੱਚਰ 'ਚ ਕਹਿੰਦਾ, ''ਪੰਜ ਤਾਰਾ ਨ੍ਹੀ ਤਾਂ ਵੀਹ ਤਾਰਾ ਤਾਂ ਦੇ ਈ ਦਿੱਤਾ।''

ਪ੍ਰਤਾਪਾ ਭਾਊ ਕਹਿੰਦਾ, ''ਚੜ੍ਹਤੇ ਫੌਜੀ ਕਾ ਮੰਗੂ ਕਹੀ ਜਾਂਦਾ ਬਈ ਅਸਲੀ ਬਾਬਾ ਤਾਂ ਬਾਹਰਲੇ ਮੁਲਖ 'ਗਲੈਂਡ ਉਠ ਗਿਆ, ਜੇਲ੍ਹ 'ਚ ਤਾਂ ਨਕਲੀ ਬਾਬੇ ਨੂੰ ਤਾੜੀ ਬੈਠੇ ਐ। ਅਸਲੀ ਬਾਬਾ ਤਾਂ ਥਿਆਇਆ ਨ੍ਹੀ ਕਿਸੇ ਨੂੰ। ਲੈ ਦੱਸੋ ਹੁਣ ਕੀ ਬੁੱਝੀਏ?''

ਭਾਨੇ ਕਾ ਗੋਗੜ੍ਹੀ ਕਹਿੰਦਾ, ''ਨਾਲੇ ਕਹਿੰਦੇ ਬਾਬਾ ਕਦੇ ਸੱਪ ਬਣ ਜਾਂਦੈ, ਜਦੋਂ ਜੇਲ੍ਹ ਆਲੇ ਉਹਨੂੰ ਮਾਰਨ ਉਹਦੇ ਮਗਰ ਭੱਜਦੇ ਐ ਤਾਂ ਬਾਬਾ ਘੁੱਗੀ ਬਣ ਕੇ ਉੱਡ ਜਾਂਦੈ।'' ਗੱਲਾਂ ਸੁਣੀ ਜਾਂਦਾ ਬਜ਼ੁਰਗ ਆਤਮਾ ਸਿਉਂ ਹੱਸ ਕੇ ਕਹਿੰਦਾ, ''ਇਨ੍ਹਾਂ ਨੂੰ ਕਹੋ ਦੱਬੀ ਚੱਲੋ ਜਿਮੇਂ ਗੱਡੀ ਚੱਲਦੀ ਐ ਚਲਾਈ ਚੱਲੋ। ਪ੍ਰੇਮੀਆਂ ਦੀ ਤਾਂ ਘੀਰੂ ਅਮਲੀ ਆਲੀ ਗੱਲ ਐ। ਜਿਮੇਂ ਕਿਸੇ ਦੇ ਮੂੰਹ 'ਤੇ ਕੋਈ ਗੱਲ ਆਉਂਦੀ ਐ ਓਮੇਂ ਈ ਅਗਲਾ ਛੱਡੀ ਜਾਂਦੈ।''

ਪ੍ਰਤਾਪੇ ਭਾਊ ਨੇ ਆਤਮਾ ਸਿਉਂ ਨੂੰ ਪੁੱਛਿਆ, ''ਘੀਰੂ ਅਮਲੀ ਆਲੀ ਤਾਊ ਕਿਮੇਂ ਐਂ ਗੱਲ?''




ਆਤਮਾ ਸਿਉਂ ਕਹਿੰਦਾ, ''ਖਾਸੇ ਚਿਰ ਦੀ ਗੱਲ ਐ। ਸੋਹਲ ਪੱਤੀ ਆਲਾ ਘੀਰੂ ਅਮਲੀ ਕੇਰਾਂ ਬੰਬਾਰ ਹੋ ਗਿਆ। ਚੰਦ ਬਿੰਬਰ ਦਾ ਮੁੰਡਾ ਰੇਸ਼ਮ ਕਿਤੇ ਘੀਰੂ ਨੂੰ ਸ਼ੈਂਕਲ ਦੀ ਪਿਛਲੀ ਕਾਠੀ 'ਤੇ ਬਹਾ ਕੇ ਸ਼ਹਿਰ ਨੂੰ ਡਾਕਦਾਰ ਦੇ ਲੈ ਤੁਰਿਆ। ਘੀਰੂ ਨੇ ਅਮਲ ਭੋਰਾ ਵੱਧ ਖਾ ਲਿਆ। ਸ਼ਹਿਰ ਨੂੰ ਜਾਂਦਿਆਂ ਕਿਤੇ ਘੀਰੂ ਸ਼ੈਂਕਲ ਤੋਂ ਡਿੱਗ ਪਿਆ। ਰੇਸ਼ਮ ਨੂੰ ਪਤਾ ਨਾ ਲੱਗਿਆ ਬਈ ਘੀਰੂ ਰਾਹ ਚੀ ਡਿੱਗ ਪਿਆ ਕਿਤੇ। ਜਦੋਂ ਰੇਸ਼ਮ ਨੇ ਖਾਸੀ ਦੂਰ ਜਾ ਕੇ ਵੇਖਿਆ ਬਈ ਘੀਰੂ ਤਾਂ ਸ਼ੈਂਕਲ 'ਤੇ ਈ ਹੈ ਨ੍ਹੀ। ਉਹ ਪਿੱਛੇ ਮੁੜ ਪਿਆ ਘੀਰੂ ਨੂੰ ਭਾਲਣ। ਜਦੋਂ ਮੁੜੇ ਆਉਂਦੇ ਰੇਸ਼ਮ ਨੇ ਦੇਖਿਆ ਬਈ ਘੀਰੂ ਤਾਂ ਆਹ ਬੈਠੈ ਖਤਾਨਾਂ 'ਚ ਕਾਂਹੀ ਦੇ ਬੂਝੇ ਨੂੰ ਹੱਥ ਪਾਈ। ਰੇਸ਼ਮ ਸ਼ੈਂਕਲ ਖੜ੍ਹਾ ਕਰਕੇ ਘੀਰੂ ਅਮਲੀ ਨੂੰ ਕਹਿੰਦਾ 'ਐਥੇ ਕਿਮੇਂ ਬੈਠੈਂ ਓਏ। ਮੈਨੂੰ ਦੱਸਿਆ ਨ੍ਹੀ ਤੂੰ ਬਈ ਮੈਂ ਡਿੱਗ ਪਿਆਂ', ਅਕੇ ਘੀਰੂ ਨਸ਼ੇ ਦੀ ਲੋਰ 'ਚ ਰੇਸ਼ਮ ਨੂੰ ਕਹਿੰਦਾ 'ਦੱਬੀ ਚੱਲ ਤੂੰ, ਮੈਂ ਤਾਂ ਲੋਟ ਬੈਠੈਂ'। ਨਸ਼ੇ ਦੀ ਪੀਨਕ ਲੱਗੀ ਕਰਕੇ ਘੀਰੂ ਨੂੰ ਇਉਂ ਲੱਗਿਆ ਜਿਮੇਂ ਉਹ ਸ਼ੈਂਕਲ ਦੀ ਕਾਠੀ 'ਤੇ ਈ ਬੈਠਾ ਹੁੰਦੈ। ਬਿੰਬਰ ਦਾ ਮੁੰਡਾ ਘੀਰੂ ਨੂੰ ਕਹਿੰਦਾ 'ਸ਼ੈਂਕਲ 'ਤੇ ਕਿੱਥੇ ਬੈਠੈਂ, ਤੂੰ ਤਾਂ ਸਰ ਦੇ ਬੂਝੇ ਨੂੰ ਜੱਫਾ ਮਾਰੀ ਬੈਠੈਂ। ਉੱਠ ਸ਼ੈਂਕਲ 'ਤੇ ਬੈਠ'। ਰੇਸ਼ਮ ਕਹੀ ਜਾਵੇ 'ਤੂੰ ਬੈਠਾ ਕਿਮੇਂ ਐਂ', ਘੀਰੂ ਕਹੇ 'ਮੈਂ ਤਾਂ ਲੋਟ ਬੈਠਾਂ ਤੂੰ ਦੱਬੀ ਚੱਲ'। ਉਹ ਗੱਲ ਪ੍ਰੇਮੀਆਂ ਦੀ ਐ। ਜਿਮੇਂ ਕਿਸੇ ਨੂੰ ਕੋਈ ਗੱਪ ਸੁਝਦੀ ਐ, ਦੱਬੀ ਜਾਂਦੇ ਐ। ਕਿਹੜਾ ਕੋਈ ਪੁੱਛ ਦੱਸ ਐ ਜਾਂ ਕੋਈ ਟੈਕਸ ਲੱਗਦੈ।''

ਜੰਗੇ ਰਾਹੀ ਕਾ ਤੋਤੀ ਕਹਿੰਦਾ, ''ਮਕੰਦੇ ਬਾਵੇ ਕੀ ਬੁੜ੍ਹੀ ਕਹਿੰਦੀ 'ਜਦੋਂ ਜੇਲ੍ਹ ਦਾ ਲਾਂਗਰੀ ਪਿਤਾ ਜੀ ਵਾਸਤੇ ਰੋਟੀ ਤੇ ਦਾਲ ਭਾਜੀ ਲੈ ਕੇ ਜਾਂਦੇ ਐ ਤਾਂ ਪਿਤਾ ਜੀ ਰੋਟੀਆਂ ਦੇ ਕਦੇ ਤਾਂ ਮਸੋਸੇ ਬਣਾ ਕੇ ਖਾ ਲੈਂਦੇ ਐ। ਕਦੇ ਰੋਟੀਆਂ ਦੀ ਬਰਫੀ ਬਣਾ ਲੈਂਦੇ ਐ। ਜੇਲ੍ਹ ਆਲੇ ਜੋ ਮਰਜੀ ਦੇਈ ਜਾਣ, ਪਰ ਪਿਤਾ ਜੀ ਰੋਟੀਆਂ ਤੇ ਦਾਲ ਭਾਜੀ ਤੋਂ ਆਵਦੇ ਪਸੰਦ ਦਾ ਖਾਣਾ ਬਣਾ ਕੇ ਖਾ ਲੈਂਦੇ ਐ। ਅੰਬ ਦੇ 'ਚਾਰ ਦੀ ਇੱਕ ਫਾੜੀ ਤੋਂ ਪੂਰਾ ਸਾਬਤ ਅੰਬ ਬਣਾ ਲੈਂਦੇ ਐ। 'ਚਾਰ ਆਲੀਆਂ ਮਿਰਚਾਂ ਤੋਂ ਅਕੇ ਕੇਲੇ ਦੀਆਂ ਛੱਲੀਆਂ ਬਣਾ ਕੇ ਖਾ ਲੈਂਦੇ ਐ।''

ਮਦਨ ਪੰਡਤ ਕਹਿੰਦਾ, ''ਮੈਂ ਤਾਂ ਇਉਂ ਵੀ ਸੁਣਿਆਂ ਅਕੇ ਬਾਬਾ ਰਾਤ ਨੂੰ ਸੌਣ ਵੇਲੇ ਇੱਟਾਂ ਆਲੇ ਥੜ੍ਹੇ ਦਾ ਪਲੰਘ ਬਣਾ ਕੇ ਭੂਤਾਂ ਤੋਂ ਪੋਲੇ ਪੋਲੇ ਗੱਦੇ ਮੰਗਵਾ ਕੇ ਸੌਂਦੈ। ਜਦੋਂ ਨੂੰ ਦੂਜੇ ਕੈਦੀ ਉੱਠਦੇ ਐ, ਉਦੋਂ ਨੂੰ ਭੂਤਾਂ ਗੱਦੇ ਤੇ ਪਲੰਘ ਲੈ ਜਾਂਦੀਐ, ਰਾਤ ਨੂੰ ਸਾਉਣ ਵੇਲੇ ਫੇਰ ਮੰਗਵਾ ਲੈਂਦਾ। ਕੋਈ ਸਮਝ ਨ੍ਹੀ ਆਉਂਦੀ ਯਾਰ।''

ਜਾਗਰ ਸਿਉਂ ਠੇਕੇਦਾਰ ਕਹਿੰਦਾ, ''ਮੈਂ ਇਉਂ ਸੁਣਿਐਂ ਬਈ ਬਾਬੇ ਨੇ ਇੱਕ ਦਿਨ ਆਵਦੀ ਬੈਰਕ ਦਾ ਦਰਵਾਜਾ ਈ ਦੂਜੇ ਪਾਸੇ ਕਰ 'ਤਾ। ਜਦੋਂ ਜੇਲ੍ਹ ਆਲੇ ਓਧਰਲੇ ਪਾਸੇ ਦਰਵਾਜੇ ਵੱਲ ਗਏ ਤਾਂ ਫੇਰ ਤੀਜੇ ਪਾਸੇ ਕਰ 'ਤਾ। ਅਕੇ ਜਦੋਂ ਉਹ ਚਾਰੇ ਪਾਸੀਂ ਖੜ੍ਹ ਗੇ ਤਾਂ ਬਾਬੇ ਨੇ ਬੈਰਕ ਦਾ ਦਰਵਾਜਾ ਛੱਤ 'ਤੇ ਜਾ ਕੱਢਿਆ। ਕਹਿੰਦੇ ਬੈਰਕ ਨੂੰ ਇਉਂ ਘੁਮਾਈਂ ਫਿਰਦਾ ਜਿਮੇਂ ਜਰਗਾਮਾਂ ਦੀ ਰੋਸ਼ਨੀ 'ਤੇ ਚੰਡੋਲ ਘੁੰਮਦੀ ਹੁੰਦੀ ਐ।''

ਏਨੇ ਚਿਰ ਨੂੰ ਨਾਥਾ ਅਮਲੀ ਵੀ ਸੱਥ 'ਚ ਆ ਦੜਕਿਆ। ਬਾਬਾ ਪਾਖਰ ਸਿਉਂ ਨਾਥੇ ਅਮਲੀ ਨੂੰ ਕਹਿੰਦਾ, ''ਓਏ ਸਣਾ ਬਈ ਨਾਥਾ ਸਿਆਂ! ਕੀ ਸੁਣ ਸਣਾ ਕੇ ਆਇਐਂ ਸਰਸੇ ਆਲੇ ਬਾਬੇ ਬਾਰੇ?''

ਨਾਥਾ ਅਮਲੀ ਬਾਬੇ ਪਾਖਰ ਸਿਉਂ ਨੂੰ ਕੁਝ ਤੜ੍ਹ 'ਚ ਬੋਲਿਆ, ''ਬਾਬਾ ਤਾਂ ਬਾਬਾ ਨਾਨਕ ਈ ਸੀ ਬਾਬਾ ਪਾਖਰ ਸਿਆਂ। ਬਾਕੀ ਦੇ ਤਾਂ ਪਖੰਡੀ ਸਾਧ ਈ ਐ।''

ਮਾਹਲਾ ਨੰਬਰਦਾਰ ਕਹਿੰਦਾ, ''ਚੱਲ! ਸਰਸੇ ਆਲੇ ਬਾਰੇ ਦੱਸਦੇ ਕੀ ਹਾਲ ਐ ਉਹਦਾ ਜੇਲ੍ਹ 'ਚ। ਕਹਿੰਦੇ ਜੇਲ੍ਹ 'ਚੋਂ ਮੱਖੀ ਬਣ ਕੇ ਨਿੱਕਲ ਜਾਂਦਾ ਤੇ ਨਿੱਤ ਮੋਦੀ ਨਾਲ ਦਿੱਲੀਉਂ ਰੋਟੀ ਖਾ ਕੇ ਮੁੜਦੈ?''

ਨਾਥਾ ਅਮਲੀ ਟਿੱਚਰ 'ਚ ਕਹਿੰਦਾ, ''ਭਜਨੇ ਰਾਠ ਕੀ ਬੁੜ੍ਹੀ ਕਹੀ ਜਾਂਦੀ ਐ 'ਪਿਤਾ ਜੀ ਜੇਲ੍ਹ ਦੇ ਸਾਰੇ ਕੈਦੀਆਂ ਨੂੰ ਵਾਰੀ ਵਾਰੀ ਚਿੜੀਆਂ ਕਬੂਤਰ ਬਣਾ ਕੇ ਰਾਤ ਨੂੰ ਉਨ੍ਹਾਂ ਨੂੰ ਆਪੋ ਆਪਣੇ ਘਰੀਂ ਪਹੁੰਚਦਾ ਕਰ ਦਿੰਦੇ ਐ। ਤੜਕੇ ਨੂੰ ਹਾਜਰੀ ਲੱਗਣ ਵੇਲੇ ਨੂੰ ਸਾਰੇ ਫੇਰ ਹਾਜਰ ਹੁੰਦੇ ਐ। ਅਕੇ ਕੈਦੀ ਕਹਿੰਦੇ ਜਦੋਂ ਰੱਬ ਈ ਜੇਲ੍ਹ 'ਚ ਆ ਗਿਆ ਅਸੀਂ ਬਾਹਰ ਨਿੱਕਲ ਕੇ ਕੀ ਕਰਨਾ'।''

ਸੱਥ 'ਚ ਗੱਲਾਂ ਸੁਣੀ ਜਾਂਦਾ ਬਿਸ਼ਨੇ ਦਾ ਜੋਗਾ ਕਹਿੰਦਾ, ''ਇੱਕ ਫਿਲਮ ਜੀ 'ਚ ਇਹ ਸਾਧ ਕਹੀ ਜਾਂਦੈ 'ਜੀਹਨੇ ਗੇਅਰ ਕਢਾਉਣੈ ਕਢਾਅ ਲੋ ਅਸੀਂ ਲੋਕਾਂ ਦੇ ਗੇਅਰ ਈ ਕੱਢਣ ਆਏ ਆਂ। ਲੈ ਦੱਸ ਬਾਬਾ, ਲੋਕਾਂ ਦੇ ਗੇਅਰ ਕੱਢਦਾ ਕੱਢਦਾ ਆਵਦੇ ਈ ਗੇਅਰ ਕਢਵਾ ਕੇ ਬਹਿ।''

ਨਾਥਾ ਅਮਲੀ ਕਹਿੰਦਾ, ''ਗੰਡੇ ਭੋਲੇ ਕਾ ਜੰਟੀ ਦੱਸੇ, ਅਕੇ ਜਦੋਂ ਸਾਧ ਨੂੰ ਜੱਜ ਨੇ ਦੋਸ਼ੀ ਕਹਿ 'ਤਾ ਤਾਂ ਸਾਧ ਦੇ ਚੇਲਿਆਂ ਨੇ ਪੁਲਸ 'ਤੇ ਇੱਟਾਂ ਰੋੜੇ ਚਲਾਉਣੇ ਸ਼ੁਰੂ ਕਰ 'ਤੇ। ਓਧਰ ਪੁਲਸ ਨੇ ਵੀ ਕਸ 'ਤੀਆਂ ਫਿਰ ਨਬਜਾਂ। ਦੋਹਾਂ ਦੀ ਲੜਾਈ 'ਚ ਕਿਤੇ ਆਪਣੇ ਪਿੰਡ ਆਲੀ ਰੇਲੋ ਮਾਈ ਘਿਰ ਗੀ। ਜਦੋਂ ਤਾਂ ਪੁਲਸ ਦੀਆਂ ਡਾਂਗਾਂ ਪੈਣ ਲੱਗ ਜਾਣ ਤਾਂ ਰੇਲੋ ਸਾਧ ਦੇ ਚੇਲਿਆਂ ਵੱਲ ਨੂੰ ਭੱਜ ਲੇ। ਜਦੋਂ ਸਾਧ ਦੇ ਚੇਲਿਆਂ ਵੱਲੋਂ ਰੋੜੇ ਡਲ਼ਿਆਂ ਦਾ ਮੀਂਹ ਵਰਨ ਲੱਗ ਜੇ ਤਾਂ ਰੇਲੋ ਪੁਲਸ ਵੱਲ ਨੂੰ ਭੱਜ ਲੇ। ਰੇਲੋ ਮਾਈ ਵਿੱਚ ਵਚਾਲੇ ਫਸੀ ਗਾਂਹ ਪਛਾਂਹ ਨੂੰ ਇਉਂ ਭੱਜੀ ਫਿਰੇ ਜਿਮੇਂ ਸੈਦੋ ਆਲਾ ਰੂਪਾ ਕੌਡੀ ਖੇਡਦਾ ਓਨਾਂ ਈਂ ਗਾਂਹਾਂ ਨੂੰ ਭੱਜ ਲੈਂਦਾ ਸੀ ਤੇ ਓਦੂੰ ਬਾਹ.ਲਾ ਪਿਛਲ ਖੁਰੀ ਭੱਜਦਾ ਸੀ। ਅਕੇ ਰੇਲੋ ਦੋ ਢਾਈ ਘੈਂਟੇ ਸੈਦੋ ਆਲਾ ਰੂਪਾ ਈ ਬਣੀ ਫਿਰਦੀ ਰਹੀ, ਕਦੇ ਗਾਂਹ ਕਦੇ ਪਛਾਂਹ। ਹਾਰਕੇ ਜਦੋਂ ਦੋਹਾਂ ਪਾਸਿਆਂ ਤੋਂ ਕੁੱਟ ਖਾ ਕੇ ਡਿੱਗ ਪੀ, ਫੇਰ ਚੱਕ ਕੇ ਹੱਥਪਤਾਲ ਲੈ ਗੇ।''

ਬਾਬੇ ਪਾਖਰ ਸਿਉਂ ਨੇ ਪੁੱਛਿਆ, ''ਹੁਣ ਆ ਗੀ ਪਿੰਡ ਕੁ ਉੱਥੇ ਹੱਥਪਤਾਲ ਚੀ ਐ?''

ਸੀਤਾ ਮਰਾਸੀ ਕਹਿੰਦਾ, ''ਹੁਣ ਤਾਂ ਘਰੇ ਕੁਕੜੀ ਬਣੀ ਪਈ ਐ। ਹੁਣ ਸਾਧ ਦੇ ਨਾਂਅ ਤੋਂ ਇਉਂ ਡਰਦੀ ਐ ਜਿਮੇਂ ਚਿੱਕੜ 'ਚੋਂ ਨਿੱਕਲੇ ਗਾਰੇ ਨਾਲ ਲਿਬੜੇ ਸੂਰ ਤੋਂ ਕਤੂਰਾ ਡਰਦਾ ਹੁੰਦੈ।''

ਮਾਹਲੇ ਨੰਬਰਦਾਰ ਨੇ ਅਮਲੀ ਨੂੰ ਪੁੱਛਿਆ, ''ਕਿਉਂ ਅਮਲੀਆ! ਆਪਣੇ ਪਿੰਡ ਦੇ ਕਿਸੇ ਹੋਰ ਨੂੰ ਵੀ ਦੱਖੂ ਦਾਣਾ ਮਿਲਿਆ ਕੁ ਰੇਲੋ ਈ ਚੱਕ ਲਿਆਈ ਸਕਰ ਪਾਰਿਆਂ ਆਲਾ ਸਾਰਾ ਟੋਕਰਾ?''

ਅਮਲੀ ਕਹਿੰਦਾ, ''ਸਾਰੇ ਪਿੰਡ ਦੇ ਪ੍ਰੇਮੀਆਂ ਦੇ ਵੰਡੇ ਦੀ ਕੁੱਟ ਰੇਲੋ ਮਾਈ 'ਤੇ ਈ ਪੈ ਗੀ। ਹੁਣ ਮੂੰਹ ਸਿਰ ਇਉਂ ਵਲ੍ਹੇਟੀ ਪਈ ਐ ਜਿਮੇਂ ਮੱਝ ਦੇ ਜੜਾਂ 'ਚੋਂ ਟੁੱਟੇ ਸਿੰਗ 'ਤੇ ਕਾਲੇ ਤੇਲ ਨਾਲ ਭਿਉਂ ਕੇ ਬੋਰੀ ਬੰਨ੍ਹੀ ਹੁੰਦੀ ਐ ਬਈ ਕਿਤੇ ਕੀਤੇ ਨਾ ਪੈ ਜਾਣ।''

ਬਾਬਾ ਪਾਖਰ ਸਿਉਂ ਕਹਿੰਦਾ, ''ਚੱਲੋ ਖਾਂ ਯਾਰ ਫੇਰ ਤਾਂ ਪਤੇ ਸੁਤੇ ਨੂੰ ਈ ਜਾ ਆਈਏ। ਇੱਕ ਤਾਂ ਊਂ ਵਚਾਰੇ ਟੈਮ ਜਾ ਪਾਸ ਕਰਦੇ ਐ ਇੱਕ ਉੱਤੋਂ ਆਹ ਨਮੀਉਂ ਈ ਆਫਤ ਆ ਪਈ। ਚੱਲੋ ਉੱਠੋ ਚੱਲੀਏ।''

ਬਾਬੇ ਪਾਖਰ ਸਿਉਂ ਦਾ ਕਹਿਣਾ ਮੰਨ ਕੇ ਸੱਥ 'ਚ ਬੈਠੇ ਸਾਰੇ ਜਣੇ ਰੇਲੋ ਮਾਈ ਦੇ ਘਰ ਨੂੰ ਉਹਦਾ ਪਤਾ ਲੈਣ ਚੱਲ ਪਏ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey




# ਹਵਾ ਪ੍ਰਦੂਸ਼ਣ ਬਨਾਮ ਭਵਿੱਖ

ਲੇਖਕ : ਹਰਕੀਰਤ ਕੌਰ
ਸੰਪਰਕ : 9779118066

ਧਰਤੀ ਦੇ ਰਚਨਹਾਰੇ ਨੇ ਕਿੰਨੀ ਸੋਹਣੀ ਰਚਨਾ ਕੀਤੀ ਹੈ, ਕਿੰਨੇ ਸੋਹਣੇ ਪਹਾੜ, ਦਰੱਖਤ,ਝਿਲਮਿਲ ਕਰਦੇ ਪਾਣੀ ਦੇ ਝਰਨੇ, ਨਦੀਆਂ,ਦਰਿਆ , ਨੀਲੇ ਸਮੁੰਦਰ,ਹਜ਼ਾਰਾਂ ਕਿਸਮ ਦੇ ਜਲ ਤੇ ਥਲ ਉੱਤੇ ਰਹਿਣ ਵਾਲੇ ਜੀਵ ਜੰਤੂ , ਚਿਹਚਕਾਉਂਦੀਆ ਕਈ ਤਰ੍ਹਾਂ ਦੀਆਂ ਚਿੜੀਆਂ, ਦਿਲ ਟੁੰਬਵੀਂ ਅਵਾਜ਼ ਵਾਲੇ ਪੰਛੀ , ਪਤਾ ਨਹੀਂ ਕਿੰਨੀ ਤਰ੍ਹਾਂ ਦੇ ਫਲ ਤੇ ਰੰਗ ਬਿਰੰਗੇ ਫੁੱਲ ਜੋ ਚਾਰ ਚੁਫ਼ੇਰੇ ਮਹਿਕਾਂ ਬਿਖੇਰਦੇ ਹਨ । ਚੰਦ ਸੂਰਜ ਦੇ ਰੂਪ ਵਿੱਚ ਰੌਸ਼ਨੀ ਦੇ ਦੋ ਦੀਵੇ , ਕਿਤੇ ਬਰਫ਼ ਨਾਲ ਲੱਧੇ ਪਹਾੜ ਤੇ ਕਿਤੇ ਸੜਦੀ ਰੇਤਾ ਵਾਲਾ ਰੇਗਿਸਤਾਨ। ਇੱਕ ਅਜਿਹੀ ਰਚਨਾ ਜਿਸ ਦਾ ਕੋਈ ਅੰਤ ਨਹੀਂ ਪਾ ਸਕਦਾ। ਮਨੁੱਖ ਨੂੰ ਇਸ ਧਰਤੀ ਦਾ ਸਰਵਸ਼੍ਰੇਸ਼ਟ ਜੀਵ ਮੰਨਿਆ ਜਾਂਦਾ ਹੈ , ਕਿਉਂ ਇਸ ਵਿੱਚ ਚੀਜ਼ਾਂ ਨੂੰ ਸਮਝਣ, ਵਰਤਣ ਦੀ ਪਰਖ ਹੋਰਨਾਂ ਜੀਵਾਂ ਨਾਲੋਂ ਜਿਆਦਾ ਹੈ। ਕਾਦਰ ਦੀ ਕੁਦਰਤ ਦੇ ਅਨੌਖੇ ਝਲਕਾਰਿਆ ਨੂੰ ਮਾਨਣਾ ਮਨੁੱਖ ਦੀ ਕੁਦਰਤ ਨਾਲ ਨੇੜਤਾ ਨੂੰ ਵਧਾਉਂਦਾ ਹੈ। ਕੁਦਰਤ, ਵਾਤਾਵਰਣ ਸਾਡੇ ਜੀਵਨ ਦਾ ਸਭ ਤੋਂ ਮਹੱਤਵਪੂਰਣ ਅੰਗ ਹਨ। ਅੱਜ ਮਨੁੱਖ ਨੇ ਏਨੀ ਤਰੱਕੀ ਕਰ ਲਈ ਹੈ ਕਿ ਮਨੁੱਖ ਧਰਤੀ ਤੋਂ ਇਲਾਵਾ ਹੋਰਨਾਂ ਗ੍ਰਹਿਾਂ ਤੇ ਵੀ ਜੀਵਨ ਨੂੰ ਸੰਭਵ ਬਣਾਉਣ ਵਿੱਚ ਜੁਟਿਆ ਹੈ। ਪਰ ਇਸ ਤਰੱਕੀ ਦੇ ਰਾਹ ਤੇ ਚੱਲਦਿਆਂ ਮਨੁੱਖ ਨੇ ਪਤਾ ਨਹੀਂ ਕਿੰਨੇ ਜੀਵਨਾਂ ਨੂੰ ਜੋਖਮ ਵਿੱਚ ਧਕੇਲ ਦਿੱਤਾ ਹੈ, ਮਨੁੱਖ ਦੀ ਤਰੱਕੀ ਦਾ ਰਾਹ ਕੁਦਰਤ ਦੀ ਨਿਖੇਧੀ ਦੇ ਰਸਤੇ ਵਿੱਚੋਂ ਹੋਕੇ ਗੁਜ਼ਰਿਆ ਹੈ। ਪਿਛਲੇ ਕੁਝ ਸਮੇਂ ਤੋਂ ਵਾਤਾਵਰਣ ਵਿੱਚ ਅਜਿਹੀਆਂ ਤਬਦੀਲੀਆਂ ਆਈਆਂ ਕਿ ਮਨੁੱਖੀ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਜਿਸ ਦੀ ਸਭ ਤੋਂ ਵੱਡੀ ਉਦਾਹਰਣ ਹਵਾ, ਪਾਣੀ, ਮਿੱਟੀ ਪ੍ਰਦੂਸ਼ਣ ਕਰਕੇ ਵਧੀਆਂ ਲਾਇਲਾਜ਼ ਬਿਮਾਰੀਆਂ ਹਨ। ਜਦੋਂ ਅਸੀਂ ਕਿਸੇ ਆਪਣੇ ਕਿਸੇ ਨਜ਼ਦੀਕੀ ਦੀ ਬਿਮਾਰੀ ਜਾਂ ਮੌਤ ਬਾਰੇ ਸੁਣਦੇ ਹਾਂ ਤਾਂ ਅਸੀਂ ਬਹੁਤ ਭਾਵੁਕਤਾ ਨਾਲ ਭਰ ਜਾਂਦੇ ਹਾਂ ਪਰ ਜਦੋਂ ਹਜ਼ਾਰਾਂ ਲੋਕੀਂ ਵਾਤਾਵਰਣ ਪ੍ਰਦੂਸ਼ਣ ਨਾਲ ਬਿਮਾਰ ਤੇ ਅਪਾਹਿਜ ਹੁੰਦੇ ਹਨ ਤਾਂ ਸਾਡੇ ਮੱਥੇ ਤੇ ਸ਼ਿਕਨ ਘੱਟ ਹੀ ਵੇਖਣ ਨੂੰ ਮਿਲਦੀ ਹੈ। ਅਸੀਂ ਵਾਤਾਵਰਣ ਦੀ ਸਾਂਭ ਸੰਭਾਲ ਪ੍ਰੀ ਬਿਲਕੁਲ ਵੀ ਜਾਗਰੂਕ ਨਹੀਂ ਹਾਂ।

ਭਾਵੇਂ ਪ੍ਰਦੂਸ਼ਣ ਦੀ ਹਰ ਕਿਸਮ ਹਾਨੀਕਾਰਕ ਹੈ ਪਰ ਹਵਾ ਪ੍ਰਦੂਸ਼ਣ ਅੱਜ ਸਭ ਤੋਂ ਘਾਤਕ ਰੂਪ ਅਖ਼ਤਿਆਰ ਕਰ ਚੁੱਕਾ ਹੈ। ਵਿਸ਼ਵ ਸਿਹਤ ਸੰਗਠਨ ਦੁਆਰਾ ਕੀਤੇ ਗਏ ਸਰਵੇਖਣਾਂ ਅਤੇ ਨੈਸ਼ਨਲ ਅਕੈਡਮੀ ਆਫ਼ ਸਾਈਂਸਿਜ਼' ਵਿੱਚ ਪ੍ਰਕਾਸ਼ਿਤ ਅਧਿਐਨ ਮੁਤਾਬਕ "ਸਾਡੇ ਕੋਲ ਇਸ ਗੱਲ ਦਾ ਸਬੂਤ ਹੈ ਕਿ ਮੌਖਿਕ ਟੈਸਟਾਂ 'ਤੇ ਹਵਾ ਦੇ ਪ੍ਰਦੂਸ਼ਣ ਦਾ ਅਸਰ ਉਮਰ ਵੱਧਣ 'ਤੇ ਵਧੇਰੇ ਹੁੰਦਾ ਹੈ, ਖ਼ਾਸ ਤੌਰ 'ਤੇ ਮਰਦਾਂ ਅਤੇ ਘੱਟ ਪੜ੍ਹੇ ਲਿਖੇ ਲੋਕਾਂ 'ਉੱਪਰ" । ਅਧਿਐਨ ਮੁਤਾਬਕ ਪ੍ਰਦੂਸ਼ਣ ਅਲਜ਼ਾਈਮਰ ਅਤੇ ਡਿਮੈਨਸ਼ੀਆ ਵਰਗੀਆਂ ਬੀਮਾਰੀਆਂ ਦੇ ਖ਼ਤਰੇ ਨੂੰ ਵਧਾਉਂਦਾ ਹੈ।ਇਸ ਤੋਂ ਇਲਾਵਾ 2010-2014 ਵਿੱਚ ਲੜਕੇ ਅਤੇ ਲੜਕੀਆਂ ਉੱਪਰ ਕੀਤੇ ਇੱਕ ਸਰਵੇਖਣ ਤੋਂ ਪਤਾ ਲੱਗਾ ਕਿ ਪ੍ਰਦੂਸ਼ਣ ਦਾ ਵਿਦਿਆਰਥੀਆਂ ਦੀ ਸੋਚਣ-ਸਮਝਣ ਦੀ ਸ਼ਕਤੀ 'ਤੇ ਮਾੜਾ ਅਸਰ ਪੈਂਦਾ ਹੈ। ਹਵਾ ਪ੍ਰਦੂਸ਼ਣ ਕਾਰਨ ਹਰ ਸਾਲ 7 ਮਿਲੀਅਨ ਲੋਕਾਂ ਦੀ ਮੌਤ ਹੁੰਦੀ ਹੈ। ਦੁਨੀਆ ਭਰ ਵਿੱਚ 2016 ਵਿੱਚ ਹਵਾ ਪ੍ਰਦੂਸ਼ਣ ਕਾਰਨ 4.2 ਮਿਲੀਅਨ ਮੌਤਾਂ ਹੋਈਆਂ। 91% ਦੁਨੀਆ ਦੀ ਆਬਾਦੀ ਅਜਿਹੇ ਵਾਤਾਵਰਨ ਵਿੱਚ ਰਹਿੰਦੀ ਹੈ ਜਿੱਥੇ ਹਵਾ ਦੀ ਗੁਣਵੱਤਾ ਵਿਸ਼ਵ ਸਿਹਤ ਸੰਗਠਨ ਦੇ ਤੈਅ ਮਾਪਦੰਡਾਂ ਤੋਂ ਵੱਧ ਹਨ। ਜੇਕਰ ਗੱਲ ਭਾਰਤ ਦੀ ਕੀਤੀ ਜਾਵੇ ਤਾਂ ਭਾਰਤ ਦੇ 14 ਸ਼ਹਿਰ ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਹਨ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਦੁਨੀਆ ਵਿੱਚ 10 ਵਿੱਚੋਂ 9 ਲੋਕ ਪ੍ਰਦੂਸ਼ਣ ਵਾਲੀ ਹਵਾ ਵਿੱਚ ਸਾਹ ਲੈਂਦੇ ਹਨ। ਇਹਨਾਂ ਕੁਝ ਸਰਵੇਖਣਾਂ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਹਵਾ ਪ੍ਰਦੂਸ਼ਣ ਨੂੰ ਤਬਦੀਲੀਯੋਗ ਖ਼ਤਰੇ ਵਜੋਂ ਦੇਖਿਆ ਜਾ ਸਕਦਾ ਹੈ।

ਜੇਕਰ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਤੋਂ ਅਗਵਾਈ ਲਈਏ ਤਾਂ ਗੁਰਬਾਣੀ ਨੇ ਬਨਸਪਤੀ ਦੀ ਸਾਂਭ ਸੰਭਾਲ ਦੀ ਖਾਸ ਤਾਕੀਦ ਕੀਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਿਆਦਾ ਬਾਣੀ ਵਿੱਚ ਕੁਦਰਤ, ਬਨਸਪਤੀ ਦਾ ਜ਼ਿਕਰ ਹੋਇਆ ਹੈ। ਗੁਰੂ ਸਾਹਿਬ ਨੇ ਹਵਾ, ਪਾਣੀ,ਧਰਤ ਨੂੰ ਗੁਰੂ, ਪਿਤਾ, ਮਾਤਾ ਖਾਸ ਰੁਤਬਿਆਂ ਨਾਲ ਨਿਵਾਜਿਆ ਹੈ । ਪਰ ਮਨੁੱਖ ਹੈ ਕਿ ਆਪਣੀ ਜ਼ਿੰਮੇਵਾਰੀ ਤੋਂ ਅਵੇਸਲਾ ਹੋਇਆ ਅੰਨ੍ਹੇਵਾਹ ਕੁਦਰਤ ਦਾ ਘਾਣ ਕਰ ਰਿਹਾ ਹੈ। ਸਾਡੀਆਂ ਕੁਦਰਤ ਦੀ ਸਾਂਭ ਸੰਭਾਲ ਨੂੰ ਲੈਕੇ ਇਹ ਅਣਗਹਿਲੀਆਂ ਸਾਡਾ ਅਤੇ ਆਉਣ ਵਾਲੀਆਂ ਹੋਰ ਪੀੜੀਆਂ ਦੇ ਜੀਵਨ ਨੂੰ ਵਿਨਾਸ਼ ਵੱਲ ਧਕੇਲ ਦੇਣਗੀਆਂ। ਅੱਜ ਅਸੀਂ ਪੱਥਰਾਂ ਦੇ ਘਰਾਂ , ਸ਼ਹਿਰਾਂ ਦੇ ਵਸਨੀਕ ਬਣ ਬਣਾਉਟੀ ਫੁੱਲਾਂ, ਗੁਲਦਸਤਿਆਂ ਵਿਚੋਂ ਮਹਿਕਾਂ ਲੱਭਣ ਵਿੱਚ ਜੁਟੇ ਹੋਏ ਹਾਂ ਅਤੇ ਕੁਦਰਤ ਦੀ ਅਹਿਮੀਅਤ ਨੂੰ ਅੱਖੋਂ ਪਰੋਖਾ ਕਰ ਰਹੇ ਹਾਂ।

ਅੱਜ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਣ ਬਣੇ ਡੀਜਲ ਤੋਂ ਚੱਲਦੇ ਵਾਹਨ, ਫੈਕਟਰੀਆਂ ਵਿਚੋਂ ਨਿਕਲਦਾ ਦੂਸ਼ਿਤ ਧੂੰਆਂ, ਫਸਲਾਂ ਦੀ ਰਹਿਦ ਖੂੰਹਦ ਨੂੰ ਲੱਗਦੀਆਂ ਅੱਗਾਂ ਤੇ ਅੰਨ੍ਹੇਵਾਹ ਹੋ ਰਹੀ ਰੁੱਖਾਂ ਦੀ ਕਟਾਈ ਹੈ। ਇੱਕ ਛੋਟਾ ਜਿਹਾ ਪੌਦਾ ਰੁੱਖ ਬਣਨ ਵਿੱਚ ਕਿੰਨੇ ਵਰ੍ਹੇ ਲੈਂਦਾ ਹੈ, ਪਰ ਸਾਡੀ ਅਖੌਤੀ ਤਰੱਕੀ ਦੇ ਨਾਮ ਤੇ ਲੋੜ ਪੈਣ ਤੇ ਕਿਸੇ ਨਵੀਂ ਇਮਾਰਤ ਨੂੰ ਬਣਾਉਣ ਲਈ ਜੇ. ਸੀ. ਬੀ ਦੇ ਜਬਾੜੇ ਵਿੱਚ ਰੁੱਖ ਨੂੰ ਪਾ ਦੁੱਧ ਚ ਪਈ ਮੱਖੀ ਵਾਂਗ ਪੁੱਟ ਕੇ ਸੁੱਟ ਦਿੱਤਾ ਜਾਂਦਾ ਹੈ।

ਹਾਲੇ ਵੀ ਸਮਾਂ ਹੈ, ਸਮੇਂ ਦੀ ਨਜ਼ਾਕਤ ਨੂੰ ਸਮਝੀਏ ਅਤੇ ਕੁਦਰਤੀ ਸਾਧਨਾਂ ਦੀ ਵਰਤੋਂ ਪ੍ਰੀ ਸੁਚੇਤ ਹੋਈਏ। ਹਵਾ, ਪਾਣੀ ਤੇ ਧਰਤ ਨੂੰ ਬਚਾ ਲਈਏ। ਸੁਗੰਧਾਂ ਭਰੀ ਠੰਡੀ ਹਵਾ, ਅੰਮ੍ਰਿ ਵਰਗਾ ਪਾਣੀ ਸਾਨੂੰ ਕੁਦਰਤ ਨੇ ਮੁਫ਼ਤ ਦਿੱਤਾ ਹੈ, ਇਸਦੀ ਕਦਰ ਕਰੀਏ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਸਾਡੀਆਂ ਆਉਣ ਵਾਲੀਆਂ ਪੀੜੀਆਂ ਲਈ ਦੂਸ਼ਿਤ ਹਵਾ ਵਿੱਚ ਸਾਹ ਲੈਣਾ ਮੁਸ਼ਕਲ ਹੋ ਜਾਵੇਗਾ ਅਤੇ ਉਹਨਾਂ ਦਾ ਜੀਵਨ ਦੁੱਭਰ ਹੋ ਜਾਵੇਗਾ ।ਕੁਝ ਜਿਆਦਾ ਨਹੀਂ ਤਾਂ ਹਰ ਘਰ ਵਿੱਚ ਜਿੰਨੇ ਪਰਿਵਾਰ ਦੇ ਮੈਂਬਰ ਹਨ , ਆਪਣੇ ਸਾਹ ਲੈਣ ਲਈ ਆਪਣੇ ਹਿੱਸੇ ਦਾ ਇੱਕ ਇੱਕ ਰੁੱਖ ਜਰੂਰ ਲਾਉਣ, ਕਿਉਂਕਿ ਰੁੱਖ ਹਵਾ ਨੂੰ ਸਾਫ਼ ਤੇ ਸ਼ੁੱਧ ਕਰਨ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਉਂਦੇ ਹਨ। ਬਨਸਪਤੀ ਨਾਲ ਪਿਆਰ ਤੇ ਇਸਦੀ ਸਾਂਭ ਸੰਭਾਲ ਹੀ ਸਾਡੇ ਕੋਲ ਇੱਕ ਮਾਤਰ ਰਸਤਾ ਹੈ ਜਿਸ ਨਾਲ ਅਸੀਂ ਆਉਣ ਵਾਲੀਆਂ ਪੀੜੀਆਂ ਦਾ ਜੀਵਨ ਬਚਾ ਸਕਦੇ ਹਾਂ।

# ਦਿਮਾਗ ਦੇ ਦੌਰੇ ਤੋਂ ਸਾਵਧਾਨ ਰਹੋ



ਪ੍ਰਸਿੱਧ ਦਿਮਾਗ ਦੇ ਰੋਗਾਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਿਮਾਰੀ ਅਕਸਰ 40 ਸਾਲ ਤੋਂ ਉੱਪਰ ਦੇ ਲੋਕਾਂ ਵਿਚ ਜ਼ਿਆਦਾ ਪਾਈ ਗਈ ਹੈ ਅਤੇ ਇਸ ਦਾ ਇਕ ਲੱਛਣ ਹੋ ਸਕਦਾ ਹੈ ਯਾਦਾਸ਼ਤ ਖ਼ਤਮ ਹੋਣਾ ਜਾਂ ਘੱਟ ਹੋਣਾ। ਜੇ ਤੁਹਾਨੂੰ ਯਾਦਾਸ਼ਤ ਖ਼ਤਮ ਹੋਣ ਜਾਂ ਘੱਟ ਹੋਣ ਦੇ ਜ਼ਿਆਦਾ ਦੌਰੇ ਪੈ ਰਹੇ ਹਨ ਤਾਂ ਤੁਹਾਨੂੰ ਇਸ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ।

ਇਸ ਦੇ ਕਾਰਨ ਲਗਪਗ ਉਹੀ ਹਨ, ਜੋ ਦਿਲ ਦਾ ਦੌਰੇ ਪੈਣ ਦੇ ਹੁੰਦੇ ਹਨ, ਜਿਵੇਂ ਜ਼ਿਆਦਾ ਤੇਲਯੁਕਤ ਭੋਜਨ, ਜ਼ਿਆਦਾ ਮਾਸਾਹਾਰੀ ਭੋਜਨ, ਸਰੀਰ ਨੂੰ ਸੁਸਤ ਰੱਖਣ ਦੀ ਆਦਤ, ਸਿਗਰਿਟ ਜ਼ਿਆਦਾ ਪੀਣਾ, ਜ਼ਿਆਦਾ ਸ਼ਰਾਬ ਪੀਣਾ ਆਦਿ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਭਾਰਤ ਵਿਚ ਇਹ ਖਾਮੋਸ਼ ਦਿਮਾਗ ਦੇ ਦੌਰੇ ਜ਼ਿਆਦਾ ਘੱਟ ਉਮਰ ਵਾਲੇ ਲੋਕਾਂ ਨੂੰ ਵੀ ਪੈਣ ਲੱਗੇ ਹਨ ਅਤੇ ਅਜਿਹੇ ਦੌਰਿਆਂ ਵਿਚ ਹੌਲੀ-ਹੌਲੀ ਤੁਹਾਡੀ ਬੁੱਧੀ ਘੱਟ ਹੁੰਦੀ ਜਾਂਦੀ ਹੈ।

ਵਧਦਾ ਤਣਾਅ ਵੀ ਇਸ ਬਿਮਾਰੀ ਦੇ ਵਧਣ ਦਾ ਕਾਰਨ ਹੈ। ਜਾਣੇ-ਪਛਾਣੇ ਮਨੋਰੋਗ ਮਾਹਿਰਾਂ ਡਾਕਟਰ ਨਾਗਪਾਲ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕੋਲ ਕਈ ਅਜਿਹੇ ਬਿਮਾਰ ਲੋਕ ਆਏ, ਜਿਹੜੇ ਜ਼ਿਆਦਾ ਤਣਾਅ ਵਿਚ ਸਨ। ਤਣਾਅਗ੍ਰਸਤ ਹੋਣ ਕਾਰਨ ਉਨ੍ਹਾਂ ਦਾ ਖ਼ੂਨ ਦਾ ਦਬਾਅ ਵਧ ਗਿਆ ਸੀ ਅਤੇ ਇਸੇ ਕਾਰਨ ਉਨ੍ਹਾਂ ਦੇ ਦਿਮਾਗ ਵਿਚ ਵੀ ਨੁਕਸ ਪਾਇਆ ਗਿਆ ਸੀ। ਜੇ ਇਸ ਬਿਮਾਰੀ ਬਾਰੇ ਛੇਤੀ ਪਤਾ ਲੱਗ ਜਾਵੇ ਤਾਂ ਦਿਮਾਗ ਨੂੰ ਜ਼ਿਆਦਾ ਨੁਕਸਾਨ ਪਹੁੰਚਣ ਤੋਂ ਰੋਕਿਆ ਜਾ ਸਕਦਾ ਹੈ।

ਜੇ 40-50 ਸਾਲ ਦੀ ਉਮਰ ਦੇ ਲੋਕਾਂ ਵਿਚ ਜ਼ਿਆਦਾ ਤਣਾਅ ਨਜ਼ਰ ਆਵੇ ਅਤੇ ਉਹ ਗੁੰਮਸੁੰਮ, ਇਕੱਲੇ ਅਤੇ ਉਦਾਸੀ ਦੇ ਸ਼ਿਕਾਰ ਹੋਣ ਤਾਂ ਉਨ੍ਹਾਂ ਨੂੰ ਸਿਰਫ ਮਾਨਸਿਕ ਤੌਰ 'ਤੇ ਬਿਮਾਰ ਨਾ ਸਮਝੋ। ਉਨ੍ਹਾਂ ਦੀ ਸਹੀ ਜਾਂਚ ਕਰਵਾਓ, ਜਿਸ ਨਾਲ ਪਤਾ ਲੱਗੇ ਕਿ ਕਿਤੇ ਉਨ੍ਹਾਂ ਨੂੰ ਦਿਮਾਗ ਦਾ ਦੌਰਾ ਤਾਂ ਨਹੀਂ ਪਿਆ?

ਕਦੇ-ਕਦੇ ਖਾਮੋਸ਼ ਦਿਮਾਗ ਦੇ ਦੌਰੇ ਸ਼ੂਗਰ ਅਤੇ ਜ਼ਿਆਦਾ ਮੋਟਾਪੇ ਕਾਰਨ ਹੋ ਸਕਦੇ ਹਨ। ਇਨ੍ਹਾਂ ਕਾਰਨਾਂ ਨਾਲ ਸਰੀਰ ਵਿਚ ਕਲਾਟ ਬਣ ਜਾਂਦੇ ਹਨ ਅਤੇ ਜੇ ਇਨ੍ਹਾਂ ਵਿਚੋਂ ਇਕ ਵੀ ਦਿਮਾਗ ਵਿਚ ਚਲਾ ਗਿਆ ਤਾਂ ਦਿਮਾਗ ਦੇ ਖ਼ੂਨ ਦੇ ਵਹਾਅ ਵਿਚ ਰੁਕਾਵਟ ਆ ਸਕਦੀ ਹੈ ਅਤੇ ਇਸ ਨਾਲ ਨਾ ਸਿਰਫ਼ ਖਾਮੋਸ਼ ਦਿਮਾਗ ਦਾ ਦੌਰਾ, ਸਗੋਂ ਹੋਰ ਕਈ ਖ਼ਤਰਨਾਕ ਬਿਮਾਰੀਆਂ ਜਿਵੇਂ ਅਧਰੰਗ ਆਦਿ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਡਾਕਟਰਾਂ ਨੇ ਸਾਰਿਆਂ ਨੂੰ ਸਾਵਧਾਨੀ ਵਰਤਣ ਲਈ ਕਿਹਾ ਹੈ।

ਜਿਨ੍ਹਾਂ ਗੱਲਾਂ ਦਾ ਧਿਆਨ ਤੁਸੀਂ ਆਪਣਾ ਦਿਲ ਤੰਦਰੁਸਤ ਰੱਖਣ ਲਈ ਰੱਖਦੇ ਹੋ, ਉਨ੍ਹਾਂ ਗੱਲਾਂ ਦਾ ਧਿਆਨ ਤੁਹਾਨੂੰ ਇਸ ਵਾਸਤੇ ਵੀ ਰੱਖਣਾ ਚਾਹੀਦਾ ਹੈ, ਜਿਵੇਂ ਜ਼ਿਆਦਾ ਭਾਰ ਨਾ ਵਧਾਉਣਾ, ਘੱਟ ਤੇਲ ਵਾਲਾ ਭੋਜਨ ਖਾਣਾ, ਹਰ ਰੋਜ਼ ਹਲਕੀ ਕਸਰਤ ਕਰਨੀ ਜਾਂ ਸੈਰ 'ਤੇ ਜਾਣਾ, ਰਾਤ ਨੂੰ ਹਲਕਾ ਭੋਜਨ ਲੈਣਾ, ਤਣਾਅ ਘੱਟ ਕਰਨਾ, ਸਿਗਰਿਟ ਅਤੇ ਸ਼ਰਾਬ ਘੱਟ ਪੀਣੀ ਆਦਿ। ਤਣਾਅ ਹੀ ਇਕ ਅਜਿਹਾ ਕਾਰਨ ਹੈ ਜੋ ਇਸ ਬਿਮਾਰੀ ਲਈ ਕਾਫੀ ਜ਼ਿੰਮੇਵਾਰ ਹੈ। ਇਸ ਲਈ ਇਸ ਪੱਖੋਂ ਸਾਵਧਾਨ ਰਹੋ।

-ਅੰਬਿਕਾ

# ਖਾਣ ਵਾਲਾ ਤੇਲ ਵਰਤੋ




ਸਬਜ਼ੀ ਬਣਾਉਣ ਲਈ ਸਭ ਤੋਂ ਬਿਹਤਰ ਹੈ ਆਪਣਾ ਉਹੀ ਪੁਰਾਣਾ ਸਰ੍ਹੋਂ ਦਾ ਤੇਲ। ਸਬਜ਼ੀ ਵਿਚ ਪਾਉਣ ਅਤੇ ਰੋਟੀਆਂ ਚੋਪੜਨ ਲਈ ਬਿਹਤਰ ਹੈ ਦੇਸੀ ਘਿਓ ਅਤੇ ਖਾਣੇ ਦੀਆਂ ਚੀਜ਼ਾਂ ਤਲਣ ਲਈ ਦੇਸੀ ਘਿਓ ਜਾਂ ਫਿਰ ਬਨਸਪਤੀ ਘਿਓ। ਆਓ ਇਸ ਦੇ ਪਿੱਛੇ ਦਾ ਵਿਗਿਆਨ ਸਮਝਦੇ ਹਾਂ-

ਚੀਜ਼ਾਂ ਤਲਣ ਲਈ ਸਾਨੂੰ ਲੋੜ ਹੁੰਦੀ ਹੈ ਕਿਸੇ ਅਜਿਹੇ ਮਾਧਿਅਮ ਦੀ, ਜਿਸ ਦਾ ਬੋਇਲਿੰਗ ਪਾਇੰਟ ਜ਼ਿਆਦਾ ਹੋਵੇ। ਘੱਟ ਤੋਂ ਘੱਟ 160 ਡਿਗਰੀ ਤੋਂ ਲੈ ਕੇ 170 ਡਿਗਰੀ ਤੱਕ ਜਿਵੇਂ ਕਿ ਤੇਲ ਜਾਂ ਘਿਓ ਦਾ। ਖੌਲਦੇ ਤੇਲ ਵਿਚ ਪਾਉਂਦੇ ਹੀ ਉਸ ਵਸਤੂ ਦੀ ਬਾਹਰੀ ਸਤਹ ਦਾ ਪਾਣੀ ਇਕਦਮ ਸੁੱਕ ਜਾਂਦਾ ਹੈ ਅਤੇ ਉਹ ਇਕਦਮ ਸਖ਼ਤ ਹੋ ਜਾਂਦੀ ਹੈ ਅਤੇ ਫਿਰ ਉਸ ਦੇ ਅੰਦਰ ਕੁਝ ਨਹੀਂ ਜਾਂਦਾ। ਇਹ ਇਕ ਸੀਲ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਅੰਦਰ ਮੌਜੂਦ ਨਮੀ ਭਾਫ਼ ਬਣ ਕੇ ਉੱਡਦੀ ਹੈ ਅਤੇ ਤੇਲ ਨੂੰ ਅੰਦਰ ਨਹੀਂ ਜਾਣ ਦਿੰਦੀ।

ਹੁਣ ਤੇਲ ਜਾਂ ਘਿਓ ਦੇ ਤਾਪਮਾਨ ਦੇ ਕਾਰਨ ਅੰਦਰ ਦੀਆਂ ਸਾਰੀਆਂ ਚੀਜ਼ਾਂ ਪੱਕ ਜਾਂਦੀਆਂ ਹਨ ਅਤੇ ਉਸ ਚੀਜ਼ ਨੂੰ ਜ਼ਿਆਦਾ ਤਾਪਮਾਨ ਵਿਚ ਜਲਣ ਤੋਂ ਪਹਿਲਾਂ ਅਸੀਂ ਬਾਹਰ ਕੱਢ ਲੈਂਦੇ ਹਾਂ ਅਤੇ ਸਾਡੇ ਸਾਹਮਣੇ ਹੁੰਦੀ ਹੈ ਡੀਪ ਫ੍ਰਾਈਡ ਖਾਣ ਦੀ ਚੀਜ਼ ਜੋ ਅਕਸਰ ਕੁਰਕੁਰੀ ਹੁੰਦੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਤਲਣ ਲਈ ਤੇਲ ਦੀ ਵਰਤੋਂ ਕਰੀਏ ਜਾਂ ਘਿਓ ਦੀ? ਤਾਂ ਉੱਤਰ ਹੈ ਘਿਓ। ਘਿਓ ਹੀ ਕਿਉਂ? ਕਿਉਂਕਿ ਘਿਓ ਬਣਿਆ ਹੁੰਦਾ ਹੈ ਸੈਚੁਰੇਟਿਡ ਫੈਟੀ ਐਸਿਡ ਨਾਲ। ਬਨਸਪਤੀ ਤੇਲ ਕਿਉਂ ਨਹੀਂ? ਕਿਉਂਕਿ ਇਹ ਬਣਿਆ ਹੁੰਦਾ ਹੈ ਅਨਸੈਚੁਰੇਟਿਡ ਫੈਟੀ ਐਸਿਡ ਨਾਲ। ਅਨਸੈਚੁਰੇਟਿਡ ਫੈਟੀ ਐਸਿਡਜ਼ ਤੋਂ ਬਣਿਆ ਤੇਲ ਵਰਤਾਂਗੇ ਤਾਂ ਕੀ ਹੋਵੇਗਾ? ਗਰਮ ਕਰਨ 'ਤੇ ਬਨਸਪਤੀ ਤੇਲ ਦਾ ਆਕਸੀਡੇਸ਼ਨ ਹੋਵੇਗਾ ਅਤੇ ਕੁਝ ਅਣਇੱਛਤ ਉਤਪਾਦ ਬਣਨਗੇ ਜੋ ਸਿਹਤ ਲਈ ਨੁਕਸਾਨਦਾਇਕ ਹੋਣਗੇ। ਤਾਂ ਫਿਰ ਬਿਹਤਰ ਕਿਹੜਾ ਹੈ? ਦੇਸੀ ਘਿਓ ਜਾਂ ਬਨਸਪਤੀ ਘਿਓ ਜਾਂ ਫਿਰ ਅਜਿਹਾ ਤੇਲ ਜਿਸ ਵਿਚ ਸੈਚੁਰੇਟਿਡ ਫੈਟੀ ਐਸਿਡ ਜ਼ਿਆਦਾ ਹੋਣ?

ਅਸਲ ਵਿਚ ਸਾਨੂੰ ਚਾਹੀਦਾ ਹੈ ਇਕ ਅਜਿਹਾ ਮਾਧਿਅਮ ਜਿਸ ਦਾ ਸਮੋਕ ਪਾਇੰਟ ਵੀ ਜ਼ਿਆਦਾ ਹੋਵੇ ਅਤੇ ਜੋ ਆਕਸੀਜਨ ਦੇ ਨਾਲ ਵੀ ਜ਼ਿਆਦਾ ਪ੍ਰਕਿਰਿਆ ਨਾ ਕਰੇ, ਭਾਵ ਸਥਿਰ ਹੋਵੇ। ਇਹ ਤਾਂ ਹੀ ਹੋਵੇਗਾ ਜੇ ਤਲਣ ਦੇ ਉਸ ਮਾਧਿਅਮ ਵਿਚ ਸੈਚੁਰੇਟਿਡ ਫੈਟੀ ਐਸਿਡਜ਼ ਜ਼ਿਆਦਾ ਹੋਣਗੇ। ਇਹ ਖੂਬੀ ਹੈ ਜਾਂ ਤਾਂ ਘਿਓ ਵਿਚ ਜਾਂ ਫਿਰ ਬਨਸਪਤੀ ਘਿਓ ਵਿਚ ਅਤੇ ਜਾਂ ਫਿਰ ਕੁਝ ਚੋਣਵੇਂ ਬਨਸਪਤੀ ਤੇਲਾਂ ਵਿਚ। ਫਿਰ ਸਭ ਤੋਂ ਬਿਹਤਰ ਬਨਸਪਤੀ ਤੇਲ ਕਿਹੜਾ ਹੈ? ਨਾਰੀਅਲ ਦਾ ਤੇਲ, ਕਿਉਂਕਿ ਇਸ ਵਿਚ ਸੈਚੁਰੇਟਿਡ ਫੈਟੀ ਐਸਿਡਸ ਮੁਕਾਬਲਤਨ ਜ਼ਿਆਦਾ ਹੁੰਦੇ ਹਨ।

ਇਹ ਦੇਖਿਆ ਗਿਆ ਹੈ ਕਿ 180 ਡਿਗਰੀ ਤਾਪਮਾਨ 'ਤੇ ਲਗਾਤਾਰ 8 ਘੰਟੇ ਵਰਤੋਂ ਕਰਨ 'ਤੇ ਵੀ ਇਸ ਦਾ ਪੱਧਰ ਖ਼ਰਾਬ ਨਹੀਂ ਹੁੰਦੀ ਹੈ। ਹੁਣ ਦੇਸੀ ਘਿਓ ਦੀ ਗੱਲ ਕਰੀਏ ਤਾਂ ਉਨ੍ਹਾਂ ਪਸ਼ੂਆਂ ਦਾ ਘਿਓ ਵਧੀਆ ਹੋਵੇਗਾ ਜੋ ਘਾਹ ਜ਼ਿਆਦਾ ਖਾਂਦੇ ਹਨ ਅਤੇ ਦਾਣਾ ਘੱਟ। ਘਾਹ ਜ਼ਿਆਦਾ ਖਾਣ ਵਾਲੇ ਜਾਨਵਰਾਂ ਦੇ ਘਿਓ ਵਿਚ ਪਾਲੀਅਨਸੈਚੁਰੇਟਿਡ ਫੈਟੀ ਐਸਿਡਸ ਘੱਟ ਹੋਣਗੇ ਅਤੇ ਦਾਣਾ ਖਾਣ ਵਾਲੇ ਜਾਨਵਰਾਂ ਦੇ ਘਿਓ ਵਿਚ ਪਾਲੀਅਨਸੈਚੁਰੇਟਿਡ ਫੈਟੀ ਐਸਿਡਜ਼ ਜ਼ਿਆਦਾ ਹੋਣਗੇ।

ਇਸ ਲਈ ਕਹਿੰਦੇ ਹਨ ਕਿ ਪਿੰਡ ਦੀ ਦੇਸੀ ਗਾਂ ਜਾਂ ਮੱਝ ਦਾ ਘਿਓ ਸਭ ਤੋਂ ਵਧੀਆ। ਘਿਓ ਨਾ ਹੋਵੇ ਤਾਂ? ਫਿਰ ਨਾਰੀਅਲ ਦਾ ਤੇਲ। ਕਿਸੇ ਨੂੰ ਨਾਰੀਅਲ ਦੇ ਤੇਲ ਦੀ ਖ਼ੁਸ਼ਬੂ ਪਸੰਦ ਨਾ ਹੋਵੇ ਤਾਂ? ਮੂੰਗਫਲੀ ਦਾ ਤੇਲ।

# ਕਾਵਿ ਕਿਆਰੀ

## ਇਹ ਜ਼ਿੰਦਗੀ ਤਾਂ ਬਾਲ਼ਦੀ ਹੈ ਨਿਤ

ਇਹ ਜ਼ਿੰਦਗੀ ਤਾਂ ਬਾਲ਼ਦੀ ਹੈ ਨਿਤ ਨਵੇਂ ਚਿਰਾਗ।
ਨ੍ਹੇਰਾ ਹੈ ਕਿਥੋਂ ਆ ਰਿਹਾ, ਲੱਭਦਾ ਨਹੀਂ ਸੁਰਾਗ।

ਹਾਲੇ ਕਿਸੇ ਮੁਕਾਮ 'ਤੇ, ਪੁੱਜੇ ਨਾ ਤੇਰੇ ਪੈਰ,
ਮੰਜ਼ਿਲ ਬੜੀ ਹੈ ਦੂਰ, ਤੂੰ ਘੋੜੇ ਦੀ ਖਿੱਚ ਵਾਗ।

ਇਸ ਵੰਝਲੀ ਨੂੰ ਸੁੱਟਦੇ, ਹੁਣ ਤੂੰ ਝਨਾਂ 'ਚ ਯਾਰ,
ਕਿੱਥੇ ਹਵਾ ਦੀ ਧੁਨ ਨਵੀਂ, ਕਿੱਥੇ ਪੁਰਾਣਾ ਰਾਗ।

ਗਲੀਆਂ-ਮੁਹੱਲੇ ਢੋਲਚੀ, ਪਿਟਦਾ ਸੀ ਨਿੱਤ ਢੋਲ,
ਕਿੰਨਾ! ਜਗਾਇਆ ਸ਼ਹਿਰ ਨੂੰ ਖੁੱਲ੍ਹੀ ਨਾ ਉਸਦੀ ਜਾਗ।

ਝੋਲੀ 'ਚ ਤੇਰੇ ਫੁੱਲ ਨੇ, ਦਾਮਨ 'ਚ ਮੇਰੇ ਖ਼ਾਰ,
ਤੇਰੇ ਨਸੀਬ ਆਪਣੇ, ਮੇਰੇ ਨੇ ਮੇਰੇ ਭਾਗ।

ਧੋਂਦੀ ਰਹੀ ਸੂਰਜ ਦੀ ਧੁੱਪ ਵੀ, ਰੋਜ਼ ਉਸ ਦਾ ਮੂੰਹ,
ਸਾਰੀ ਉਮਰ ਨਾ ਲੱਥਿਆ, ਮੱਥੇ ਤੋਂ ਚੰਨ ਦੇ ਦਾਗ਼।

ਹੁਣ ਤੂੰ ਚੁਰਾਹੇ ਵਿਚ ਖੜ੍ਹੀ ਕਿਸ ਨੂੰ! ਰਹੀ ਉਡੀਕ,
ਲਾਗੀ ਤਾਂ ਸਾਰੇ ਤੁਰ ਗਏ ਨੇ, ਲੈ ਕੇ ਆਪਣਾ ਲਾਗ।

**ਲੇਖਕ : ਅਜਮੇਰ ਗਿੱਲ**

## ਸਾੜ੍ਹਸਤੀ

ਹੁੰਦੀ ਚੜ੍ਹੀ ਐ ਜਦ ਸਾੜ੍ਹਸਤੀ,
ਉਦੋਂ ਕੋਈ ਨਾ ਫੜਦਾ ਬਾਂਹ ਬੇਲੀ।
ਛੱਡ ਜਾਂਦੇ ਸਾਥ ਆਪਣੇ ਵੀ,
ਜਿਨ੍ਹਾਂ ਆਖੀ ਐ ਹੁੰਦੀ ਹਾਂ ਬੇਲੀ।

ਪੈ ਆਹੁਰ ਵੀ ਜਾਂਦੀ ਡੰਗਰਾਂ ਨੂੰ,
ਭੱਜ ਦੁੱਧੋਂ ਜਾਵੇ ਗਾਂ ਬੇਲੀ।
ਘਰ ਵੜੇ ਬਿਮਾਰੀ ਬਿਨ ਸੱਦੇ,
ਨਾ ਦਿਸੇ ਕੋਈ ਚੰਗੀ ਥਾਂ ਬੇਲੀ।

ਜਾਂਦੀ ਮਹੁਰਾ ਬਣ ਸ਼ਿਕੰਜਵੀਂ ਵੀ,
ਹਰੇ ਹੋਣ ਨਾ ਬੀਜੇ ਮਾਂਹ ਬੇਲੀ।
ਰੁਕ ਜਾਂਦੇ ਨੇ ਸਭ ਕੰਮ ਉਦੋਂ,
ਜਦ ਜਾਂਦੀ ਬੋਲ ਭਿਆਂ ਬੇਲੀ।

ਹਟ ਜਾਂਦਾ ਜੰਮਣੋਂ ਦੁੱਧ 'ਭਗਤਾ',
ਸਭ ਕੰਮਾਂ ਨੂੰ ਹੁੰਦੀ ਨਾਂਹ ਬੇਲੀ।
ਪੈਂਦੀ ਲੋੜ ਜਾਂ ਮੋਢਾ ਲੱਭਣੇ ਦੀ,
ਉਦੋਂ ਕੋਈ ਨਾ ਪੁੱਛੇ ਗਰਾਂ ਬੇਲੀ।

**ਲੇਖਕ : ਬਰਾੜ-ਭਗਤਾ ਭਾਈ ਕਾ , ਸੰਪਰਕ : +1-604-751-1113**

## ਜੂਨ 1984

ਜਿਗਰਿਆ ਨਾਲੋ ਵਖ ਕਰ ਦਿਤੇ ਪੁੱਤਰ ਮਾਵਾਂ ਦੇ
ਵਗਦਾ ਖੂਨ ਸਹੀਦਾਂ ਦਾ ਵਾਗ ਵੀਰੋ ਦਰਿਆਵਾਂ ਦੇ
ਜੋ ਸਿੱਖ ਧਰਮ ਲਈ ਸ਼ਹੀਦ ਹੋਏ
ਦਰਿਆਵਾਂ ਵਾਗੂੰ ਵਹਿੰਦੇ ਰਹੇ
ਮੇਰੀ ਕੌਮ ਦੇ ਹੀਰਿਆਂ ਨੂੰ
ਅਤਵਾਦੀ ਲੋਕੀਂ ਕਹਿੰਦੇ ਰਹੇ
ਕਿੰਨਾ ਕਹਿਰ ਕਮਾਇਆ ਮੈ ਸਚ ਪੂਰਾ ਨੀ ਲਿਖ ਸਕਦਾ
ਗੁਰੂ ਦਾ ਲਾਲ ਸੂਰਮਾ ਪੈਸਿਆ ਨਾਲ ਨੀ ਵਿਕ ਸਕਦਾ
ਜਿੰਨਾ ਚਿਰ ਗੁਰੂ ਦੀ ਮਿਹਰ ਰਹੀ
ਮਹਿਲ ਜੁਲਮ ਦੇ ਢਹਿੰਦੇ ਰਹੇ
ਮੇਰੀ ਕੌਮ ਦੇ ਹੀਰਿਆਂ ਨੂੰ
ਅਤਵਾਦੀ ਲੋਕੀਂ ਕਹਿੰਦੇ ਰਹੇ
ਸਿੱਖਾਂ ਦੀ ਨਸਲਕੁਸ਼ੀ ਨੂੰ ਨਾਮ ਦੰਗੇ ਦਾ ਦੇ ਦਿੱਤਾ
ਸਿੱਖਾਂ ਦੇ ਨਿਆਂ ਨੂੰ ਵਿੱਚ ਅਦਾਲਤਾਂ ਫੇਹ ਦਿੱਤਾ
ਜੋ ਸੀ ਸਰਕਾਰ ਦੇ ਪਾਲਤੂ ਕੁੱਤੇ
ਕੁਝ ਲੋਕ ਉਹਨਾਂ ਸੰਗ ਬਹਿੰਦੇ ਰਹੇ
ਮੇਰੀ ਕੌਮ ਦੇ ਹੀਰਿਆਂ ਨੂੰ
ਅਤਵਾਦੀ ਲੋਕੀਂ ਕਹਿੰਦੇ ਰਹੇ
ਸਿੱਖਾਂ ਨੂੰ ਅਤਵਾਦੀ ਕਹਿਣ ਤੇ ਦਲਿਆ ਸੰਗ ਵਹਿਣ ਵਾਲਿਓ
ਸਿੱਖ ਕੌਮ ਹੈ ਸੌ ਰਹੀ ਇਹ ਨਾ ਕਦੇ ਵਹਿਮ ਪਾਲਿਉ
ਜਸਵੰਤ ਸਿੰਘ ਜੋਗਾ ਸ਼ੋਕੀ ਸਚ ਦਾ
ਸਿੰਘ ਸ਼ੇਰ ਜੁਲਮ ਨਾਲ ਖਹਿੰਦੇ ਰਹੇ
ਮੇਰੀ ਕੌਮ ਦੇ ਹੀਰਿਆਂ ਨੂੰ
ਅਤਵਾਦੀ ਲੋਕੀਂ ਕਹਿੰਦੇ ਰਹੇ

**ਲੇਖਕ : ਜਸਵੰਤ ਸਿੰਘ ਜੋਗਾ, 7814252899**

## ਹੌਸਲਾ

ਮਿਰੇ ਅੰਦਰ ਵਲਵਲੇ ਠਾਠਾਂ ਮਾਰ ਰਹੇ ਨੇ।
ਕੁਝ ਹੋ ਕੇ ਰਹੇਗਾ ਕੋਈ ਪੱਕੀ ਧਾਰ ਰਹੇ ਨੇ।
ਕਹਿੰਦੇ ਸਿਰਫਿਰੀਆਂ ਹਵਾਵਾਂ ਦਾ ਰੁਖ਼ ਮੋੜਨਾ
ਬੇਬੱਸ ਤੇ ਬੇਜਾਨ ਪੱਤਰ ਹਾਰ ਰਹੇ ਨੇ।

ਮੂੰਹ ਮੋੜਨਾ ਹੈ ਉੱਚੀਆਂ ਚੱਟਾਨਾਂ ਦਾ ਹਰ ਹੀਲੇ
ਭਾਵੇਂ ਕੁਝ ਰਸਤੇ ਖਾ ਖਾਰ ਰਹੇ ਨੇ।
ਹੰਝੂਆਂ ਦਾ ਦਰਿਆ ਐਵੇਂ ਵਗਣ ਨਹੀਂ ਦੇਣਾ
ਭਾਵੇਂ ਸੱਜਣ ਵਰਗਲਾ ਆਰ ਪਾਰ ਰਹੇ ਨੇ।

ਹੁਣ ਤੂਫ਼ਾਨ ਵੀ ਘਬਰਾਉਣਗੇ ਅਸਾਡੇ ਤੋਂ
ਮਨਾਂ ਦੇ ਹੌਸਲੇ ਬਣ ਹਥਿਆਰ ਰਹੇ ਨੇ।
ਉਮਰ ਦਰ ਉਮਰ ਇਕ ਭੈਅ ਹੇਠ ਲੰਘ ਗਈ
ਲਾਰਿਆਂ ਦੇ ਨਾਲ ਹੁਣ ਸਾਰ ਰਹੇ ਨੇ।

ਇਹ ਚੇਤਨਾ ਦੀ ਚਿੰਗਾਰੀ ਬਦਲਾਅ ਲਿਆਏਗੀ
ਸਤ ਸੋਚਾਂ ਦੇ ਪਰਿੰਦੇ ਵੀ ਖੰਭ ਪਸਾਰੇ ਰਹੇ ਨੇ।

**ਲੇਖਕ : ਸਤ ਪਾਲ ਅਗਰਵਾਲ**
**ਸੰਪਰਕ: 82956-85464**

## .ਗ਼ਜ਼ਲ

ਲਿਖ ਤੂੰ ਗੀਤ ਤੇ ਗ਼ਜ਼ਲਾਂ, ਭਾਵੇਂ ਤੂੰ ਕਵਿਤਾਵਾਂ ਲਿਖ।
ਧੁੱਪ 'ਚ ਬਲਦੇ ਬਿਰਖਾਂ ਲਈ ਪਰ, ਠੰਢੀਆਂ ਕੁਝ ਹਵਾਵਾਂ ਲਿਖ।

ਕੋਹਲੂ ਦੇ ਵਿੱਚ ਪੀੜ ਕੇ ਕੱਢੇ ਸਾਡੇ ਲਹੂ ਪਸੀਨੇ ਨੂੰ,
ਰੱਖਿਆ ਕਿਹੜੇ ਬੈਂਕਾਂ ਦੇ ਵਿੱਚ, ਉਹਦਾ ਤੂੰ ਸਿਰਨਾਵਾਂ ਲਿਖ।

ਪੋਣਿਆਂ ਦੇ ਵਿੱਚ ਬੰਨ੍ਹੀ ਟੁੱਕਰ ਆ ਖੜ੍ਹਦੇ ਵਿੱਚ ਚੌਕਾਂ ਦੇ,
ਸੁੱਕੇ ਪਿੰਜਰ ਕੰਮ ਉਡੀਕਣ, ਅੰਦਰੋਂ ਉੱਠਦੀਆਂ ਆਹਾਂ ਲਿਖ।
ਸੁਪਨੇ ਬੀਜਣ ਵਾਲਾ ਹੁਣ, ਨਸ਼ਿਆਂ ਵਿੱਚ ਗਲਤਾਨ ਫਿਰੇ,
ਕਿੰਨੇ ਸੁਪਨੇ ਮਾਰ ਬੈਠੀਆਂ, ਨੂੰਹਾਂ ਧੀਆਂ ਮਾਵਾਂ ਲਿਖ।

ਚਾਰੇ ਪਾਸੇ ਗਲਬਾ ਪਾ ਲਿਆ ਜ਼ਹਿਰਾਂ ਵੰਡਣ ਵਾਲੇ ਨੇ,
ਫਿਰਨ ਭਟਕਦੇ ਚਿੜੀ ਜਨੌਰਾਂ ਦੇ ਲਈ ਕੁਝ ਕੁ ਛਾਵਾਂ ਲਿਖ।
ਅੰਨਦਾਤਾ ਸੀ ਕਹਿੰਦੇ ਜਿਹਨੂੰ ਰੁੱਖਾਂ ਦੇ ਨਾਲ ਲਟਕ ਰਿਹਾ,
ਉਹਦੇ ਗਲ ਦਾ ਰੱਸਾ ਵੱਟਿਆ, ਕਿਹੜੇ ਹੱਥਾਂ ਬਾਹਵਾਂ ਲਿਖ।

ਪੜ੍ਹਿਆਂ ਲਿਖਿਆਂ ਪੁੱਤਰਾਂ ਨੂੰ ਵੀ ਸ਼ਬਦਾਂ ਦੀ ਕੁਝ ਸਮਝ ਪਵੇ,
ਐਹੋ ਜਿਹੇ ਕੁਝ ਅੱਖਰ ਲਿਖ, ਅੱਖਰਾਂ ਵਿੱਚ ਦੁਆਵਾਂ ਲਿਖ।

**ਲੇਖਕ : ਗੁਰਚਰਨ ਨੂਰਪੁਰ, ਸੰਪਰਕ: 98550-51099**

## ਸਾਂਭੋ ਰੁੱਖ ਅਤੇ ਪਾਣੀ

ਹੋ ਗਏ ਹਾਲੋਂ-ਬੇਹਾਲ ਕੱਢੇ ਗਰਮੀ ਨੇ ਵੱਟ
ਏਸ ਗਰਮੀ ਦੇ ਡਰੋਂ ਕਹਿੰਦੇ ਸਾਧ ਹੋ ਜਾਏ ਜੱਟ
ਕਰੋ ਸਾਰੇ ਰਲ ਪਾਣੀ ਦੀ ਸੰਭਾਲ ਸਾਥੀਓ...
ਬਿਨਾਂ ਪਾਣੀਓ ਇਹ ਜ਼ਿੰਦਗੀ ਮੁਹਾਲ ਸਾਥੀਓ।
ਹਿੱਸਾ ਸਾਰੇ ਰਲ ਪਾਓ ਨਵੇਂ ਰਿਵਾਜ ਚਲਾਓ
ਜਦੋਂ ਜਨਮ ਦਿਨ ਹੋਵੇ ਪੰਜ ਬੂਟੇ ਲਗਾਓ
ਲਾ ਕੇ ਬੂਟੇ ਪੂਰੀ ਕਰਨੀ ਸੰਭਾਲ ਸਾਥੀਓ...
ਬਿਨਾਂ ਪਾਣੀਓ ਇਹ ਜ਼ਿੰਦਗੀ ਮੁਹਾਲ ਸਾਥੀਓ।
ਵਗੇ ਤੱਤੀ-ਤੱਤੀ ਲੂ ਨਾਲੇ ਪਿੰਡੇ ਨੂੰ ਮਚਾਵੇ
ਜਦੋਂ ਨਿਕਲੀਏ ਬਾਹਰ ਸੇਕ ਅੱਗ ਜਿਹਾ ਆਵੇ
ਬਿਨਾਂ ਰੁੱਖਾਂ-ਕੁੱਖਾਂ ਹੋਣਾ ਨਹੀਂ ਖੁਸ਼ਹਾਲ ਸਾਥੀਓ...
ਬਿਨਾਂ ਪਾਣੀਓ ਇਹ ਜ਼ਿੰਦਗੀ ਮੁਹਾਲ ਸਾਥੀਓ।
ਹੋ ਜਾਊ ਮਾਰੂਥਲ ਪੰਜਾਬ ਇੱਕ ਦਿਨ ਐਸਾ ਆਉਣਾ
ਗਿੱਦੜ ਵਾਂਗੂੰ ਮੂੰਹ ਚੁੱਕ ਕਿਤੇ ਪੈ ਨਾ ਜਾਵੇ ਰੋਣਾ
ਸਾਡੇ ਕੰਡੇ ਬੀਜੇ ਚੁਗਣ ਨਾ ਬਾਲ ਸਾਥੀਓ...
ਬਿਨਾਂ ਪਾਣੀਓ ਇਹ ਜ਼ਿੰਦਗੀ ਮੁਹਾਲ ਸਾਥੀਓ।
ਰਲ ਸਾਰੇ ਕਰੋ ਪਾਣੀ ਦੀ ਸੰਭਾਲ ਸਾਥੀਓ।

**ਲੇਖਕ : ਰਾਜ ਕੌਰ ਕਮਾਲਪੁਰ**

## .ਗ਼ਜ਼ਲ

ਰੱਬ ਦਿਲਾਂ ਵਿਚ ਰਹਿੰਦਾ ਬੁੱਲ੍ਹੇ ਸ਼ਾਹ ਕਹਿੰਦਾ।
ਮੇਰੇ ਦਿਲ ਵਿਚ ਤਾਂ ਮੇਰਾ ਦਿਲਬਰ ਰਹਿੰਦਾ।

ਮੈਂ ਵੀ ਤੇਰੇ ਵਾਂਗ ਹੀ ਫੰਨੇ-ਖ਼ਾਂ ਹੁੰਦਾ,
ਜੇਕਰ ਮੀਹਾਂ ਵਿਚ ਨਾ ਮੇਰਾ ਘਰ ਢਹਿੰਦਾ।

ਜਗ ਦੇ ਚਿੱਕੜ ਵਿਚ ਫਸਣੋਂ ਬਚ ਜਾਣਾ ਸੀ,
ਜੇਕਰ ਮੈਂ ਮੁਰਸ਼ਿਦ ਦੇ ਦਰ 'ਤੇ ਜਾ ਬਹਿੰਦਾ।

ਸਰਹੱਦ ਸਾਂਝ ਦਿਲਾਂ ਦੀ ਤੋੜ ਨਹੀਂ ਸਕਦੀ,
ਇੱਕੋ ਹੈ ਪੰਜਾਬ ਇਹ ਕੀ ਚੜ੍ਹਦਾ ਲਹਿੰਦਾ।

ਜੋ ਸਾਰੀ ਦੁਨੀਆ ਦੀ ਪਿਆਸ ਬੁਝਾ ਦਿੰਦਾ,
ਕਾਸ਼ ਇਸ ਧਰਤੀ 'ਤੇ ਐਸਾ ਦਰਿਆ ਵਹਿੰਦਾ।

ਮੇਰਾ ਹੀ ਜਿਗਰਾ ਸੀ ਮੇਰੇ ਵਾਂਗ 'ਨਰੇਸ਼',
ਕੌਣ ਗ਼ਮਾਂ-ਦਰਦਾਂ ਦੇ ਵਾਰ ਸਦਾ ਸਹਿੰਦਾ।

**ਲੇਖਕ : ਡਾ. ਨਰੇਸ਼**

## ਮਾਂ ਦੀ ਦਾਜ ਵਾਲੀ ਪੇਟੀ

ਪਿਛਲੇ ਕਮਰੇ 'ਚ ਸੋਹੇ ਪਈ
ਮੇਰੀ ਮਾਂ ਦੀ ਦਾਜ ਵਾਲੀ ਪੇਟੀ...
ਮੇਰੇ ਨਾਲ ਮੁਕਲਾਵੇ ਆਈ ਸੀ
ਮੇਰੀ ਮਾਂ ਨੇ ਬਣਵਾਈ ਸੀ
ਪਾ ਕੇ ਕਮੇਟੀ...
ਮੇਰੀ ਮਾਂ ਦੀ ਦਾਜ ਵਾਲੀ ਪੇਟੀ...
ਸਹੁਰੇ ਘਰ ਜਦ ਕਦੇ ਵੀ ਮਾਂ ਦੀ ਯਾਦ ਆਵੇ
ਉਮਰ ਹੰਢਾ ਕੇ ਜਾਂ ਕਿਧਰੇ
ਅਧ-ਵਿਚਕਾਰ ਮਾਂ ਛੱਡ ਜਾਵੇ
ਆਪਣਾ ਦੁਖ ਸੁਖ ਉਸ ਨਾਲ ਫਰੋਲ ਲਈਂ
ਸੋਚੀਂ ਨਾ ਬਸ ਖੋਲ੍ਹ ਲਈਂ,
ਹਰ ਯਾਦ, ਹਰ ਸ਼ੈਅ ਬੈਠੀ ਹੈ ਸਮੇਟੀ...
ਮੇਰੀ ਮਾਂ ਦੀ ਯਾਦ ਵਾਲੀ ਪੇਟੀ...
ਪਿਛਲੇ ਕਮਰੇ 'ਚ ਸੋਹੇ ਪਈ
ਮੇਰੀ ਮਾਂ ਦੀ ਦਾਜ ਵਾਲੀ ਪੇਟੀ...
ਪੇਟੀ 'ਚ ਪਏ ਨੇ ਖੇਸ ਦਰੀਆਂ ਤੇ ਲੀੜੇ ਉਹ
ਮੇਰੀ ਮਾਂ ਨੇ ਚਾਵਾਂ ਨਾਲ ਦਿੱਤੇ ਸੀ ਜੋ
ਕੁਝ ਕਾਂਸੀ ਕੁਝ ਪਿੱਤਲ ਤੇ ਸਟੀਲ ਦੇ
ਭਾਂਡੇ ਟੀਂਡਿਆਂ ਨਾਲ ਪਏ ਨੇ ਰਜਾਈਆਂ ਤੇ ਕੰਬਲ ਦੋ
ਆਪਣੇ ਤੋਂ ਬਾਅਦ ਦਾ ਸਾਰਾ
ਹਿਸਾਬ ਠੀਕ ਕਰੀ ਹੈ ਬੈਠੀ...
ਮੇਰੀ ਮਾਂ ਦੀ ਦਾਜ ਵਾਲੀ ਪੇਟੀ...
ਛੋਟੇ ਹੁੰਦਿਆਂ ਬੁਝਾਰਤ ਜਿਹੀ ਜਾਪਦੀ ਸੀ ਉਹ
ਇਕ ਛੋਟੀ ਜਿਹੀ ਬੁਗਣੀ, ਖੂੰਜੇ 'ਚ ਪਈ ਜੋ
ਬਾਪੂ ਤੋਂ ਚੋਰੀਓਂ, ਵਿਚ ਪੈਸੇ ਪਾਉਂਦੀ ਸੀ ਉਹ
ਕੁਝ ਆਪ ਰੱਖ ਲਈਂ ਕੁਝ
ਆਪਣੀ ਭਰਜਾਈ ਨੂੰ ਦੇ ਦੇਵੀਂ
ਛੋਟੀਆਂ ਛੋਟੀਆਂ ਚੀਜ਼ਾਂ ਤੇ
ਵੱਡੀ ਜ਼ਿੰਮੇਵਾਰੀ ਲਈ ਹੈ ਬੈਠੀ...
ਮੇਰੀ ਮਾਂ ਦੀ ਦਾਜ ਵਾਲੀ ਪੇਟੀ...
ਮਾਂ ਦੀ ਵਡਮੁੱਲੀ ਅਮਾਨਤ ਐ ਉਹ
ਪਿਆਰ ਤੇ ਨਿੱਘ ਨੂੰ ਸੰਭਾਲੇਗੀ
ਕਿਆਮਤ ਤਕ ਜੋ...
ਯਾਦਾਂ ਦੀ ਖੁਸ਼ਬੋ ਨੂੰ ਸਮੋਈ ਹੈ ਬੈਠੀ...
ਮੇਰੀ ਮਾਂ ਦੀ ਦਾਜ ਵਾਲੀ ਪੇਟੀ...
ਕਿਸ ਕਿਸ ਦੇ ਘਰ 'ਚ ਰੋਹਬ ਨਾਲ ਹੈ ਬੈਠੀ?
ਮਾਂ ਦੀ ਦਾਜ ਵਾਲੀ ਪੇਟੀ...
ਸਾਡੇ ਤਾਂ ਪਿਛਲੇ ਕਮਰੇ 'ਚ ਸੋਹੇ ਪਈ
ਮੇਰੀ ਮਾਂ ਦੀ ਦਾਜ ਵਾਲੀ ਪੇਟੀ...

**ਲੇਖਕ ਪਰਮਜੀਤ ਕੌਰ ਸੈਣੀ**
**ਸੰਪਰਕ: 79868-10849**

## ਫ਼ਿਰਕੂ ਕਹਿਰ

ਫ਼ਿਰਕੂ ਕਹਿਰ ਕਮਾਉਂਦੇ ਫਿਰਦੇ।
ਦੇਸ਼ 'ਚ ਲਾਂਬੂ ਲਾਉਂਦੇ ਫਿਰਦੇ॥
ਦਿਲ, ਕਾਨੂੰਨ, ਮਸੀਤ, ਮਜ਼ਾਰਾਂ,
ਜਿੱਥੇ ਚਾਹੁੰਦੇ ਢਾਹੁੰਦੇ ਫਿਰਦੇ॥

ਨਾ ਸੰਵਿਧਾਨ, ਮਨੁੱਖਤਾ ਜਾਣਨ,
ਗੁੰਡੇ ਦਨਦਨਾਉਂਦੇ ਫਿਰਦੇ॥
ਭੇਖ ਸਾਧੂਆਂ, ਕਰਮ ਸ਼ੈਤਾਨਾਂ
ਨਫ਼ਰਤੀ ਜ਼ਹਿਰ ਫੈਲਾਉਂਦੇ ਫਿਰਦੇ॥

ਹਾਕਮ ਪੁਸ਼ਤਪਨਾਹ ਗੁੰਡਿਆਂ ਦੇ
ਹਰ ਥਾਂ ਪਹੁੰਚ, ਬਚਾਉਂਦੇ ਫਿਰਦੇ॥
ਭੁੱਖ, ਗ਼ਰੀਬੀ, ਨਫ਼ਰਤ ਭਰਿਆ
'ਭਾਰਤ ਨਵਾਂ' ਬਣਾਉਂਦੇ ਫਿਰਦੇ॥

ਸੱਚ ਕਹਿਣ ਤੋਂ ਡਰਦੇ ਲੋਕੀਂ,
ਆਪਣਾ ਆਪ ਲੁਕਾਉਂਦੇ ਫਿਰਦੇ॥
ਥੰਮ੍ਹ ਗਿਰੇ ਗਣਤੰਤਰ ਵਾਲੇ
ਕੁਫ਼ਰ ਦੇ ਸੋਹਲੇ ਗਾਉਂਦੇ ਫਿਰਦੇ॥

ਹਰ ਦਿਨ ਹੋ ਰਿਹਾ ਦੇਸ਼ ਬਿਗਾਨਾ
ਘੱਟਗਿਣਤੀ ਰੋਣ ਛੁਪਾਉਂਦੇ ਫਿਰਦੇ॥
ਕਿੰਝ ਗੁੰਡਿਆਂ ਤੋਂ ਇੱਜ਼ਤ ਬਚਾਉਣੀ
ਧੀਆਂ ਨੂੰ ਸਮਝਾਉਂਦੇ ਫਿਰਦੇ॥

ਰੰਗ ਬਿਰੰਗੇ ਨੇਤਾ ਜੋ
ਮਿਮਿਆਉਂਦੇ ਜਾਂ ਖਿਸਿਆਉਂਦੇ ਫਿਰਦੇ॥
ਚੱਲ ਨਾ ਜਾਏ ਬੁਲਡੋਜ਼ਰ ਕਿਧਰੇ
ਲੋਕੀਂ ਘਰ ਬਚਾਉਂਦੇ ਫਿਰਦੇ॥

ਇਸ ਕਾਲਖ ਦੇ ਦੌਰ 'ਚ ਵੀ ਕਈ
ਦੀਵੇ ਰੋਜ਼ ਜਗਾਉਂਦੇ ਫਿਰਦੇ॥
ਉਹ ਜੇ ਲਾਂਬੂ ਲਾਉਂਦੇ ਫਿਰਦੇ।
ਅਸੀਂ ਵੀ ਅਗਨ ਬੁਝਾਉਂਦੇ ਫਿਰਦੇ॥

ਫ਼ਿਰਕੂ ਕਹਿਰ ਤੇ ਭਾਰਤ ਮੇਰਾ
ਆਪਸ ਵਿੱਚ ਟਕਰਾਉਂਦੇ ਫਿਰਦੇ॥

**ਲੇਖਕ : ਜਗਦੀਸ਼ ਬਹਾਦਰਪੁਰੀ**
**ਸੰਪਰਕ: 94639-85934**

# ਨਾਰੀ ਸੰਸਾਰ



## ਕਿੰਝ ਰੋਕੀਏ ਬੱਚਿਆਂ ਵਿੱਚ ਵੱਧ ਰਿਹਾ ਚਿੜਚੜਾਪਣ

ਲੇਖਕ : ਹਰਕੀਰਤ ਕੌਰ, 9779118066

ਅੱਜ ਦੀ ਜੀਵਨ ਸ਼ੈਲੀ ਵਿੱਚ ਮਾਪੇ ਬੱਚਿਆਂ ਦੇ ਵਿਵਹਾਰ ਨੂੰ ਲੈ ਕੇ ਬਹੁਤ ਚਿੰਤਤ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਅਸੀਂ ਬਹੁਤ ਹੀ ਅਰਾਮਦਾਇਕ, ਸੁੱਖ ਸਹੂਲਤਾਂ ਨਾਲ ਲਬਰੇਜ਼ ਜ਼ਿੰਦਗੀ ਜਿਓ ਰਹੇ ਹਾਂ। ਅੱਜ ਉਹ ਸਮਾਂ ਨਹੀਂ ਕਿ ਬੱਚਿਆਂ ਦੀਆਂ ਰੀਝਾਂ ਪੂਰੀਆਂ ਕਰਨ ਲਈ ਇੱਕ ਮਿੱਥੇ ਤਿਥ ਤਿਉਹਾਰ ਦੀ ਉਡੀਕ ਕੀਤੀ ਜਾਵੇ, ਬਲਕਿ ਮਾਪੇ ਬੱਚੇ ਦੇ ਮੂੰਹ ਵਿਚੋਂ ਨਿਕਲੀ ਹਰ ਫਰਮਾਇਸ਼ ਨੂੰ ਉਸੇ ਸਮੇਂ ਪੂਰਿਆਂ ਕਰਨ ਦਾ ਯਤਨ ਕਰਦੇ ਹਨ। ਪਰ ਇਸ ਸੁੱਖ ਸਹੂਲਤਾਂ ਦੇ ਹੁੰਦਿਆਂ ਹੋਇਆਂ, ਐਸ਼ੋ ਅਰਾਮ ਦੇ ਵੱਧ ਸਾਧਨ ਹੁੰਦਿਆਂ ਹੋਇਆਂ ਵੀ ਅਕਸਰ ਦੇਖਿਆ ਗਿਆ ਹੈ ਕਿ ਬੱਚੇ ਬਹੁਤ ਜਲਦੀ ਚਿੜਚਿੜੇ ਹੋ ਜਾਂਦੇ ਹਨ। ਉਨ੍ਹਾਂ ਨੂੰ ਨਿੱਕੀ ਜਿਹੀ ਗੱਲ 'ਤੇ ਗੁੱਸਾ ਆ ਜਾਂਦਾ ਹੈ ਅਤੇ ਇਹ ਨਾਰਾਜ਼ਗੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ। ਬੱਚਿਆਂ ਦੀ ਸ਼ਹਿਣਸ਼ੀਲਤਾ ਏਨੀ ਘੱਟ ਚੁੱਕੀ ਹੈ ਕਿ ਉਹ ਮਾਪਿਆਂ ਦੁਆਰਾ ਕਹੀ ਗੱਲ ਨੂੰ ਵੀ ਸਹਾਰਨ ਨੂੰ ਤਿਆਰ ਨਹੀਂ ਹਨ। ਅੱਜ ਬਹੁਤ ਸਾਰੇ ਮਾਪੇ ਇਸ ਗੱਲ ਤੋਂ ਪਰੇਸ਼ਾਨ ਹਨ ਕਿ ਉਹਨਾਂ ਦੇ ਬੱਚੇ ਉਹਨਾਂ ਦੀ ਇੱਕ ਗੱਲ ਨਹੀਂ ਸਹਾਰਦੇ, ਹਾਲਾਂਕਿ ਮਾਪਿਆਂ ਦੁਆਰਾ ਬੱਚਿਆਂ ਦੀ ਰੀਝਾਂ ਪੂਰੀਆਂ ਕਰਨ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਂਦੀ। ਇਸੇ ਚਿੜਚਿੜੇਪਣ ਕਰਕੇ ਬੱਚੇ ਨਾ ਤਾਂ ਚੰਗੇ ਦੋਸਤ ਬਣਾ ਸਕਦੇ ਹੁੰਦੇ ਹਨ ਅਤੇ ਨਾ ਹੀ ਬੱਚੇ ਆਪਣੇ ਆਲੇ ਦੁਆਲੇ ਦੇ ਲੋਕਾਂ ਅਤੇ ਸਾਕ ਸੰਬੰਧੀਆਂ ਨਾਲ ਜਿਆਦਾ ਖੁੱਲ੍ਹ ਪਾਉਂਦੇ ਹਨ। ਅਕਸਰ ਅਜਿਹੀ ਮਾਨਸਿਕਤਾ ਵਾਲੇ ਬੱਚੇ ਜਿਆਦਤਰ ਕ੍ਰੋਧਿਤ ਰਹਿੰਦੇ ਹਨ ਅਤੇ ਹੌਲੀ ਹੌਲੀ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਇਸੇ ਕਾਰਣ ਨਾ ਤਾਂ ਉਹ ਪੜਾਈ ਵਿੱਚ ਆਪਣਾ ਵਧੀਆ ਪ੍ਰਦਰਸ਼ਨ ਕਰ ਪਾਉਂਦੇ ਹਨ ਅਤੇ ਨਾ ਹੀ ਕਿਸੇ ਹੋਰ ਗਤੀਵਿਧੀਆਂ ਵਿੱਚ। ਅਜਿਹੇ ਬੱਚਿਆਂ ਨੂੰ ਲੱਗਦਾ ਹੁੰਦਾ ਹੈ ਕਿ ਜਿਹੜੀ ਚੀਜ਼ ਨੂੰ ਪਾਉਣ ਦੀ ਤਮੰਨਾ ਉਹਨਾਂ ਦੇ ਮਨ ਵਿੱਚ ਹੈ ਉਹ ਹਰ ਹੀਲੇ ਉਹਨਾਂ ਕੋਲ ਹੋਣੀ ਚਾਹੀਦੀ ਹੈ। ਅਜਿਹੇ ਬੱਚਿਆਂ ਵਿੱਚ ਆਤਮ ਵਿਸ਼ਵਾਸ ਜਾਂ ਤਾਂ ਬਹੁਤ ਘੱਟ ਹੁੰਦਾ ਹੈ ਜਾਂ ਫਿਰ ਲੋੜ ਤੋਂ ਵੱਧ ਹੁੰਦਾ ਹੈ, ਜਦੋਂ ਲੋੜ ਤੋਂ ਵੱਧ ਆਤਮ ਵਿਸ਼ਵਾਸ ਹੁੰਦਾ ਹੈ ਤਾਂ ਅਜਿਹੇ ਬੱਚਿਆਂ ਨੂੰ ਆਪਣਾ ਆਪ ਹਰ ਜਗ੍ਹਾ ਸਹੀ ਲੱਗਦਾ ਹੈ, ਅਤੇ ਕਿਸੇ ਹੋਰ ਦੀ ਗੱਲ ਸੁਣਨ ਜਾਂ ਮੰਨਣ ਤੋਂ ਬਿਲਕੁਲ ਮੁਨਕਰ ਹੁੰਦੇ ਹਨ, ਜੇਕਰ ਅਜਿਹੇ ਬੱਚਿਆਂ ਨੂੰ ਤਾੜਨਾ ਕੀਤੀ ਜਾਵੇ ਤਾਂ ਇਹਨਾਂ ਦਾ ਚਿੜਚਿੜਾਪਨ ਸਾਹਮਣੇ ਆਉਂਦਾ ਹੈ। ਇਹ ਉਹ ਕੁਝ ਗੱਲਾਂ ਹਨ ਜੋ ਆਮ ਹੀ ਘਰਾਂ ਵਿੱਚ ਵੇਖਣ ਨੂੰ ਮਿਲਦੀਆਂ ਹਨ ਪਰ ਹੁਣ ਸੋਚਣ ਵੀ ਗੱਲ ਇਹ ਹੈ ਕਿ ਇਸ ਚਿੜਚਿੜੇਪਣ ਦੇ ਕਾਰਣ ਕੀ ਹਨ, ਕੋਈ ਵੀ ਸੁਭਾਅ ਮਨੁੱਖ ਮਾਂ ਦੇ ਪੇਟ ਵਿੱਚੋਂ ਲੈਕੇ ਨਹੀਂ ਆਉਂਦਾ ਬਲਕਿ ਜਿਵੇਂ ਜਿਵੇਂ ਵੱਡਾ ਹੁੰਦਾ ਹੈ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਤੋਂ ਆਦਤਾਂ ਗ੍ਰਹਿਣ ਕਰਦਾ ਰਹਿੰਦਾ ਹੈ ਅਤੇ ਆਪਣੇ ਸੁਭਾਅ ਦਾ ਵਿਕਾਸ ਕਰਦਾ ਰਹਿੰਦਾ ਹੈ।

ਮੈਨੂੰ ਬੱਚਿਆਂ ਵਿੱਚ ਵੱਧ ਰਹੇ ਚਿੜਚਿੜੇਪਣ ਦਾ ਸਭ ਤੋਂ ਵੱਡਾ ਕਾਰਣ ਵੱਧ ਰਹੀ ਤਕਨੋਲੋਜੀ ਲੱਗਦਾ ਹੈ। ਅੱਜ ਤਕਰੀਬਨ ਹਰ ਦੱਸ ਬਾਰਾਂ ਸਾਲ ਦੇ ਬੱਚੇ ਕੋਲ ਆਪਣਾ ਸਮਾਰਟਫੋਨ ਹੈ ਜੇ ਆਪਣਾ ਨਹੀਂ ਤਾਂ ਉਹ ਆਪਣੇ ਮਾਪਿਆਂ ਦੇ ਫੋਨ ਦੀ ਪੂਰੀ ਵਰਤੋਂ ਕਰਦੇ ਹਨ। ਵੀਡੀਓ ਗੇਮਜ਼, ਸਮਾਰਟਫੋਨ ਤੇ ਹੋਰ ਤਕਨੀਕੀ ਸਾਧਨਾਂ ਨੇ ਬੱਚਿਆਂ ਦੇ ਸੁਭਾਅ ਵਿੱਚ ਬਹੁਤ ਤਬਦੀਲੀਆਂ ਕੀਤੀਆਂ ਹਨ। ਬੱਚਿਆਂ ਦੀ ਅੱਧੇ ਤੋਂ ਜਿਆਦਾ ਬੁੱਧੀ ਇਹਨਾਂ ਗੈਜਟਸ ਵਿੱਚ ਸਮਾ ਚੁੱਕੀ ਹੈ। ਲੰਬੇ ਸਮੇਂ ਤੱਕ ਫੋਨ ਦੇਖਦੇ ਰਹਿਣਾ ਉਹਨਾਂ ਨੂੰ ਚਿੜਚਿੜਾ ਬਣਾ ਦਿੰਦਾ ਹੈ, ਉਹ ਮਾਪਿਆਂ ਨਾਲ ਪਰਿਵਾਰ ਨਾਲ ਬੈਠਣ ਵਾਲੇ ਸਮੇਂ ਵਿੱਚ ਵੀ ਫੋਨ ਆਦਿ ਦੇਖਣ ਵਿੱਚ ਵਿਅਸਤ ਹੁੰਦੇ ਹਨ, ਆਪਸੀ ਰਾਬਤਾ ਟੁੱਟਣ ਕਾਰਣ ਬੱਚੇ ਵਿੱਚ ਚਿੜਚਿੜਾਪਣ ਵੱਧ ਰਿਹਾ ਹੈ। ਇਸ ਤੋਂ ਬਾਅਦ ਦੂਸਰਾ ਕਾਰਣ ਖਾਣੇ ਨੂੰ ਮੰਨਿਆ ਜਾ ਸਕਦਾ ਹੈ, ਜਿਹੜੇ ਬੱਚੇ ਵਧੇਰੇ ਤੇਲ ਭਰਭੂਰ ਜਾਂ ਬਾਹਰ ਦਾ ਖਾਣਾ ਖਾਂਦੇ ਹਨ ਉਹਨਾਂ ਵਿੱਚ ਗੁੱਸੇ ਜਾਂ ਚਿੜਚਿੜਾਪਣ ਵੱਧ ਵੇਖਣ ਨੂੰ ਮਿਲਦਾ ਹੈ। ਬਾਹਰੀ ਖਾਣੇ ਵਿੱਚ ਪਾਏ ਜਾਣ ਵਾਲੇ ਨਕਲੀ ਰੰਗ ਵੀ ਬੱਚੇ ਦੇ ਵਿਵਹਾਰ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ, ਇੱਕ ਅਧਿਐਨ 1970 ਤੋਂ ਵੱਡੇ ਪੱਧਰ 'ਤੇ ਚੱਲ ਰਿਹਾ ਸੀ ਜਿਸ ਵਿੱਚ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਭੋਜਨ ਦੇ ਰੰਗ ਅਤੇ ਬੱਚਿਆਂ ਦੇ ਵਿਵਹਾਰ ਵਿੱਚ ਰਿਸ਼ਤਾ ਹੁੰਦਾ ਹੈ। ਪੀਡੀਆਟ੍ਰਿਕ ਐਂਡ ਐਨਵਾਇਰਮੈਂਟਲ ਹੈਲਥ ਸਾਇੰਸਜ਼ ਅਤੇ ਵਾਸ਼ਿੰਗਟਨ ਯੂਨੀਵਰਸਿਟੀ ਦੇ ਸੀਏਟਲ ਚਿਲਡਰਨਜ਼ ਰਿਸਰਚ ਇੰਸਟੀਚਿਊਟ ਦੀ ਪ੍ਰੋਫੈਸਰ ਡਾ. ਸ਼ੀਲਾ ਸੱਤਿਆਨਾਰਾਇਣ ਦੱਸਦੀ ਹੈ ਕਿ "ਨਕਲੀ ਰੰਗਾਂ ਵਾਲੀਆਂ ਭੋਜਨ ਵਸਤੂਆਂ ਵਿੱਚ ਐਡੀਟਿਵ ਤੇ ਵੱਡੀ ਮਾਤਰਾ ਵਿੱਚ ਖੰਡ ਹੁੰਦੀ ਹੈ, ਜੋ ਬੱਚਿਆਂ ਲਈ ਨੁਕਸਾਨਦੇਹ ਹੋ ਸਕਦੀ ਹੈ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਦੀ ਹੈ।

ਸੋ ਹੁਣ ਆਖਰੀ ਪੜਾਅ ਇਹ ਹੈ ਕਿ ਬੱਚਿਆਂ ਦੇ ਚਿੜਚਿੜੇਪਣ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ? ਇਸ ਦਾ ਬਹੁਤ ਹੀ ਸਰਲ ਅਤੇ ਸਪੱਸ਼ਟ ਜਵਾਬ ਇਹ ਹੈ ਕਿ ਮਾਪੇ ਬੱਚਿਆਂ ਦੇ ਬਚਪਨ ਤੋਂ ਹੀ ਉਸਦੀਆਂ ਗਤੀਵਿਧੀਆਂ ਤੇ ਨਿਯੰਤਰਣ ਰੱਖਣ, ਬਚਪਨ ਤੋਂ ਬੱਚਿਆਂ ਦੇ ਮਾਪੇ ਬਣਨ ਦੀ ਜਗ੍ਹਾ ਉਹਨਾਂ ਦੇ ਸਹਿਯੋਗੀ ਬਣੋ, ਬਚਪਨ ਤੋਂ ਹੀ ਬੱਚਿਆਂ ਦੀ ਹਰ ਗਤੀਵਿਧੀ ਦਾ ਟਾਈਮ ਟੇਬਲ ਬਣਾਇਆ ਜਾਵੇ। ਉਹਨਾਂ ਦੇ ਹਰ ਕੰਮ ਨੂੰ ਨਿਸ਼ਚਿਤ ਸਮੇਂ ਵਿੱਚ ਹੀ ਪੂਰਿਆਂ ਕੀਤਾ ਜਾਵੇ। ਫੋਨ ਜਾਂ ਹੋਰ ਤਕਨੀਕੀ ਸਾਧਨਾਂ ਤੋਂ ਥੋੜਾ ਦੂਰ ਰੱਖਿਆ ਜਾਵੇ। ਤਾਜ਼ੇ ਵਾਤਾਵਰਣ ਵਿੱਚ ਬੱਚਿਆਂ ਨੂੰ ਲੈਕੇ ਜਾਇਆ ਜਾਵੇ, ਉਹਨਾਂ ਦੀ ਪਸੰਦ ਜਾਂ ਨਾਪਸੰਦ ਦਾ ਧਿਆਨ ਰੱਖਿਆ ਜਾਵੇ। ਜਿੰਨਾਂ ਹੋ ਸਕੇ ਬੱਚਿਆਂ ਨੂੰ ਘਰ ਦਾ ਬਣਿਆ ਹੋਇਆ ਤਾਜ਼ਾ ਖਾਣਾ ਖਵਾਇਆ ਜਾਵੇ। ਬਾਹਰੀ ਖਾਣੇ ਤੋਂ ਗੁਰੇਜ਼ ਕੀਤਾ ਜਾਵੇ। ਬੱਚੇ ਨੂੰ ਖੁਸ਼ ਰੱਖਣ ਲਈ ਉਸਨੂੰ ਤੋਹਫਿਆਂ ਤੇ ਨਿਰਭਰ ਨਾ ਕੀਤਾ ਜਾਵੇ ਬਲਕਿ ਬੱਚੇ ਨੂੰ ਆਪਣੇ ਮਾਪਿਆਂ ਜਾਂ ਆਪਣੇ ਆਪ ਵਿਚੋਂ ਖੁਸ਼ੀ ਲੱਭਣੀ ਸਿਖਾਈ ਜਾਵੇ। ਅਜਿਹੇ ਰਵੱਈਏ ਨੂੰ ਧਾਰਣ ਕਰਨ ਤੋਂ ਬਾਅਦ ਵੀ ਜੇਕਰ ਵਿਵਹਾਰ ਵਿੱਚ ਫ਼ਰਕ ਨਹੀਂ ਪੈਂਦਾ ਤਾਂ ਕਿਸੇ ਚੰਗੇ ਡਾਕਟਰ ਦੀ ਸਲਾਹ ਵੀ ਲਈ ਜਾ ਸਕਦੀ ਹੈ।ਇਸ ਤਰ੍ਹਾਂ ਦੀਆਂ ਕੁਝ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਅਸੀਂ ਚਿੜਚਿੜੇਪਣ ਵਿੱਚ ਉੱਲਝੇ ਬੱਚਿਆਂ ਦੇ ਜੀਵਨ ਨੂੰ ਸੁਲਝਾ ਸਕਦੇ ਹਾਂ ਅਤੇ ਆਪਣੇ ਅਤੇ ਬੱਚਿਆਂ ਦੇ ਜੀਵਨ ਵਿੱਚ ਰੌਸ਼ਨੀ ਫੈਲਾਅ ਸਕਦੇ ਹਾਂ।

## ਆਪਣੀ ਜ਼ਿੰਦਗੀ ਦਾ ਅਸਲ ਮਨੋਰਥ ਪਛਾਣੋ

ਲੇਖਕ : ਅਮਰਜੀਤ ਬਰਾੜ, ਮੋਬਾ: 94179-49079

ਬਿਨਾਂ ਕਿਸੇ ਮਨੋਰਥ ਤੋਂ ਜ਼ਿੰਦਗੀ ਉਸ ਦੌੜ ਵਾਂਗ ਹੈ, ਜਿਸ ਵਿਚ ਦੌੜਨ ਵਾਲਾ ਦੌੜਦਾ ਤਾਂ ਬਹੁਤ ਹੈ ਪਰ ਪਹੁੰਚਦਾ ਕਿਤੇ ਵੀ ਨਹੀਂ। ਹਰ ਦੌੜਦੀ ਚੀਜ਼ ਮਗਰ ਦੌੜਨ ਵਾਲੇ ਇਨਸਾਨ ਦੀ ਨਾ ਤਾਂ ਕੋਈ ਮੰਜ਼ਿਲ ਹੁੰਦੀ ਹੈ ਅਤੇ ਨਾ ਹੀ ਉਸ ਦਾ ਕੋਈ ਮਨੋਰਥ। ਅਕਸਰ ਜਿਨ੍ਹਾਂ ਚੀਜ਼ਾਂ ਮਗਰ ਅਸੀਂ ਜ਼ਿਆਦਾ ਦੌੜਦੇ ਹਾਂ, ਉਹ ਚੀਜ਼ਾਂ ਸਾਨੂੰ ਮਿਲਦੀਆਂ ਨਹੀਂ ਅਤੇ ਜਿਨ੍ਹਾਂ ਚੀਜ਼ਾਂ ਤੋਂ ਅਸੀਂ ਬਚਣ ਦੀ ਕੋਸ਼ਿਸ਼ ਕਰਦੇ ਹਾਂ, ਉਹ ਚੀਜ਼ਾਂ ਸਾਡਾ ਖਹਿੜਾ ਨਹੀਂ ਛੱਡਦੀਆਂ। ਅਸੀਂ ਆਪਣੇ ਹੀ ਡਰ ਤੋਂ ਸਭ ਤੋਂ ਵੱਧ ਡਰਦੇ ਹਾਂ ਅਤੇ ਇਸੇ ਗੱਲ ਦੀ ਚਿੰਤਾ ਹੀ ਜ਼ਿੰਦਗੀ ਭਰ ਸਾਨੂੰ ਚਿੰਬੜੀ ਰਹਿੰਦੀ ਹੈ। ਅਸੀਂ ਖੁਸ਼ੀਆਂ ਪ੍ਰਾਪਤ ਕਰਨਾ ਚਾਹੁੰਦੇ ਹਾਂ ਪਰ ਸਾਨੂੰ ਇਕ ਛੋਟੀ ਜਿਹੀ ਖੁਸ਼ੀ ਦੀ ਕੀਮਤ ਹੀ ਅਦਾ ਕਰਨੀ ਨਹੀਂ ਆਉਂਦੀ। ਇਕ-ਇਕ ਨਿੱਕੀ-ਨਿੱਕੀ ਖੁਸ਼ੀ ਹੀ ਖੁਸ਼ੀਆਂ ਦਾ ਸਬੱਬ ਬਣਦੀ ਹੈ ਅਤੇ ਇਹ ਖੁਸ਼ੀਆਂ ਹੀ ਜ਼ਿੰਦਗੀ ਦੀ ਖੁਸ਼ਹਾਲੀ ਬਣਦੀਆਂ ਹਨ। ਜ਼ਰਾ ਆਪ ਹੀ ਸੋਚੋ, ਅਸੀਂ ਹਰ ਰੋਜ਼ ਕਿੰਨੇ ਕੁ ਲੋਕਾਂ ਦੀਆਂ ਖੁਸ਼ੀਆਂ ਦਾ ਸਬੱਬ ਬਣਦੇ ਹਾਂ? ਅਸੀਂ ਉਹੀ ਕੁਝ ਪ੍ਰਾਪਤ ਕਰਦੇ ਹਾਂ, ਜੋ ਅਸੀਂ ਦੂਜਿਆਂ ਨੂੰ ਵੰਡਦੇ ਹਾਂ। ਘਰ ਵਿਚ ਘਰੇਲੂ ਕੰਮ ਕਰਨ ਵਾਲੀ ਔਰਤ ਨੂੰ ਕਈ ਵਾਰ ਇੰਜ ਲਗਦਾ ਹੈ ਕਿ ਜਿਵੇਂ ਉਸ ਦੀ ਆਪਣੀ ਜ਼ਿੰਦਗੀ ਦਾ ਕੋਈ ਮਨੋਰਥ ਨਹੀਂ ਹੁੰਦਾ।

ਕਈ ਪੜ੍ਹੀਆਂ-ਲਿਖੀਆਂ ਕੁੜੀਆਂ ਵਿਆਹ ਉਪਰੰਤ ਇਸੇ ਲਈ ਪ੍ਰੇਸ਼ਾਨ ਰਹਿੰਦੀਆਂ ਹਨ ਕਿ ਉਹ ਪੜ੍ਹ-ਲਿਖ ਕੇ ਵੀ ਨੌਕਰੀ ਨਹੀਂ ਕਰ ਸਕੀਆਂ ਅਤੇ ਘਰੇਲੂ ਕੰਮ ਕਰਦੀਆਂ ਉਹ ਐਨੀਆਂ ਨੀਰਸ ਅਤੇ ਨਿਰਉਤਸ਼ਾਹ ਹੋ ਜਾਂਦੀਆਂ ਹਨ ਕਿ ਉਨ੍ਹਾਂ ਨੂੰ ਘਰ ਜੇਲ੍ਹ ਲੱਗਣ ਲਗਦਾ ਹੈ। ਹੌਲੀ-ਹੌਲੀ ਉਨ੍ਹਾਂ ਦੇ ਸੁਭਾਅ ਵਿਚ ਚਿੜਚਿੜਾਪਨ ਆਉਣਾ ਸ਼ੁਰੂ ਹੋ ਜਾਂਦਾ ਹੈ ਅਤੇ ਅਕਸਰ ਮਨ ਅਸ਼ਾਂਤ ਅਤੇ ਦਿਲ ਉਦਾਸ ਰਹਿਣਾ ਸ਼ੁਰੂ ਹੋ ਜਾਂਦਾ ਹੈ। ਅਕਸਰ ਅਜਿਹੀਆਂ ਔਰਤਾਂ ਨੂੰ ਸਫਲਤਾ ਦੀ ਪਰਿਭਾਸ਼ਾ ਦਾ ਗਿਆਨ ਤਾਂ ਹੁੰਦਾ ਹੈ ਪਰ ਖੁਸ਼ੀਆਂ ਦੀ ਵਿਆਕਰਣ ਦੇ ਨੇਮਾਂ ਨੂੰ ਉਹ ਨਹੀਂ ਜਾਣਦੀਆਂ ਕਿ ਇਹ ਵੀ ਜ਼ਿੰਦਗੀ ਦਾ ਇਕ ਮਨੋਰਥ ਹੈ। ਦੂਜਿਆਂ ਨਾਲ ਮੁਕਾਬਲੇ ਦੀ ਇੱਛਾ ਹਮੇਸ਼ਾ ਤੰਗ ਕਰਦੀ ਹੈ। ਤੁਹਾਡੇ ਆਲੇ-ਦੁਆਲੇ ਕਿੰਨੇ ਲੋਕ ਹਨ, ਜਿਹੜੇ ਚੰਗੇ ਅਹੁਦਿਆਂ 'ਤੇ ਕਾਬਜ਼ ਹਨ ਅਤੇ ਵੱਡੀਆਂ ਤਨਖਾਹਾਂ ਲੈਂਦੇ ਹਨ ਪਰ ਫਿਰ ਵੀ ਉਹ ਖੁਸ਼ ਨਹੀਂ ਹਨ। ਅਸਲ ਵਿਚ ਉਹ ਲੋਕ ਉਸ ਮੁਕਾਬਲੇ ਦੀ ਦੌੜ ਵਿਚ ਹਨ, ਜਿਥੇ ਉਹ ਜਿੱਤ ਤਾਂ ਸਕਦੇ ਹਨ ਪਰ ਜੇਤੂ ਨਹੀਂ ਰਹਿ ਸਕਦੇ। ਲਾਲਚ ਦਾ ਪੇਟ ਕਦੇ ਨਹੀਂ ਭਰਦਾ। ਅੱਖਾਂ ਵਿਚ ਤ੍ਰਿਸ਼ਨਾ ਕਦੇ ਖ਼ਤਮ ਨਹੀਂ ਹੁੰਦੀ। ਇਹ ਨਾ ਸੋਚੋ ਕਿ ਕਿੰਨੇ ਲੋਕ ਤੁਹਾਡੇ ਤੋਂ ਵੱਧ ਸਫਲ ਹੋਏ ਹਨ, ਬਲਕਿ ਇਹ ਵਿਚਾਰਨ ਵਾਲੀ ਗੱਲ ਹੈ ਕਿੰਨੇ ਕੁ ਲੋਕ ਹਨ, ਜੋ ਤੁਹਾਡੀ ਵਜ੍ਹਾ ਕਰਕੇ ਜ਼ਿੰਦਗੀ ਵਿਚ ਸਫਲ ਹੋਏ ਹਨ।

ਨੇਕੀ ਦੀ ਅਸਲ ਤਾਕਤ ਨੇਕੀ ਕਰਕੇ ਭੁੱਲ ਜਾਣ ਵਿਚ ਹੈ। ਤੁਸੀਂ ਆਪਣੀ ਘਰੇਲੂ ਜ਼ਿੰਦਗੀ ਨੂੰ ਨਿਗੁਣਾ, ਛੋਟਾ ਅਤੇ ਮਨੋਰਥਹੀਣ ਨਾ ਸਮਝੋ। ਸਿਆਣੀ ਅਤੇ ਸਮਝਦਾਰ ਔਰਤ ਕਦੇ ਬੇਰੁਜ਼ਗਾਰ ਨਹੀਂ ਹੁੰਦੀ। ਸੁਖੀ ਰਹਿਣ ਦਾ ਤਰੀਕਾ ਹੈ ਕਿ ਜੇਕਰ ਤੁਹਾਨੂੰ ਪਸੰਦ ਦੀ ਚੀਜ਼ ਨਹੀਂ ਮਿਲੀ ਤਾਂ ਤੁਸੀਂ ਉਸ ਚੀਜ਼ ਨੂੰ ਆਪਣੀ ਪਸੰਦ ਬਣਾ ਲਵੋ ਜੋ ਤੁਹਾਡੇ ਕੋਲ ਹੈ। ਜੋ ਕੋਲ ਨਹੀਂ ਹੈ, ਉਸ ਦੀ ਚਿੰਤਾ ਹੈ ਅਤੇ ਜੋ ਕੋਲ ਹੈ ਉਸ ਦੀ ਕੀਮਤ ਦਾ ਅਹਿਸਾਸ ਨਹੀਂ। ਧੁਰ ਅੰਦਰੋਂ ਜ਼ਿੰਦਗੀ ਨੂੰ ਮਹਿਸੂਸ ਕਰਨ ਵਾਲੇ ਹੀ ਜ਼ਿੰਦਗੀ ਨੂੰ ਮਾਣ ਸਕਦੇ ਹਨ। ਕਈ ਚੀਜ਼ਾਂ ਯਤਨ ਕਰਨ ਨਾਲ ਨਹੀਂ, ਸਗੋਂ ਸਬਰ ਰੱਖਣ ਨਾਲ ਮਿਲਦੀਆਂ ਹਨ। ਤੁਹਾਡਾ ਸੁਭਾਅ ਵੀ ਤੁਹਾਡਾ ਭਵਿੱਖ ਤੈਅ ਕਰਦਾ ਹੈ। ਜੇਕਰ ਤੁਹਾਡੇ ਕੋਲ ਚੰਗੀ ਸਿਹਤ ਹੈ, ਸੋਚ ਅਤੇ ਸਮਝ ਹੈ ਅਤੇ ਏਨਾ ਹੋਣ ਦੇ ਬਾਵਜੂਦ ਵੀ ਤੁਸੀਂ ਜੇਕਰ ਖੁਸ਼ ਨਹੀਂ ਹੋ ਤਾਂ ਇਹ ਕਮੀ ਜ਼ਰੂਰ ਤੁਹਾਡੇ ਇਰਾਦੇ ਵਿਚ ਹੋਵੇਗੀ। ਗ਼ਲਤ ਤਰੀਕੇ ਨਾਲ ਪੂਰੀ ਰੋਟੀ ਖਾਣ ਦੀ ਬਜਾਏ ਸਹੀ ਤਰੀਕੇ ਨਾਲ ਕਮਾਈ ਅੱਧੀ ਰੋਟੀ ਕਿਤੇ ਵੱਧ ਸੰਤੁਸ਼ਟੀ ਦਿੰਦੀ ਹੈ। ਤੁਹਾਡੇ ਅੰਦਰ ਦੀ ਭਾਵਨਾ ਜਿੰਨੀ ਵੱਧ ਸ਼ੁੱਧ ਹੋਵੇਗੀ, ਓਨੀ ਹੀ ਤੁਹਾਡੇ ਕੰਮਾਂ ਦੀ ਤਾਕਤ ਵੱਧ ਹੋਵੇਗੀ। ਜੇਕਰ ਤੁਸੀਂ ਦੂਜਿਆਂ ਦੀ ਸਫਲਤਾ ਵਿਚ ਯੋਗਦਾਨ ਪਾਓਗੇ ਤਾਂ ਤੁਹਾਨੂੰ ਆਪਣੀ ਅਸਫਲਤਾ ਦੇ ਸਾਰੇ ਦਰਦ ਦੂਰ ਹੋ ਗਏ ਮਹਿਸੂਸ ਹੋਣਗੇ। ਦੂਜਿਆਂ ਦੇ ਮਨੋਰਥ ਨੂੰ ਪੂਰਾ ਕਰਨ ਵਿਚ ਸਹਾਈ ਹੋਣਾ ਤੁਹਾਡੀ ਜ਼ਿੰਦਗੀ ਦਾ ਇਕ ਅਜਿਹਾ ਮਨੋਰਥ ਹੈ, ਜੋ ਇਕ ਦਿਨ ਇਤਿਹਾਸ ਦਾ ਹਿੱਸਾ ਬਣਦਾ ਹੈ।

ਕਈ ਲੋਕ ਕੈਰੀਅਰ ਬਣਾਉਂਦੇ ਹਨ ਅਤੇ ਕਈ ਮਦਦ ਕਰਨ ਵਾਲੇ ਲੋਕ ਇਤਿਹਾਸ ਬਣਾਉਂਦੇ ਹਨ। ਸਭ ਤੋਂ ਵੱਡਾ ਨੁਕਸ ਹੈ ਆਪਣੇ ਕਿਸੇ ਨੁਕਸ ਦਾ ਨਜ਼ਰ ਨਾ ਆਉਣਾ। ਉਨ੍ਹਾਂ ਲੋਕਾਂ ਦੀ ਸਲਾਹ ਜ਼ਰੂਰ ਲਵੋ, ਜੋ ਜ਼ਿੰਦਗੀ ਵਿਚ ਖੁਦ ਸਫਲਤਾ ਦੀ ਮਿਸਾਲ ਬਣਦੇ ਹਨ, ਕਿਉਂਕਿ ਅਜਿਹੇ ਲੋਕ ਉਸਾਰੂ ਸੋਚ ਦੇ ਮਾਲਕ ਹੁੰਦੇ ਹਨ। ਮਨੋਰਥ ਸਿਰਫ ਨੌਕਰੀ, ਪੈਸਾ, ਕਾਰੋਬਾਰ, ਡਿਗਰੀ ਜਾਂ ਅਹੁਦਾ ਨਹੀਂ ਹੁੰਦਾ। ਜ਼ਿੰਦਗੀ ਇਕ ਸੰਗੀਤ ਹੈ। ਇਸ ਨੂੰ ਸੁਣੋ ਅਤੇ ਮਾਣੋ। ਜ਼ਿੰਦਗੀ ਇਕ ਮੌਕਾ ਹੈ ਚੰਗਾ ਇਨਸਾਨ ਬਣਨ ਦਾ। ਖੁਸ਼ੀਆਂ ਮਾਣੋ ਅਤੇ ਵੰਡੋ। ਚੰਗੀ ਖੁਰਾਕ, ਚੰਗੀ ਸਿਹਤ ਅਤੇ ਚੰਗੀਆਂ ਆਦਤਾਂ ਜ਼ਿੰਦਗੀ ਦੀ ਸਭ ਤੋਂ ਵੱਡੀ ਖੂਬਸੂਰਤੀ ਹੈ। ਕਿਸੇ ਲਈ ਦੁਆ ਅਤੇ ਕਿਸੇ ਲਈ ਅਰਦਾਸ ਬਣੋ। ਕਿਸੇ ਲਈ ਰੌਸ਼ਨੀ ਅਤੇ ਕਿਸੇ ਲਈ ਗਿਆਨ। ਉਮੀਦਾਂ ਜਿੰਨੀਆਂ ਘੱਟ ਹੁੰਦੀਆਂ ਹਨ, ਖੁਸ਼ੀ ਓਨੀ ਵੱਧ ਮਿਲਦੀ ਹੈ। ਕਿਸੇ ਵੀ ਔਰਤ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਅਮਾਨਤ ਉਸ ਦੀ ਇੱਜ਼ਤ ਹੈ ਅਤੇ ਇੱਜ਼ਤ ਗੁਆ ਕੇ ਪ੍ਰਾਪਤ ਕੀਤੇ ਮਨੋਰਥ ਸ਼ੋਹਰਤ ਤਾਂ ਦੇ ਸਕਦੇ ਹਨ ਪਰ ਤਸੱਲੀ, ਖੁਸ਼ੀ ਜਾਂ ਸ਼ਾਂਤੀ ਨਹੀਂ। ਸਿਰਫ ਪਹੁੰਚ ਜਾਣਾ ਜਾਂ ਪ੍ਰਾਪਤ ਕਰ ਲੈਣਾ ਜ਼ਿੰਦਗੀ ਦੀ ਮੰਜ਼ਿਲ ਤਾਂ ਹੋ ਸਕਦਾ ਹੈ ਪਰ ਮਨੋਰਥ ਨਹੀਂ। ਮਨੋਰਥ ਦਿਲਾਂ ਵਿਚ ਪਲਦੇ ਹਨ, ਰੂਹਾਂ ਨਾਲ ਬਣਦੇ ਹਨ ਅਤੇ ਆਖਰੀ ਸਾਹਾਂ ਤੱਕ ਵੀ ਚਲਦੇ ਰਹਿੰਦੇ ਹਨ।





# CLASSIFIEDS & MATRIMONIALS



## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

**Professionally qualified match from decent Sikh family for our son 30, 5'10" federal government job. He is chartered professional Accountant and working in B.C.Contact Dr. Sidhu 778 829 0991**

..........................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04

**Three Bedroom Laneway House**

at Granville and 57th vancouver
close to UBC , Vancouver Downtown
airport easy access to Bus Service

**Rent: $2,600**

**604-368-3600**

## BRIDE WANTED

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। **USA** ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ **gillco1977@gmail.com**, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ। AP 13-02

..........................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..........................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

..........................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..........................................

ਕੈਨੇਡਾ ਸੈਟਲ ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਸੀ.ਪੀ.ਏ. ਫੈਡਰਲ ਸਰਕਾਰ ਨੌਕਰੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-829-0991 AP 02-04

..........................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

# ਨਫ਼ਰਤ ਮਾਨਸਿਕ ਸਿਹਤ ਲਈ ਵੀ ਗੰਭੀਰ ਖ਼ਤਰਾ

ਲੇਖਕ : ਡਾ. ਅਰੁਣ ਮਿੱਤਰਾ, ਸੰਪਰਕ: 94170-00360

12 ਅਪਰੈਲ 2023 ਦੀ ਨਵ ਭਾਰਤ ਟਾਈਮਜ਼ ਵਿੱਚ ਛਪੀ ਖਬਰ ਦੇ ਅਨੁਸਾਰ, ਇੱਕ ਪੋਸਟ ਦਾ ਹਵਾਲਾ ਦਿੰਦੇ ਹੋਏ, ਜਿਸ ਵਿੱਚ ਇੱਕ ਬੱਚੇ ਦੀ ਮਾਂ ਨੇ ਦੱਸਿਆ ਸੀ ਕਿ ਉਸ ਦੀ ਧੀ ਅੱਜ ਰੋਂਦੀ ਹੋਈ ਘਰ ਆਈ ਤੇ ਉਸ ਨੇ ਪੁੱਛਿਆ ਕਿ 'ਕੀ ਅਸੀਂ ਮੁਸਲਮਾਨ ਇੰਨੇ ਗੰਦੇ ਹਾਂ' ? ਛੇਵੀਂ ਜਮਾਤ ਵਿੱਚ ਉਸ ਦੀ ਜਮਾਤਣ ਵੱਲੋਂ ਉਸ ਦੇ ਮੂੰਹ 'ਤੇ ਥੁੱਕਣ ਤੋਂ ਬਾਅਦ ਹੋਇਆ, ਜਦੋਂਕਿ ਉਸ ਨੂੰ ਪਤਾ ਲੱਗਿਆ ਕਿ ਉਹ ਮੁਸਲਮਾਨ ਹੈ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਅਤੇ ਇਹ ਉਸ ਗੱਲ ਦਾ ਪ੍ਰਤੀਬਿੰਬ ਹੈ, ਜੋ ਕੁਝ ਘਰਾਂ ਵਿੱਚ ਲਗਾਤਾਰ ਚਰਚਾ ਕੀਤੀ ਜਾ ਰਹੀ ਹੈ ਅਤੇ ਬੱਚਿਆਂ ਦੇ ਦਿਮਾਗ ਵਿੱਚ ਪਾਈ ਜਾ ਰਹੀ ਹੈ। ਉਸ ਉਮਰ ਦੇ ਬੱਚੇ ਧਾਰਮਿਕ ਵਖਰੇਵਿਆਂ, ਧਰਮ, ਜਾਤ, ਨਸਲ ਜਾਂ ਲਿੰਗ ਦੇ ਆਧਾਰ 'ਤੇ ਕਿਸੇ ਨਾਲ ਨਫ਼ਰਤ ਕਰਨ ਦੀ ਗੱਲ ਨਹੀਂ ਕਰਦੇ ਪਰ ਲਗਾਤਾਰ ਨਕਾਰਾਤਮਕ ਚਰਚਾਵਾਂ ਬੱਚੇ ਦੇ ਵਿਕਾਸਸ਼ੀਲ ਮਨ 'ਤੇ ਲੰਬੇ ਸਮੇਂ ਲਈ ਪ੍ਰਭਾਵ ਪਾਉਂਦੀਆਂ ਹਨ। ਗੁਜਰਾਤ ਵਿੱਚ ਹੋਏ ਦੰਗਿਆਂ ਤੋਂ ਬਾਅਦ 7 ਮਈ, 2002 ਦੇ ਟਾਈਮਜ਼ ਆਫ਼ ਇੰਡੀਆ ਨੇ ਰਿਪੋਰਟ ਦਿੱਤੀ ਸੀ ਕਿ "ਧਰਮ ਨਿਰਪੱਖਤਾ ਦੀ ਉਮੀਦ ਦੇ ਆਖਰੀ ਸਾਹ ਲੈ ਰਹੀ ਹੈ। ਖਾਸ ਤੌਰ 'ਤੇ ਬੱਚਿਆਂ ਦੇ ਮੂੰਹ 'ਚੋਂ ਅੱਗ ਬਰਸ ਰਹੀ ਹੈ। ਨਫ਼ਰਤ ਦਾ ਬੀਜ ਜਵਾਨੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਬੱਚੇ ਦੇ ਮਨ ਵਿਚ ਬੀਜ ਦਿੱਤਾ ਜਾਂਦਾ ਹੈ।"

ਸਾਡੇ ਸਮਾਜ ਵਿਚ ਜਿੱਥੇ ਜਾਤ-ਪਾਤ ਅਤੇ ਧਰਮ ਦੇ ਆਧਾਰ 'ਤੇ ਭੇਦ-ਭਾਵ ਪਹਿਲਾਂ ਹੀ ਮੌਜੂਦ ਹਨ, ਉੱਥੇ ਦੂਜਿਆਂ ਪ੍ਰਤੀ ਨਫ਼ਰਤ ਦੀਆਂ ਭਾਵਨਾਵਾਂ ਨੂੰ ਜਗਾਉਣਾ ਆਸਾਨ ਹੈ। ਜਰਮਨੀ ਦੇ ਨਾਜ਼ੀ ਸਿਆਸਤਦਾਨ ਪਾਲ ਜੋਸਫ਼ ਗੋਏਬਲਜ਼ ਜੋ ਕਿ ਨਾਜ਼ੀ ਪਾਰਟੀ ਦਾ ਮੁੱਖ ਪ੍ਰਚਾਰਕ ਸੀ ਅਤੇ 1933 ਤੋਂ 1945 ਤੱਕ ਪ੍ਰਚਾਰ ਮੰਤਰੀ ਰਿਹਾ, ਨੇ ਇਸ ਸਿਧਾਂਤ 'ਤੇ ਕੰਮ ਕੀਤਾ ਕਿ 'ਜੇਕਰ ਤੁਸੀਂ ਇੱਕ ਝੂਠ ਨੂੰ ਅਕਸਰ ਦੁਹਰਾਉਂਦੇ ਹੋ ਤਾਂ ਲੋਕ ਇਸ 'ਤੇ ਵਿਸ਼ਵਾਸ ਕਰਨਗੇ, ਇਥੋਂ ਤੱਕ ਕਿ ਤੁਸੀਂ ਆਪ ਵੀ ਇਸ ਨੂੰ ਸੱਚ ਮੰਨਣ ਲਗ ਜਾਓਗੇ। ਇੱਕ ਵਾਰ ਬੋਲਿਆ ਗਿਆ ਝੂਠ, ਝੂਠ ਹੀ ਰਹਿੰਦਾ ਹੈ ਪਰ ਹਜ਼ਾਰ ਵਾਰ ਬੋਲਿਆ ਗਿਆ ਝੂਠ ਸੱਚ ਬਣ ਜਾਂਦਾ ਹੈ।"

ਉਸ ਨੇ ਯਹੂਦੀਆਂ ਦੇ ਵਿਰੁੱਧ ਇੱਕ ਯੋਜਨਾਬੱਧ ਪ੍ਰਚਾਰ ਕੀਤਾ। ਇਹ ਪ੍ਰਚਾਰਿਆ ਗਿਆ ਕਿ ਯਹੂਦੀ ਖੁੰਬਾਂ ਵਾਂਗ ਵਧਦੇ ਹਨ ਅਤੇ ਉਹ ਜਰਮਨੀ ਦੀਆਂ ਸਮੱਸਿਆਵਾਂ ਦਾ ਕਾਰਨ ਹਨ। ਉਸ ਤੋਂ ਬਾਅਦ ਨਾਜ਼ੀਆਂ ਨੇ ਯਹੂਦੀਆਂ ਦੀ ਨਸਲਕੁਸ਼ੀ ਕੀਤੀ। ਨਾਜ਼ੀ ਦੌਰ ਵਿੱਚ 60 ਲੱਖ ਯਹੂਦੀ ਮਾਰੇ ਗਏ ਸਨ। ਇਨ੍ਹਾਂ ਵਿਚੋਂ 30 ਲੱਖ ਯਹੂਦੀ ਪੋਲੈਂਡ ਵਿੱਚ ਕਤਲ ਕੀਤੇ ਗਏ। ਯੂਰਪ ਤੇ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਯਹੂਦੀ-ਵਿਰੋਧ (ਅਨਟਿ-ਸਈਮਿਟਿਸਮ) ਅਜੇ ਵੀ ਲੋਕਾਂ ਦੀ ਮਾਨਸਿਕਤਾ ਦਾ ਹਿੱਸਾ ਹੈ। ਹੁਟੂਸ ਦੁਆਰਾ ਤੁਤਸੀਆਂ ਦੇ ਵਿਰੁੱਧ ਪ੍ਰਚਾਰ ਦੇ ਕਾਰਨ 1994 ਵਿੱਚ ਰਾਵਾਂਡਾ ਵਿੱਚ ਕਬਾਇਲੀ ਯੁੱਧ ਹੋਇਆ, ਜਿਸ ਵਿੱਚ ਸਿਰਫ 100 ਦਿਨਾਂ ਦੇ ਅੰਤਰਾਲ ਵਿੱਚ 8,00,000 ਤੋਂ ਵੱਧ ਲੋਕ ਮਾਰੇ ਗਏ ਸਨ। ਭਾਰਤ ਦੀ ਵੰਡ ਦੌਰਾਨ 10 ਲੱਖ ਲੋਕ ਮਾਰੇ ਗਏ ਸਨ। ਮਨੀਪੁਰ ਵਿੱਚ ਹਿੰਸਾ ਦੀਆਂ ਤਾਜ਼ਾ ਘਟਨਾਵਾਂ ਆਉਣ ਵਾਲੇ ਦਹਾਕਿਆਂ ਤੱਕ ਕੁਕੀ ਅਤੇ ਮਿਤਈ ਲੋਕਾਂ ਨੂੰ ਇੱਕ ਦੂਜੇ ਤੋਂ ਦੂਰ ਕਰ ਦੇਣਗੀਆਂ।

ਇਹ ਨੋਟ ਕਰਨਾ ਸਭ ਤੋਂ ਘਿਣਾਉਣੀ ਗੱਲ ਸੀ ਕਿ ਮਹਾਮਾਰੀ ਦੌਰਾਨ ਵੀ ਜਦੋਂ ਲੋਕਾਂ ਨੂੰ ਇਕਜੁਟ ਹੋਣ ਦੀ ਜ਼ਰੂਰਤ ਸੀ, ਤਬਲੀਗੀਆਂ ਦੇ ਵਿਰੁੱਧ ਇੱਕ ਝੂਠਾ ਪ੍ਰਚਾਰ ਸ਼ੁਰੂ ਕੀਤਾ ਗਿਆ ਅਤੇ ਬਿਨਾਂ ਕਿਸੇ ਸਬੂਤ ਦੇ ਕੋਵਿਡ ਫੈਲਾਉਣ ਦਾ ਦੋਸ਼ ਲਗਾ ਕੇ ਉਨ੍ਹਾਂ ਨੂੰ ਫੜ ਲਿਆ ਗਿਆ ਸੀ। ਹਾਲਾਂਕਿ ਬਾਅਦ ਵਿਚ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ।

ਜਦੋਂ ਕੁਝ ਔਰਤਾਂ ਨਾਗਰਿਕ ਸੋਧ ਬਿੱਲ ਵਿਰੁੱਧ ਸ਼ਾਹੀਨ ਬਾਗ ਵਿੱਚ ਧਰਨੇ 'ਤੇ ਬੈਠੀਆਂ ਤਾਂ ਉਨ੍ਹਾਂ ਦਾ ਮਜ਼ਾਕ ਉਡਾਇਆ ਗਿਆ। ਕੁਝ ਮਹੀਨੇ ਪਹਿਲਾਂ ਹੀ ਗੁਜਰਾਤ ਸਰਕਾਰ ਵੱਲੋਂ ਬਿਲਕਿਸ ਬਾਨੋ ਦੇ ਪਰਿਵਾਰ ਦੇ ਕਾਤਲਾਂ ਅਤੇ ਬਲਾਤਕਾਰੀਆਂ ਨੂੰ ਉਸੇ ਸਮੇਂ ਰਿਹਾਅ ਕਰ ਦਿੱਤਾ ਗਿਆ, ਜਦੋਂ ਪ੍ਰਧਾਨ ਮੰਤਰੀ 15 ਅਗਸਤ 2022 ਨੂੰ ਲਾਲ ਕਿਲ੍ਹੇ ਤੋਂ ਔਰਤਾਂ ਦੀ ਇੱਜ਼ਤ ਬਚਾਉਣ ਦੀ ਆਪਣੀ ਵਚਨਬੱਧਤਾ ਬਾਰੇ ਗੱਲ ਕਰ ਰਹੇ ਸਨ। ਹੁਣ ਅਸੀਂ ਦੇਖ ਰਹੇ ਹਾਂ ਕਿ ਜੰਤਰ-ਮੰਤਰ ਨਵੀਂ ਦਿੱਲੀ ਵਿੱਚ ਧਰਨੇ 'ਤੇ ਬੈਠੀਆਂ ਔਰਤਾਂ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੀਆਂ ਹਨ, ਜਿਸ 'ਤੇ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਜਾ ਰਹੀ ਹਨ। ਇਹ ਔਰਤਾਂ ਕਿਸੇ ਵੀ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਨਹੀਂ ਹਨ। ਉਹ ਜਾਟ ਭਾਈਚਾਰੇ ਤੋਂ ਆਉਂਦੀਆਂ ਹਨ। ਇਹ ਇੱਕ ਸਪੱਸ਼ਟ ਸੰਦੇਸ਼ ਹੈ ਕਿ ਨਫ਼ਰਤ ਦੇ ਬਿਰਤਾਂਤ ਵਿਚ ਕਿਸੇ ਨੂੰ ਬਖਸ਼ਿਆ ਨਹੀਂ ਜਾਂਦਾ।

ਇਹ ਸਮਝਣ ਦਾ ਸਮਾਂ ਹੈ ਕਿ ਨਫ਼ਰਤ ਦਾ ਬਿਰਤਾਂਤ ਕਿਸੇ ਇੱਕ ਫਿਰਕੇ ਜਾਂ ਨਸਲੀ ਸਮੂਹ 'ਤੇ ਨਹੀਂ ਰੁਕਦਾ। ਇਹ ਕਮਜ਼ੋਰ ਵਰਗਾਂ ਦੇ ਵਿਰੁੱਧ ਇੱਕ ਮਾਨਸਿਕਤਾ ਬਣ ਜਾਂਦੀ ਹੈ। ਕਮਜ਼ੋਰ ਲੋਕਾਂ ਨੂੰ ਸਾਰੀਆਂ ਬੁਰਾਈਆਂ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਹਿਟਲਰ ਯਹੂਦੀਆਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਅਤੇ ਆਪਣੇ ਆਪ ਨੂੰ ਸੱਚਾ ਈਸਾਈ ਸਾਬਤ ਕਰਨਾ ਚਾਹੁੰਦਾ ਸੀ ਪਰ ਅਖੀਰ ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਮਾਰੇ ਗਏ ਸਾਡੇ ਪੰਜ ਕਰੋੜ ਤੋਂ ਵੱਧ ਲੋਕਾਂ ਵਿੱਚੋਂ ਬਹੁਤ ਸਾਰੇ ਈਸਾਈ ਸਨ।

ਕੱਟੜਤਾ ਤੇ ਨਫਰਤ ਮਨੁੱਖੀ ਵਿਹਾਰ ਦਾ ਹਿੱਸਾ ਨਹੀਂ ਹੈ। ਲੋਕ ਹਮੇਸ਼ਾ ਸ਼ਾਂਤੀ ਨਾਲ ਰਹਿਣ ਲਈ ਤਰਸਦੇ ਰਹੇ ਹਨ। ਦੂਸਰਿਆਂ ਵਿਰੁੱਧ ਨਫ਼ਰਤ ਘਟੀਆ ਮਨੋਰਥ ਨਾਲ ਫੈਲਾਈ ਜਾਂਦੀ ਹੈ। ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਇੱਕ ਦੂਜੇ ਦੇ ਵਿਰੁੱਧ ਲੜਨ ਦੀਆਂ ਬਹੁਤ ਘੱਟ ਰਿਪੋਰਟਾਂ ਹਨ। ਦੇਸ਼ 'ਤੇ ਰਾਜ ਕਰਨ ਦੇ ਉਦੇਸ਼ ਨਾਲ ਬਸਤੀਵਾਦੀ ਸ਼ਕਤੀ ਨੇ ਸਮਾਜ ਨੂੰ ਵੰਡਣ ਲਈ ਸਾਰੇ ਸਾਧਨਾਂ ਦੀ ਵਰਤੋਂ ਕੀਤੀ ਤਾਂ ਜੋ ਦੇਸ਼ 'ਤੇ ਆਪਣੀ ਪਕੜ ਮਜ਼ਬੂਤ ਕੀਤੀ ਜਾ ਸਕੇ। ਉਹ ਦੇਸ਼ ਨੂੰ ਵੰਡਣ ਵਿੱਚ ਵੀ ਕਾਮਯਾਬ ਹੋ ਗਏ। ਹਾਲਾਂਕਿ ਇੱਥੇ ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਵੰਡ ਦੌਰਾਨ ਹੋਏ ਦੰਗਿਆਂ ਵਿੱਚ 10 ਲੱਖ ਤੋਂ ਵੱਧ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦੇ ਮਾਰੇ ਜਾਣ ਦੇ ਬਾਵਜੂਦ, ਭਾਰਤ ਦੇ ਲੋਕਾਂ ਨੇ ਨਫ਼ਰਤ ਦੀ ਰਾਜਨੀਤੀ ਨੂੰ ਨਕਾਰ ਦਿੱਤਾ ਅਤੇ ਆਜ਼ਾਦ ਭਾਰਤ ਵਿੱਚ ਪਹਿਲੀ ਵਾਰ ਹੋਈਆਂ ਚੋਣਾਂ ਵਿੱਚ ਫਿਰਕੂ ਫੁੱਟ ਪਾਊ ਤਾਕਤਾਂ ਨੂੰ ਹਰਾਇਆ ਅਤੇ ਧਰਮ, ਜਾਤ ਜਾਂ ਲਿੰਗ ਦੇ ਭੇਦਭਾਵ ਤੋਂ ਰਹਿਤ ਮਾਨਵਵਾਦ ਅਤੇ ਸਨਮਾਨ ਦੇ ਆਦਰਸ਼ਾਂ 'ਤੇ ਆਧਾਰਿਤ ਦੇਸ਼ ਦਾ ਨਿਰਮਾਣ ਕਰਨ ਦਾ ਨਿਰਣਾ ਕੀਤਾ। ਇਹ ਭਾਰਤ ਦਾ ਵਿਚਾਰ ਸੀ ਅਤੇ ਬਸਤੀਵਾਦੀ ਸ਼ਕਤੀ ਵਿਰੁੱਧ ਸਮੂਹਿਕ ਆਜ਼ਾਦੀ ਅੰਦੋਲਨ ਦਾ ਪ੍ਰਤੀਬਿੰਬ ਸੀ।

ਹੁਣ ਕੀ ਹੋਇਆ ਹੈ, ਇਹ ਇੱਕ ਵੱਡਾ ਸਵਾਲ ਹੈ? ਭਾਰਤ ਦੇ ਲੋਕ ਉਨ੍ਹਾਂ ਤਾਕਤਾਂ ਦੇ ਪ੍ਰਭਾਵ ਵਿਚ ਕਿਉਂ ਭਟਕ ਰਹੇ ਹਨ, ਜਿਨ੍ਹਾਂ ਨੇ ਕਦੇ ਵੀ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਨਹੀਂ ਲਿਆ, ਸਗੋਂ ਬਸਤੀਵਾਦੀ ਮਾਲਕਾਂ ਦਾ ਸਾਥ ਦਿੱਤਾ।

ਵੱਡੇ ਹੋਣ ਦੀ ਪ੍ਰਕਿਰਿਆ ਦੌਰਾਨ ਸਮਾਜਿਕ ਸਿੱਖਿਆ ਅਤੇ ਮਨੋਵਿਗਿਆਨਕ ਬਣਤਰ, ਨੌਜਵਾਨ ਦਿਮਾਗਾਂ ਦੇ ਭਵਿੱਖ ਦੇ ਵਿਵਹਾਰ ਦੇ ਨਮੂਨਿਆਂ ਵਿੱਚ ਬਹੁਤ ਵੱਡਾ ਫ਼ਰਕ ਪਾਉਂਦੇ ਹਨ। ਉਹ ਆਪਣੀ ਪਰਵਰਿਸ਼ ਦੇ ਦੌਰਾਨ ਪੱਖਪਾਤ, ਨਫ਼ਰਤ ਅਤੇ ਹੋਰ ਬਹੁਤ ਸਾਰੇ ਨਕਾਰਾਤਮਕ ਵਿਚਾਰਾਂ ਤੋਂ ਪ੍ਰਭਾਵਿਤ ਹੁੰਦੇ ਹਨ। ਇਸ ਲਈ ਇਸ ਦਾ ਗੰਭੀਰਤਾ ਨਾਲ ਅਧਿਐਨ ਕਰਨਾ ਅਤੇ ਇਸ ਤਰ੍ਹਾਂ ਦੇ ਅਸ਼ਲੀਲ ਵਿਵਹਾਰ ਨੂੰ ਵਾਪਰਨ ਤੋਂ ਰੋਕਣਾ ਜ਼ਰੂਰੀ ਹੈ। ਹੁਣ ਲੋਕਾਂ ਨੇ ਫੈਸਲਾ ਕਰਨਾ ਹੈ ਕਿ ਅਸੀਂ ਕਿਸ ਤਰ੍ਹਾਂ ਇਕਜੁੱਟ ਹੋ ਕੇ ਅੱਗੇ ਵਿਕਾਸ ਕਰਨਾ ਹੈ? ਨਫ਼ਰਤ ਸਮਾਜ ਨੂੰ ਵੰਡ ਦੀ, ਏਕਤਾ ਨੂੰ ਤੋੜਦੀ ਅਤੇ ਸ਼ਾਂਤੀਪੂਰਨ ਸਹਿ-ਹੋਂਦ ਨੂੰ ਖ਼ਤਰੇ 'ਚ ਪਾਉਂਦੀ ਹੈ। ਜਮਹੂਰੀ ਤਾਕਤਾਂ ਨੂੰ ਜਮਹੂਰੀ ਮੰਚਾਂ ਤੇ ਸੰਗਠਨਾਂ ਨੂੰ ਮਜ਼ਬੂਤ ਕਰਦੇ ਹੋਏ ਨਫ਼ਰਤ ਵਿਰੁੱਧ ਲੜਣ ਦੀ ਲੋੜ ਹੈ।

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਮਜੀਠਾ ਖੇਤਰ ਵਿਚ ਸ਼ਰਾਬ ਨਾਲ ਹੋਈਆਂ ਮੌਤਾਂ ਨੇ 'ਆਪ' ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਪੋਲ ਖੋਲ੍ਹੀ

**ਨਵਕਿਰਨ ਸਿੰਘ ਪੱਤੀ ਫੋਨ: 98885-44001**

ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਦੇ ਮਜੀਠਾ ਖੇਤਰ ਵਿਚ ਨਕਲੀ ਅਤੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ 28 ਮੌਤਾਂ ਨੇ ਪੰਜਾਬ ਸਰਕਾਰ ਦੀ ਨਸ਼ਿਆਂ ਖ਼ਿਲਾਫ ਚੱਲ ਰਹੀ ਮੁਹਿੰਮ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਸੂਬਾ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਦੇ ਨਾਮ ਹੇਠ ਨਸ਼ਿਆਂ ਖ਼ਿਲਾਫ ਚਲਾਈ ਜਾ ਰਹੀ ਮੁਹਿੰਮ ਦਾ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਦਰਮਿਆਨ ਮੌਤਾਂ ਦਾ ਇਹ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ ਮੌਤਾਂ ਤੋਂ ਇਲਾਵਾ ਇਕ ਵਿਅਕਤੀ ਦੀਆਂ ਅੱਖਾਂ ਦੀ ਨਿਗ੍ਹਾ ਚਲੀ ਗਈ ਹੈ ਤੇ ਕਈ ਗੰਭੀਰ ਬਿਮਾਰ ਹਸਪਤਾਲਾਂ ਵਿਚ ਇਲਾਜ ਕਰਵਾ ਰਹੇ ਹਨ। ਪੁਲਿਸ ਵੱਲੋਂ ਸਥਾਨਕ ਐਸ.ਐਚ.ਓ. ਤੇ ਡੀ.ਐਸ.ਪੀ. ਨੂੰ ਸਸਪੈਂਡ ਕਰ ਕੇ 16 ਦੇ ਕਰੀਬ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਮਾਮਲਾ ਹੱਲ ਕਰਨ ਦਾ ਦਾਅਵਾ ਕਰ ਦਿੱਤਾ ਗਿਆ। ਬਣਦਾ ਤਾਂ ਇਹ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਘਟਨਾ ਦੀ ਜ਼ਿੰਮੇਵਾਰੀ ਲੈਂਦੇ ਅਤੇ ਘੱਟੋ-ਘੱਟ ਆਬਕਾਰੀ ਮੰਤਰੀ ਤੋਂ ਅਸਤੀਫਾ ਲਿਆ ਜਾਂਦਾ, ਪਰ ਮੁੱਖ ਮੰਤਰੀ ਜੀ ਪੀੜਤ ਪਰਿਵਾਰਾਂ ਕੋਲ ਜਾਣ ਅਤੇ ਕੁੱਝ ਰਾਹਤ ਰਾਸ਼ੀ ਦੇਣ ਨੂੰ ਹੀ 'ਜ਼ਿੰਮੇਬਾਰੀ ਨਿਭਾਉਣ' ਵਜੋਂ ਪੇਸ਼ ਕਰ ਰਹੇ ਹਨ। ਵੈਸੇ ਭਗਵੰਤ ਮਾਨ ਦੀ ਸਰਕਾਰ ਦੇ ਸਾਢੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਨਕਲੀ ਸ਼ਰਾਬ ਨਾਲ ਮਰਨ ਵਾਲਿਆਂ ਦਾ ਇਹ ਦੂਜਾ ਵੱਡਾ ਮਾਮਲਾ ਹੈ। ਇਸ ਤੋਂ ਪਹਿਲਾਂ ਬੀਤੇ ਵਰ੍ਹੇ ਜ਼ਿਲ੍ਹਾ ਸੰਗਰੂਰ ਦੇ ਦਿੜ੍ਹਬਾ, ਸੁਨਾਮ ਖੇਤਰ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਕਰੀਬ ਦੋ ਦਰਜਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਸ ਲਈ ਜਦ ਲਗਾਤਾਰ ਦੂਜੀ ਵਾਰ ਮੌਤਾਂ ਦਾ ਕਾਰਨ ਗੈਰ-ਕਾਨੂੰਨੀ ਢੰਗ ਨਾਲ ਸਪਲਾਈ ਕੀਤੀ ਗਈ ਨਕਲੀ ਜਾਂ ਜ਼ਹਿਰੀਲੀ ਸ਼ਰਾਬ ਹੈ ਤਾਂ ਸੂਬਾ ਸਰਕਾਰ ਤੋਂ ਇਹ ਪੁੱਛਿਆ ਹੀ ਜਾਣਾ ਚਾਹੀਦਾ ਹੈ ਕਿ ਸੂਬੇ ਵਿਚ ਅਜਿਹਾ ਕਿਹੜਾ 'ਮਾਫੀਆ' ਹੈ ਜੋ ਸਰਕਾਰ ਦੀ ਨਸ਼ਿਆਂ ਖ਼ਿਲਾਫ ਮੁਹਿੰਮ ਦੇ ਬਾਵਜੂਦ ਸ਼ਰਾਬ ਦਾ ਗੈਰ-ਕਾਨੂੰਨੀ ਕਾਰੋਬਾਰ ਚਲਾ ਰਿਹਾ ਹੈ। ਪਿਛਲੇ ਸਾਲ ਸੰਗਰੂਰ ਜ਼ਿਲ੍ਹੇ ਵਿਚ ਮੌਤਾਂ ਹੋਣ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਏ.ਡੀ.ਜੀ.ਪੀ. ਲਾਅ ਐਂਡ ਆਰਡਰ ਗੁਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਮਾਮਲੇ ਦੀ ਜਾਂਚ ਲਈ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕਰ ਦਿੱਤਾ ਗਿਆ ਸੀ, ਜੇਕਰ ਉਸ ਸਮੇਂ ਹੀ ਸ਼ਰਾਬ ਮਾਫੀਆ ਖ਼ਿਲਾਫ ਢੁੱਕਵੀਂ ਕਾਰਵਾਈ ਅਮਲ ਵਿਚ ਲਿਆਂਦੀ ਹੁੰਦੀ ਤਾਂ ਦੂਜੀ ਵਾਰ ਐਨੀ ਵੱਡੀ ਪੱਧਰ ਉੱਪਰ ਗਰੀਬ ਘਰਾਂ ਵਿਚ ਸੱਥਰ ਨਾ ਵਿਛਦੇ। ਇਨ੍ਹਾਂ ਮੌਤਾਂ ਨੇ ਸਰਕਾਰ ਦੀ ਨਸ਼ਿਆਂ ਖ਼ਿਲਾਫ ਮੁਹਿੰਮ ਦੀ ਸੁਹਿਰਦਤਾ ਉੱਪਰ ਸਵਾਲ ਖੜ੍ਹੇ ਕੀਤੇ ਹਨ। ਅਸਲ ਵਿਚ ਪੰਜਾਬ ਸਰਕਾਰ ਦੀ ਨਸ਼ਿਆਂ ਖ਼ਿਲਾਫ ਮੁਹਿੰਮ ਕਿਸੇ ਵੱਡੇ ਨਸ਼ਾ ਤਸਕਰ ਖ਼ਿਲਾਫ ਮਿਸਾਲੀ ਕਾਰਵਾਈ ਕਰਨ ਦੀ ਬਜਾਏ ਥੋੜ੍ਹਾ-ਮੋਟਾ ਨਸ਼ਾ ਵੇਚਣ ਵਾਲੇ ਹੇਠਲੇ ਪੱਧਰ ਦੇ 'ਨਸ਼ੇੜੀਆਂ' ਦੇ ਘਰ ਢਾਹੁਣ ਤੱਕ ਸੀਮਤ ਹੈ। ਬਠਿੰਡਾ ਵਿਚ ਨਸ਼ੇ ਸਮੇਤ ਫੜੀ ਗਈ ਮਹਿਲਾ ਪੁਲਿਸ ਮੁਲਾਜ਼ਮ ਦਾ ਥੋੜ੍ਹੇ ਜਿਹੇ ਦਿਨਾਂ ਬਾਅਦ ਜ਼ਮਾਨਤ ਉੱਪਰ ਬਾਹਰ ਆ ਜਾਣਾ ਦਰਸਾਉਂਦਾ ਹੈ ਕਿ ਸਰਕਾਰ ਨਸ਼ਿਆਂ ਖ਼ਿਲਾਫ ਮੁਹਿੰਮ ਨੂੰ ਹਕੀਕੀ ਰੂਪ ਵਿਚ ਚਲਾਉਣ ਦੀ ਬਜਾਏ ਸਿਰਫ ਮੀਡੀਆ ਖਾਸਕਰ ਸੋਸ਼ਲ ਮੀਡੀਆ ਉੱਪਰ ਚਲਾਉਣ ਦੀ ਹੀ ਚਾਹਵਾਨ ਹੈ। ਪੰਜ ਸਾਲ ਦੇ ਵਕਫੇ ਦਰਮਿਆਨ ਮਾਝਾ ਖੇਤਰ ਵਿਚ ਵੀ ਮੌਤਾਂ ਦਾ ਇਹ ਦੂਜਾ ਵੱਡਾ ਮਾਮਲਾ ਹੈ ਇਸ ਤੋਂ ਪਹਿਲਾਂ ਅਗਸਤ 2020 ਵਿਚ ਪੰਜਾਬ ਦੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿਚ ਸ਼ਰਾਬ ਨਾਲ ਹੋਈਆਂ 120 ਦੇ ਕਰੀਬ ਮੌਤਾਂ ਦੇ ਮਾਮਲੇ ਵਿਚ ਦੋ ਸਾਲ ਬਾਅਦ ਸੁਪਰੀਮ ਕੋਰਟ ਨੇ ਇਸ ਕੇਸ ਦੀ ਜਾਂਚ 'ਤੇ ਨਾਖੁਸ਼ੀ ਪ੍ਰਗਟਾਉਂਦਿਆਂ ਸੂਬਾ ਸਰਕਾਰ ਦੀ ਖਿਚਾਈ ਕੀਤੀ ਸੀ। ਫਰਵਰੀ 2023 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਨਾਜਾਇਜ਼ ਸ਼ਰਾਬ ਦੇ ਮਾਮਲਿਆਂ 'ਤੇ ਸਖ਼ਤ ਟਿੱਪਣੀ ਕੀਤੀ ਸੀ। ਪਿਛਲੇ ਦੋ ਦਹਾਕਿਆਂ ਦੌਰਾਨ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੇ ਅੰਕੜੇ ਨੂੰ ਘੋਖਦਿਆਂ ਨਜ਼ਰ ਆਉਂਦਾ ਹੈ ਕਿ ਮ੍ਰਿਤਕ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ। ਹੁਣ ਮਜੀਠਾ ਖੇਤਰ ਵਾਲੇ ਅਤੇ ਇਸ ਤੋਂ ਪਹਿਲਾਂ ਸੁਨਾਮ, ਦਿੜ੍ਹਬਾ ਖੇਤਰ ਵਿਚਲੇ ਮ੍ਰਿਤਕ ਵੀ ਗਰੀਬ ਦਲਿਤ ਪਰਿਵਾਰਾਂ ਨਾਲ ਸਬੰਧਤ ਸਨ ਜੋ ਦਿਹਾੜੀ ਵਗੈਰਾ ਕਰਕੇ ਆਪਣੇ ਘਰ ਦੀ ਰੋਜ਼ੀ-ਰੋਟੀ ਚਲਾ ਰਹੇ ਸਨ। ਮਤਲਬ ਸਾਫ ਹੈ ਕਿ ਸਰਕਾਰਾਂ ਦੇ ਮੁਨਾਫੇ ਲਈ ਸ਼ਰਾਬ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਹੋਣ ਕਾਰਨ ਸ਼ਰਾਬ ਮਾਫੀਆ ਗਰੀਬ ਵਿਅਕਤੀਆਂ ਨੂੰ ਗੈਰਮਿਆਰੀ 'ਜ਼ਹਿਰ' ਵੇਚ ਰਹੇ ਹਨ। ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਉੱਪਰ ਵਿਕਣ ਵਾਲੀ ਸਸਤੀ ਤੋਂ ਸਸਤੀ ਸ਼ਰਾਬ ਦੀ ਬੋਤਲ ਦੀ ਕੀਮਤ 280 ਰੁਪਏ ਦੀ ਹੈ। ਪੰਜਾਬ ਵਿਚ ਸ਼ਰਾਬ ਹਰਿਆਣਾ, ਚੰਡੀਗੜ੍ਹ ਦੇ ਮੁਕਾਬਲੇ ਮਹਿੰਗੀ ਹੈ ਜਿਸ ਕਾਰਨ ਸ਼ਰਾਬ ਦਾ ਗੈਰ-ਕਾਨੂੰਨੀ ਧੰਦਾ ਕਰਨ ਵਾਲੇ ਨਕਲੀ ਸ਼ਰਾਬ ਤਿਆਰ ਕਰਕੇ ਜਾਅਲੀ ਮਾਰਕੇ ਲਗਾ ਕੇ ਠੇਕੇ ਦੀ ਸ਼ਰਾਬ ਮੁਕਾਬਲੇ ਘੱਟ ਭਾਅ 'ਤੇ ਵੇਚਦੇ ਹਨ। ਮਜੀਠਾ ਵਿਚ ਤਾਂ ਇਹ ਤੱਥਾਂ ਸਹਿਤ ਜ਼ਾਹਿਰ ਹੋ ਗਿਆ ਹੈ ਕਿ ਲੋਕਾਂ ਨੂੰ ਸ਼ਰਾਬ ਦੇ ਨਾਮ ਹੇਠ ਮੀਥਾਨੋਲ ਜਿਹਾ ਘਾਤਕ ਜ਼ਹਿਰ ਪਿਲਾਇਆ ਗਿਆ ਜਦਕਿ ਪੂਰੇ ਦੇਸ਼ ਵਿਚ ਗੈਰ-ਮਿਆਰੀ ਸ਼ਰਾਬ ਨਾਲ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਅੱਜ ਕਾਂਗਰਸ, ਅਕਾਲੀ ਦਲ, ਭਾਜਪਾ ਵਰਗੀਆਂ ਰਾਜਨੀਤਕ ਪਾਰਟੀਆਂ ਦੇ ਲੀਡਰ ਇਸ ਮਾਮਲੇ 'ਤੇ ਸਿਆਸਤ ਕਰ ਰਹੇ ਹਨ ਪਰ ਹਕੀਕਤ ਇਹ ਹੈ ਕਿ ਜ਼ਹਿਰੀਲੀ ਜਾਂ ਨਕਲੀ ਸ਼ਰਾਬ ਨਾਲ ਮੌਤਾਂ ਦਾ ਇਹ ਪਹਿਲਾ ਮਾਮਲਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਕਈ ਵਾਰ ਇਨ੍ਹਾਂ ਪਾਰਟੀਆਂ ਦੀ ਸੱਤਾ ਦੌਰਾਨ ਬਿਲਕੁਲ ਇਸੇ ਤਰ੍ਹਾਂ ਦੇ ਮਾਮਲੇ ਵਾਪਰ ਚੁੱਕੇ ਹਨ। ਹਾਲਾਂਕਿ ਕਾਂਗਰਸ ਪਾਰਟੀ ਦੇ ਅੰਮ੍ਰਿਤਸਰ ਸਾਹਿਬ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸ਼ਰਾਬ ਮਾਫੀਆ ਦੀ 'ਪਹੁੰਚ' ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਕਾਂਗਰਸ, ਅਕਾਲੀ-ਭਾਜਪਾ ਤੇ ਮੌਜੂਦਾ ਭਗਵੰਤ ਮਾਨ ਸਰਕਾਰ ਇਸ ਮਾਫੀਆ ਖ਼ਿਲਾਫ ਕਾਰਵਾਈ ਕਰਨ ਤੋਂ ਭੱਜ ਰਹੀ ਹੈ। ਪਿਛਲੇ ਤੱਥ ਵੀ ਇਹੋ ਬਿਆਨ ਕਰਦੇ ਹਨ ਕਿ ਅਕਾਲੀ-ਭਾਜਪਾ ਸਰਕਾਰ ਸਮੇਂ 2010 ਦੌਰਾਨ ਦਸੂਹਾ ਵਿਚ ਇਸੇ ਤਰ੍ਹਾਂ ਦੀ ਸ਼ਰਾਬ ਨਾਲ 16 ਲੋਕਾਂ ਦੀ ਮੌਤ ਹੋਈ ਸੀ ਜਦਕਿ 2012 ਵਿਚ ਗੁਰਦਾਸਪੁਰ ਦੇ ਨੰਗਲ ਜੌਹਲ ਅਤੇ ਬੱਲੋਵਾਲ ਪਿੰਡਾਂ ਵਿਚ 18 ਲੋਕਾਂ ਦੀ ਮੌਤ ਹੋਈ ਸੀ। ਕਾਂਗਰਸ ਸਰਕਾਰ ਸਮੇਂ 2020 ਵਿਚ ਪੰਜਾਬ ਦੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿਚ ਸ਼ਰਾਬ ਨਾਲ 120 ਦੇ ਕਰੀਬ ਮੌਤਾਂ ਹੋਈਆਂ ਸਨ। ਭਾਜਪਾ ਦੇ ਸਭ ਤੋਂ ਮਾਡਲ ਕਹੇ ਜਾਂਦੇ ਸੂਬੇ ਗੁਜਰਾਤ ਅੰਦਰ ਜੁਲਾਈ 2022 ਵਿਚ 42 ਵਿਅਕਤੀਆਂ ਦੀ ਮੌਤ ਨਕਲੀ ਅਤੇ ਜ਼ਹਿਰੀਲੀ ਪੀਣ ਨਾਲ ਹੋਈ ਸੀ। ਸੋ ਜਿਸ ਵੀ ਪਾਰਟੀ ਦੀ ਸਰਕਾਰ ਬਣੀ ਉਸਨੇ ਸ਼ਰਾਬ ਮਾਫੀਆ ਨੂੰ ਨੱਥ ਪਾਉਣ ਦੀ ਬਜਾਏ ਸ਼ਰਾਬ ਨੂੰ ਕਮਾਈ ਦਾ ਸਾਧਨ ਬਣਾਇਆ ਹੈ। ਕਈ ਵਾਰ ਤਾਂ ਸਾਡੇ ਦੇਸ਼ ਦੇ ਹੁਕਮਰਾਨਾਂ ਵੱਲੋਂ ਨਕਲੀ ਸ਼ਰਾਬ ਦਾ ਕਾਰੋਬਾਰ ਕਰਨ ਵਾਲੇ ਦੋਸ਼ੀਆਂ ਖ਼ਿਲਾਫ ਕਾਰਵਾਈ ਕਰਨ ਦੀ ਬਜਾਏ ਉਲਟਾ ਪੀੜਤ ਲੋਕਾਂ ਪ੍ਰਤੀ ਮੰਦਾ ਵਿਵਹਾਰ ਕੀਤਾ ਜਾਂਦਾ ਹੈ। ਪਿੱਛੇ ਜਿਹੇ ਬਿਹਾਰ ਦੇ ਸਾਰਨ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 39 ਲੋਕਾਂ ਦੀ ਮੌਤ ਦੇ ਮਾਮਲੇ ਵਿਚ ਜਦ ਬਿਹਾਰ ਸਰਕਾਰ ਵੱਲ ਉਂਗਲ ਉੱਠੀ ਤਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਵਿਧਾਨ ਸਭਾ ਵਿਚ ਖੜ੍ਹ ਕੇ ਕਿਹਾ ਸੀ ਕਿ, 'ਜਿਹੜਾ ਨਕਲੀ ਸ਼ਰਾਬ ਪੀਵੇਗਾ, ਉਹ ਤਾਂ ਮਰੇਗਾ ਹੀ; ਲੋਕਾਂ ਨੂੰ ਖੁਦ ਸੁਚੇਤ ਰਹਿਣਾ ਚਾਹੀਦਾ ਹੈ'। ਨਿਤੀਸ਼ ਕੁਮਾਰ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਸਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ? ਸੂਬੇ ਵਿਚ ਕੋਈ ਲੋਕਾਂ ਨੂੰ 'ਜ਼ਹਿਰ' ਵੇਚ ਰਿਹਾ ਹੈ ਤਾਂ ਕੀ ਸਰਕਾਰ ਬਰਾਬਰ ਦੀ ਜ਼ਿੰਮੇਵਾਰ ਨਹੀਂ ਹੈ। ਸੁਨਾਮ ਖੇਤਰ ਵਿਚ ਜਦ ਨਕਲੀ ਸ਼ਰਾਬ ਨਾਲ ਮੌਤਾਂ ਹੋਈਆਂ ਸਨ ਤਾਂ ਨਿਤੀਸ਼ ਕੁਮਾਰ ਦੀ ਤਰ੍ਹਾਂ 'ਆਪ' ਦੇ ਮੌਜੂਦਾ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਸੀ ਕਿ ਜੇਕਰ ਠੇਕੇ ਵਾਲੀ ਸ਼ਰਾਬ ਨਾਲ ਮੌਤਾਂ ਹੋਈਆਂ ਹੁੰਦੀਆਂ ਤਾਂ ਸਰਕਾਰ ਦੀ ਜ਼ਿੰਮੇਵਾਰੀ ਸੀ ਇਹ ਤਾਂ ਗੈਰ-ਕਾਨੂੰਨੀ ਸ਼ਰਾਬ ਨਾਲ ਹੋਈਆਂ ਮੌਤਾਂ ਹਨ ਇਸ ਲਈ ਸਰਕਾਰ ਜ਼ਿੰਮੇਵਾਰ ਨਹੀਂ ਹੈ। ਅਸਲ ਵਿਚ ਸ਼ਰਾਬ ਉੱਤੇ ਲੱਗਣ ਵਾਲੀ ਐਕਸਾਈਜ਼ ਡਿਊਟੀ ਸਿੱਧੀ ਸੂਬਾ ਸਰਕਾਰ ਦੇ ਖਾਤੇ ਵਿਚ ਜਾਂਦੀ ਹੈ। ਸ਼ਰਾਬ ਅਤੇ ਇਸ ਨਾਲ ਜੁੜੇ ਕਾਰੋਬਾਰ ਉੱਤੇ ਲਗਣ ਵਾਲੀ ਐਕਸਾਈਜ਼ ਡਿਊਟੀ ਸੂਬਿਆਂ ਵਿਚ ਸੂਬਾ ਸਰਕਾਰ ਦੇ ਆਪਣੇ ਟੈਕਸ ਰੈਵੇਨਿਊ ਵਿਚ ਦੂਜਾ ਜਾਂ ਤੀਜਾ ਸਭ ਤੋਂ ਵੱਡਾ ਹਿੱਸਾ ਬਣਦੀ ਹੈ। ਸ਼ਰਾਬ ਕਾਰੋਬਾਰੀ ਅਤੇ ਸੱਤਾਧਾਰੀ ਧਿਰ ਮਿਲ ਕੇ ਇਸ ਖੇਤਰ ਵਿਚੋਂ ਮੋਟਾ ਮੁਨਾਫਾ ਕਮਾਉਂਦੇ ਹਨ ਜਿਸ ਕਾਰਨ ਸ਼ਰਾਬ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਰਿਜ਼ਰਵ ਬੈਂਕ ਦੀ ਇਕ ਰਿਪੋਰਟ ਮੁਤਾਬਕ ਸੂਬਿਆਂ ਦਾ ਔਸਤ ਲਈਏ ਤਾਂ ਸੂਬਿਆਂ ਦੀ ਆਪਣੀ ਟੈਕਸ ਆਮਦਨ ਦਾ 7 ਫ਼ੀਸਦੀ ਹਿੱਸਾ ਸ਼ਰਾਬ ਉੱਤੇ ਲਗਦੇ ਟੈਕਸ ਤੋਂ ਆਉਂਦਾ ਹੈ। ਜੇਕਰ ਇਸ ਵਿਚੋਂ ਸ਼ਰਾਬਬੰਦੀ ਵਾਲੇ ਸੂਬਿਆਂ ਗੁਜਰਾਤ, ਬਿਹਾਰ, ਨਾਗਾਲੈਂਡ, ਮਿਜ਼ੋਰਮ, ਲਕਸ਼ਦੀਪ ਛੱਡ ਦੇਈਏ ਅਤੇ ਸ਼ਰਾਬ ਦੇ ਠੇਕਿਆਂ ਵਾਲੇ ਸੂਬਿਆਂ ਦਾ ਔਸਤ ਵੇਖੀਏ ਤਾਂ ਇਹ ਸੂਬੇ ਦੇ ਕੁੱਲ ਟੈਕਸ ਵਿਚ 10 ਤੋਂ 15 ਫੀਸਦ ਬਣੇਗਾ। ਕਈ ਸੂਬੇ ਅਜਿਹੇ ਵੀ ਹਨ ਜਿਨ੍ਹਾਂ ਦੀ ਟੈਕਸ ਕਮਾਈ ਦਾ 20 ਫ਼ੀਸਦੀ ਤੋਂ ਵੱਧ ਹਿੱਸਾ ਸ਼ਰਾਬ 'ਤੇ ਲਗਦੀ ਐਕਸਾਈਜ਼ ਡਿਊਟੀ ਤੋਂ ਆਉਂਦਾ ਹੈ। ਸਥਿਤੀ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਸਮੇਤ ਕਈ ਸੂਬਾ ਸਰਕਾਰਾਂ ਦੀ ਆਰਥਿਕਤਾ ਸ਼ਰਾਬ ਦੀਆਂ ਫਲੌੜੀਆਂ 'ਤੇ ਤੁਰਦੀ ਹੈ। ਦੇਸ਼ ਵਿਚ ਸ਼ਰਾਬ ਕਾਰਨ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿਚ ਗੁਜਰਾਤ ਪਹਿਲੇ ਨੰਬਰ ਉਪਰ ਹੈ ਜਦਕਿ ਪੰਜਾਬ ਦੂਜੇ ਨੰਬਰ 'ਤੇ ਆਉਂਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਜਾਂ 'ਆਪ' ਲੀਡਰ ਨਸ਼ਿਆਂ ਦਾ ਮਾਮਲਾ ਪਿਛਲੀਆਂ ਸਰਕਾਰਾਂ ਉੱਪਰ ਸੁੱਟ ਕੇ ਖੁਦ ਸੁਰਖਰੂ ਨਹੀਂ ਹੋ ਸਕਦੇ, ਕਿਉਂਕਿ ਅਕਾਲੀ-ਭਾਜਪਾ, ਕਾਂਗਰਸ ਸਰਕਾਰਾਂ ਦੌਰਾਨ ਵਧੇ-ਫੁੱਲੇ ਡਰੱਗ ਮਾਫੀਆ ਤੋਂ ਅੱਕੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਸੂਬੇ ਦੀ ਸੱਤਾ ਦੀ ਵਾਗਡੋਰ ਸੌਂਪੀ ਸੀ। 'ਆਪ' ਵੱਲੋਂ ਦਿੱਤੇ 'ਬਦਲਾਅ' ਦੇ ਨਾਅਰੇ ਨੇ ਲੋਕਾਂ ਦੇ ਮਨ ਵਿਚ ਆਸ ਦੀ ਕਿਰਨ ਪੈਦਾ ਕੀਤੀ ਸੀ ਪਰ ਜਦ ਹੁਣ 'ਆਪ' ਸਰਕਾਰ ਦੌਰਾਨ ਵੀ ਪੰਜਾਬ ਵਿਚ ਨਕਲੀ ਸ਼ਰਾਬ ਲੋਕਾਂ ਨੂੰ ਵੇਚੀ ਜਾ ਰਹੀ ਹੈ ਤੇ ਸ਼ਰਾਬ ਨਾਲ ਮੌਤਾਂ ਹੋ ਰਹੀਆਂ ਹਨ ਤਾਂ ਸਮਝਿਆ ਜਾ ਸਕਦਾ ਹੈ ਇਸ ਸਰਕਾਰ ਦਾ ਕਿਰਦਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਲੋਕ ਵਿਰੋਧੀ ਹੈ। ਇਨ੍ਹਾਂ ਨੇ ਸਾਢੇ ਤਿੰਨ ਸਾਲ ਦੇ ਵਕਫੇ ਦੌਰਾਨ ਇਕ ਵੀ ਅਜਿਹਾ ਕਦਮ ਨਹੀਂ ਚੁੱਕਿਆ ਜਿਸ ਨਾਲ ਨਸ਼ਾ ਤਸਕਰਾਂ ਨੂੰ ਰੋਕਿਆ ਗਿਆ ਹੋਵੇ। ਇਸੇ ਕਾਰਨ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮਜੀਠਾ ਖੇਤਰ ਵਿਚ ਹੋਈਆਂ ਮੌਤਾਂ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਕੈਪਟਨ ਸਰਕਾਰ ਵੇਲੇ ਦਿੱਤਾ ਉਹ ਬਿਆਨ ਚੇਤੇ ਕਰਵਾਇਆ ਹੈ, ਜਦ ਭਗਵੰਤ ਮਾਨ ਨੇ ਕਿਹਾ ਸੀ ਕਿ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਮਾਮਲੇ ਵਿਚ 'ਮੁੱਖ ਮੰਤਰੀ ਖ਼ਿਲਾਫ ਕਤਲ ਦਾ ਕੇਸ ਦਰਜ ਹੋਣਾ ਚਾਹੀਦਾ ਹੈ'। ਚਲੋ ਕਤਲ ਕੇਸ ਦਰਜ ਕਰਨਾ ਤਾਂ ਵੱਡੀ ਗੱਲ ਹੈ, ਇੱਥੇ ਤਾਂ ਕੋਈ ਜ਼ਿੰਮੇਵਾਰੀ ਮੰਨ ਕੇ ਅਸਤੀਫਾ ਦੇਣ ਨੂੰ ਵੀ ਤਿਆਰ ਨਹੀਂ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸ਼ਰਾਬ ਪੀਣਾ ਸਿਹਤ ਲਈ ਹਾਨੀਕਾਰਕ ਹੈ ਪਰ ਸ਼ਰਾਬ ਦੀਆਂ ਕੀਮਤਾਂ ਵਧਾਉਣ ਨਾਲ ਜਾਂ ਸ਼ਰਾਬ 'ਤੇ ਮੁਕੰਮਲ ਪਾਬੰਦੀ ਲਾਉਣ ਨਾਲ ਲੋਕ ਸ਼ਰਾਬ ਪੀਣੀ ਘੱਟ ਨਹੀਂ ਕਰਨਗੇ, ਬਲਕਿ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਵਧੇਗਾ। ਨਸ਼ਿਆਂ ਦੀ ਜੜ੍ਹ ਕਿਸੇ ਵੀ ਮੁਲਕ ਦੇ ਆਰਥਿਕ, ਸਮਾਜਿਕ, ਸੱਭਿਆਚਾਰਕ ਢਾਂਚੇ ਵਿਚ ਪਈ ਹੁੰਦੀ ਹੈ। ਜਦ ਤੱਕ ਲੋਕਾਂ ਦੀਆਂ ਸਮੱਸਿਆਵਾਂ ਬਰਕਰਾਰ ਹਨ ਤਦ ਤੱਕ ਨਸ਼ਿਆਂ ਨੂੰ ਮੁਕੰਮਲ ਰੂਪ ਵਿਚ ਬੰਦ ਨਹੀਂ ਕੀਤਾ ਜਾ ਸਕਦਾ ਹੈ। ਦੁਨੀਆ ਭਰ ਦਾ ਇਤਿਹਾਸ ਦੱਸਦਾ ਹੈ ਕਿ ਕਿਤੇ ਵੀ ਧੱਕੇ ਨਾਲ ਸ਼ਰਾਬਬੰਦੀ ਕਾਮਯਾਬ ਨਹੀਂ ਹੋਈ ਹੈ। ਅਮਰੀਕਾ ਵਿਚ 1920 ਤੋਂ 1933 ਤੱਕ ਸ਼ਰਾਬਬੰਦੀ ਰਹੀ ਪਰ ਸ਼ਰਾਬਬੰਦੀ ਦੇ ਇਸ ਦੌਰ ਦੌਰਾਨ ਸ਼ਰਾਬ ਤਾਂ ਬੰਦ ਕੀ ਹੋਣੀ ਸੀ, ਬਲਕਿ ਲੋਕਾਂ ਨੂੰ ਚੋਰੀ-ਛੁਪੇ ਸ਼ਰਾਬ ਅਤੇ ਬੀਅਰ ਮੁਹੱਈਆ ਕਰਵਾਉਣ ਲਈ ਕਈ ਵੱਡੇ ਗੈਂਗ ਹੋਂਦ ਵਿਚ ਆਏ ਅਤੇ ਅਮਰੀਕਾ ਵਿਚ ਇੱਕ ਵੱਡਾ ਸ਼ਰਾਬ ਮਾਫੀਆ ਪੈਦਾ ਹੋਇਆ ਸੀ। ਸਰਕਾਰ ਨੇ ਸ਼ਰਾਬ ਦੇ ਮਾਮਲੇ ਵਿਚ ਕਦੇ ਵੀ ਲੋਕਾਂ ਨੂੰ ਚੇਤਨ ਨਹੀਂ ਕੀਤਾ ਹੈ। ਸ਼ਰਾਬ ਸਬੰਧੀ ਬਹੁਤ ਸਾਰੀਆਂ ਗਲਤ ਧਾਰਨਾਵਾਂ ਸਾਡੇ ਸਮਾਜ ਵਿਚ ਅੱਗੇ ਦੀ ਅੱਗੇ ਚੱਲੀ ਜਾ ਰਹੀਆਂ ਹਨ। ਜਿਵੇਂ ਇਕ ਪੰਜਾਬੀ ਗੀਤ ਬਹੁਤ ਮਕਬੂਲ ਹੋਇਆ, ਜਿਸ ਵਿਚ ਪਹਿਲੇ ਤੋੜ ਦੀ ਸ਼ਰਾਬ ਨੂੰ ਉਚਿਆਇਆ ਗਿਆ ਸੀ ਹਾਲਾਂਕਿ ਵਿਗਿਆਨਕ ਢੰਗ ਨਾਲ ਵੇਖੀਏ ਤਾਂ ਪਹਿਲੇ ਤੋੜ ਦੀ ਸ਼ਰਾਬ ਮਨੁੱਖੀ ਸਰੀਰ ਲਈ ਹਾਨੀਕਾਰਕ ਹੁੰਦੀ ਹੈ। ਜੇਕਰ ਸਰਕਾਰਾਂ ਨੇ ਸ਼ਰਾਬ ਪ੍ਰਤੀ ਲੋਕਾਂ ਨੂੰ ਚੇਤਨ ਕੀਤਾ ਹੁੰਦਾ ਤਾਂ ਲੋਕ ਮੀਥਾਨੋਲ ਜਾਂ ਸਪਰਿਟ ਨਾ ਪੀਂਦੇ। ਬਣਦਾ ਇਹ ਹੈ ਕਿ ਸਰਕਾਰ ਸ਼ਰਾਬ ਤੋਂ ਮੁਨਾਫਾ ਕਮਾਉਣਾ ਬੰਦ ਕਰੇ। ਨਕਲੀ ਸ਼ਰਾਬ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇਣ ਵਾਲੇ ਪੁਲੀਸ ਕਰਮਚਾਰੀਆਂ ਅਤੇ ਸਿਆਸਤਦਾਨਾਂ ਦੀ ਨਿਸ਼ਾਨਦੇਹੀ ਕਰਕੇ ਸ਼ਰਾਬ ਮਾਫੀਆ ਖ਼ਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਸਰਕਾਰ ਇਹ ਮੰਨੇ ਕਿ ਜਦ ਕਿਸੇ ਸਮਾਜ ਦਾ ਗਿਣਨਯੋਗ ਹਿੱਸਾ ਨਸ਼ਿਆਂ ਦੀ ਦਲਦਲ ਵਿਚ ਫਸ ਜਾਵੇ ਤਾਂ ਇਸਦੀ ਜੜ੍ਹ 'ਸੱਤਾ' ਦੀਆਂ ਨੀਤੀਆਂ ਵਿਚ ਹੁੰਦੀ ਹੈ। ਹੁਣ ਸਰਕਾਰ ਨੂੰ ਚਾਹੀਦਾ ਹੈ ਕਿ ਨਸ਼ਿਆਂ ਖ਼ਿਲਾਫ ਅਖੌਤੀ ਮੁਹਿੰਮ ਦੀ ਥਾਂ ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰੁਜ਼ਗਾਰ ਮੁਹੱਈਆ ਕੀਤਾ ਜਾਵੇ ਤੇ ਸੂਬੇ ਵਿਚ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਤਾਂ ਕਿ ਨੌਜਵਾਨਾਂ ਨੂੰ ਜ਼ਿੰਦਗੀ ਮੰਤਵ ਮਿਲ ਸਕੇ।


## Important Contacts

**EMERGENCY**

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

**NON-EMERGENCY**

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

**SIKH GURDWARAS**

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

**6878 King Gorge Blvd. Surrey**

# ਕਸ਼ਮੀਰ ਦੇ ਐਲਓਸੀ ਨਾਲ ਸਿੱਖ ਅਤੇ ਗੁੱਜਰ-ਬਕਰਵਾਲਾਂ ਨੇ ਜੰਗ ਦੇ ਪਰਛਾਂਵੇ ਹੇਠ ਲੋਕਾਂ ਦੀ ਕਰ ਰਹੇ ਸੇਵਾ

ਸ੍ਰੀਨਗਰ : ਕਸ਼ਮੀਰ ਦੀ ਲਾਈਨ ਆਫ਼ ਕੰਟਰੋਲ (ਐਲਓਸੀ) ਨੇੜੇ ਪਾਕਿਸਤਾਨੀ ਗੋਲੀਬਾਰੀ ਅਤੇ ਡਰੋਨਾਂ ਨੇ ਸਰਹੱਦੀ ਖੇਤਰਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਸੀ। ਅਜਿਹੇ ਸੰਕਟਕਾਲੀ ਹਾਲਾਤ ਵਿੱਚ ਸਿੱਖ ਅਤੇ ਗੁੱਜਰ-ਬਕਰਵਾਲ ਭਾਈਚਾਰਿਆਂ ਨੇ ਮਨੁੱਖਤਾ ਦੀ ਸੇਵਾ ਦੀ ਅਦੁੱਤੀ ਮਿਸਾਲ ਪੇਸ਼ ਕੀਤੀ। ਬਾਰਾਮੂਲਾ, ਪੁੰਛ, ਰਜੌਰੀ, ਉੜੀ, ਅਤੇ ਕੁਪਵਾੜਾ ਵਰਗੇ ਸਰਹੱਦੀ ਖੇਤਰਾਂ ਵਿੱਚ ਸਿੱਖ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ, ਅਤੇ ਗੁੱਜਰ ਸੰਸਥਾਵਾਂ ਨੇ ਫਸੇ ਹੋਏ ਲੋਕਾਂ ਨੂੰ ਸੁਰੱਖਿਅਤ ਪਨਾਹ, ਲੰਗਰ, ਮੈਡੀਕਲ ਸਹਾਇਤਾ, ਅਤੇ ਰੈਸਕਿਊ ਸੇਵਾਵਾਂ ਪ੍ਰਦਾਨ ਕੀਤੀਆਂ। ਇਹ ਸੇਵਾ ਸਿੱਖ ਧਰਮ ਦੀ ਸਰਬੱਤ ਦੇ ਭਲੇ ਦੀ ਭਾਵਨਾ ਅਤੇ ਗੁੱਜਰ-ਬਕਰਵਾਲ ਭਾਈਚਾਰੇ ਦੀ ਸਮਾਜ ਸੇਵਾ ਦੀ ਪਰੰਪਰਾ ਦਾ ਪ੍ਰਤੀਕ ਹੈ।



ਸਿੱਖ ਜਥੇਬੰਦੀਆਂ ਅਤੇ ਗੁਰਦੁਆਰਿਆਂ ਦੀ ਸੇਵਾ

ਕਸ਼ਮੀਰ ਅਤੇ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਿਆਂ ਨੇ ਸੰਕਟ ਦੌਰਾਨ ਮੋਰਚਾ ਸੰਭਾਲਿਆ। ਗੁਰਦੁਆਰਾ ਛੇਂਵੀ ਪਾਤਸ਼ਾਹੀ, ਬਾਰਾਮੂਲਾ ਨੇ ਸੇਵਾ ਦੀ ਅਗਵਾਈ ਕੀਤੀ। ਇਸ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ 7 ਮਈ, 2025 ਤੋਂ ਸਰਹੱਦੀ ਪਿੰਡਾਂ ਵਿੱਚ ਫਸੇ ਲੋਕਾਂ ਲਈ ਰੈਸਕਿਊ ਮੁਹਿੰਮ ਸ਼ੁਰੂ ਕੀਤੀ। ਅਮਨਜੀਤ ਸਿੰਘ ਵਰਗੇ ਵਲੰਟੀਅਰਾਂ ਨੇ ਉੜੀ ਅਤੇ ਕੁਪਵਾੜਾ ਵਰਗੇ ਖੇਤਰਾਂ ਤੋਂ 150 ਪਰਿਵਾਰਾਂ ਨੂੰ ਸੁਰੱਖਿਅਤ ਬਾਰਾਮੂਲਾ ਪਹੁੰਚਾਇਆ। ਗੁਰਦੁਆਰੇ ਵਿੱਚ ਰਿਹਾਇਸ਼, ਲੰਗਰ, ਅਤੇ ਮੁਢਲੀ ਮੈਡੀਕਲ ਸਹਾਇਤਾ ਦਾ ਪ੍ਰਬੰਧ ਕੀਤਾ ਗਿਆ। ਲੰਗਰ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੂੰ ਸ਼ਾਕਾਹਾਰੀ ਭੋਜਨ ਪਰੋਸਿਆ ਗਿਆ, ਜੋ ਸਿੱਖ ਧਰਮ ਦੀ ਸਮਾਨਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ। ਅਮਨਜੀਤ ਨੇ ਕਿਹਾ ਕਿ ਸਾਡਾ ਧਰਮ ਸਾਨੂੰ ਮਨੁੱਖਤਾ ਦੀ ਸੇਵਾ ਸਿਖਾਉਂਦਾ ਹੈ, ਅਤੇ ਅਸੀਂ ਹਰ ਮੁਸ਼ਕਲ ਵਿੱਚ ਲੋਕਾਂ ਦੇ ਨਾਲ ਖੜ੍ਹਦੇ ਹਾਂ।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਮਹੱਤਵਪੂਰਨ ਯੋਗਦਾਨ ਪਾਇਆ। ਐਸਜੀਪੀਸੀ ਨੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨਤਾਰਨ, ਅਤੇ ਫਿਰੋਜ਼ਪੁਰ ਵਿੱਚ ਗੁਰਦੁਆਰਿਆਂ ਨੂੰ ਸੇਵਾ ਕੇਂਦਰਾਂ ਵਜੋਂ ਵਰਤਿਆ। ਅੰਮ੍ਰਿਤਸਰ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਅਤੇ ਤਰਨਤਾਰਨ ਦੇ ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਵਿੱਚ ਸਰਹੱਦੀ ਖੇਤਰਾਂ ਤੋਂ ਆਏ ਲੋਕਾਂ ਲਈ ਰਿਹਾਇਸ਼ ਅਤੇ ਲੰਗਰ ਦੀ ਵਿਵਸਥਾ ਕੀਤੀ ਗਈ। ਐਸਜੀਪੀਸੀ ਦੇ ਸੇਵਾਦਾਰਾਂ ਨੇ ਸਥਾਨਕ ਸਿੱਖ ਭਾਈਚਾਰਿਆਂ ਨਾਲ ਮਿਲ ਕੇ ਭੋਜਨ, ਕੱਪੜੇ, ਅਤੇ ਮੈਡੀਕਲ ਸਹੂਲਤਾਂ ਪਹੁੰਚਾਈਆਂ। ਐਸਜੀਪੀਸੀ ਦੇ ਪ੍ਰਧਾਨ ਨੇ ਸੇਵਾ ਨੂੰ ਸਿੱਖ ਧਰਮ ਦੀ ਪਰੰਪਰਾ ਦਾ ਹਿੱਸਾ ਦੱਸਿਆ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹੇ ਸੰਕਟਾਂ ਵਿੱਚ ਸੰਗਤ ਦੀ ਮਦਦ ਲਈ ਜਾਵੇ।

ਖ਼ਾਲਸਾ ਏਡ, ਇੱਕ ਅੰਤਰਰਾਸ਼ਟਰੀ ਸਿੱਖ ਸੰਸਥਾ, ਨੇ ਕਸ਼ਮੀਰ ਦੇ ਰਜੌਰੀ ਅਤੇ ਪੁੰਛ ਜ਼ਿਲ੍ਹਿਆਂ ਵਿੱਚ ਸੇਵਾ ਕਾਰਜ ਸੰਭਾਲੇ। ਖ਼ਾਲਸਾ ਏਡ ਦੀਆਂ ਟੀਮਾਂ ਨੇ ਸਰਹੱਦੀ ਪਿੰਡਾਂ ਵਿੱਚ ਫਸੇ ਲੋਕਾਂ ਨੂੰ ਭੋਜਨ, ਪੀਣ ਵਾਲਾ ਪਾਣੀ, ਅਤੇ ਅਸਥਾਈ ਪਨਾਹਗਾਹਾਂ ਪ੍ਰਦਾਨ ਕੀਤੀਆਂ। ਇਸ ਸੰਸਥਾ ਨੇ ਸਥਾਨਕ ਸਿੱਖ ਅਤੇ ਗੁੱਜਰ ਵਲੰਟੀਅਰਾਂ ਨਾਲ ਮਿਲ ਕੇ ਰੈਸਕਿਊ ਮੁਹਿੰਮਾਂ ਚਲਾਈਆਂ ਅਤੇ ਸਰਕਾਰੀ ਸਹਾਇਤਾ ਦੀ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਖ਼ਾਲਸਾ ਏਡ ਨੇ ਖਾਸ ਤੌਰ 'ਤੇ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ 'ਤੇ ਧਿਆਨ ਦਿੱਤਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਜੰਮੂ ਨੇ ਵੀ ਸਰਹੱਦੀ ਖੇਤਰਾਂ ਤੋਂ ਆਏ ਪਰਿਵਾਰਾਂ ਦੀ ਸਹਾਇਤਾ ਕੀਤੀ। ਇਸ ਗੁਰਦੁਆਰੇ ਨੇ ਰਜੌਰੀ ਅਤੇ ਪੁੰਛ ਤੋਂ ਆਏ ਲੋਕਾਂ ਲਈ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ। ਸਥਾਨਕ ਸਿੱਖ ਵਲੰਟੀਅਰਾਂ ਨੇ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਲੋਕਾਂ ਨੂੰ ਅਸਥਾਈ ਪਨਾਹ ਦਿੱਤੀ।

ਗੁੱਜਰ-ਬਕਰਵਾਲ ਸੰਸਥਾਵਾਂ ਦੀ ਭੂਮਿਕਾ

ਸਰੀਮਸਤਾਨ ਟ੍ਰਾਈਬਲ ਗੁੱਜਰ ਵੈੱਲਫੇਅਰ ਫਾਊਂਡੇਸ਼ਨ, ਪੁੰਛ, ਨੇ ਗੁੱਜਰ-ਬਕਰਵਾਲ ਭਾਈਚਾਰੇ ਦੀ ਅਗਵਾਈ ਵਿੱਚ ਸਰਵ-ਧਰਮ ਸੇਵਾ ਕੀਤੀ। 7 ਮਈ, 2025 ਦੀ ਗੋਲੀਬਾਰੀ ਤੋਂ ਬਾਅਦ, ਇਸ ਸੰਸਥਾ ਨੇ 500-600 ਪਰਿਵਾਰਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ। 200 ਵਲੰਟੀਅਰਾਂ ਦੀ ਟੀਮ, ਜਿਸ ਵਿੱਚ ਡਰਾਈਵਰ, ਕਿਸਾਨ, ਅਤੇ ਅਧਿਆਪਕ ਸ਼ਾਮਲ ਸਨ, ਨੇ ਦੋ ਐਂਬੂਲੈਂਸਾਂ ਅਤੇ ਨਿੱਜੀ ਵਾਹਨਾਂ ਨਾਲ ਰਾਤ-ਦਿਨ ਕੰਮ ਕੀਤਾ। ਸੰਸਥਾ ਦੇ ਮੋਢੀ ਅਸਦ ਨੁਮਾਨੀ ਨੇ ਕਿਹਾ, "ਅਸੀਂ ਸਰਕਾਰੀ ਸਹਾਇਤਾ ਦੀ ਉਡੀਕ ਨਹੀਂ ਕਰਦੇ, ਸਾਡਾ ਫਰਜ਼ ਹੈ ਮਦਦ ਕਰਨਾ।" ਇਸ ਸੰਸਥਾ ਨੇ ਮੁਸਲਮਾਨ, ਸਿੱਖ, ਅਤੇ ਹਿੰਦੂ ਪਰਿਵਾਰਾਂ, ਜਿਨ੍ਹਾਂ ਵਿੱਚ ਜਲੰਧਰ ਅਤੇ ਬਿਹਾਰ ਦੇ ਮਜ਼ਦੂਰ ਸ਼ਾਮਲ ਸਨ, ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ।

ਸੇਵਾ ਦੇ ਖੇਤਰ ਜਿਥੇ ਸੇਵਾ ਕਾਰਜ ਸੰਚਾਲਿਤ ਹੋਏ

ਬਾਰਾਮੂਲਾ: ਗੁਰਦੁਆਰਾ ਛੇਂਵੀ ਪਾਤਸ਼ਾਹੀ ਨੇ ਉੜੀ ਅਤੇ ਕੁਪਵਾੜਾ ਤੋਂ ਬਚਾਏ ਗਏ 150 ਪਰਿਵਾਰਾਂ ਨੂੰ ਪਨਾਹ, ਲੰਗਰ, ਅਤੇ ਮੈਡੀਕਲ ਸਹਾਇਤਾ ਦਿੱਤੀ। ਵਲੰਟੀਅਰਾਂ ਨੇ ਸਥਾਨਕ ਸਿੱਖ ਘਰਾਂ ਵਿੱਚ ਵੀ ਰਿਹਾਇਸ਼ ਦਾ ਪ੍ਰਬੰਧ ਕੀਤਾ।

ਪੁੰਛ: ਸਰੀਮਸਤਾਨ ਫਾਊਂਡੇਸ਼ਨ ਅਤੇ ਸਿੱਖ ਵਲੰਟੀਅਰਾਂ ਨੇ 500-600 ਪਰਿਵਾਰਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ। ਸਥਾਨਕ ਮਸਜਿਦਾਂ ਅਤੇ ਗੁਰਦੁਆਰਿਆਂ ਨੂੰ ਅਸਥਾਈ ਪਨਾਹਗਾਹਾਂ ਵਜੋਂ ਵਰਤਿਆ ਗਿਆ।

ਰਜੌਰੀ: ਖ਼ਾਲਸਾ ਏਡ ਅਤੇ ਸਥਾਨਕ ਸਿੱਖ ਜਥੇਬੰਦੀਆਂ ਨੇ ਰਜੌਰੀ ਦੇ ਸਰਹੱਦੀ ਪਿੰਡਾਂ ਵਿੱਚ ਭੋਜਨ ਅਤੇ ਪਨਾਹ ਦੀ ਵਿਵਸਥਾ ਕੀਤੀ। ਸਿੱਖ ਵਲੰਟੀਅਰਾਂ ਨੇ ਰੈਸਕਿਊ ਮੁਹਿੰਮਾਂ ਵਿੱਚ ਹਿੱਸਾ ਲਿਆ।

**ਉੜੀ ਅਤੇ ਕੁਪਵਾੜਾ:**

ਇਨ੍ਹਾਂ ਖੇਤਰਾਂ ਵਿੱਚ ਗੋਲੀਬਾਰੀ ਅਤੇ ਡਰੋਨ ਹਮਲਿਆਂ ਨੇ ਪਿੰਡ ਖਾਲੀ ਕਰਵਾ ਦਿੱਤੇ। ਸਿੱਖ ਅਤੇ ਗੁੱਜਰ ਵਲੰਟੀਅਰਾਂ ਨੇ ਪਿੱਛੇ ਰਹਿ ਗਏ ਲੋਕਾਂ ਨੂੰ ਬਚਾਇਆ ਅਤੇ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ।

**ਪੰਜਾਬ ਦੇ ਸਰਹੱਦੀ ਜ਼ਿਲ੍ਹੇ:**

ਅੰਮ੍ਰਿਤਸਰ, ਤਰਨਤਾਰਨ, ਅਤੇ ਫਿਰੋਜ਼ਪੁਰ ਵਿੱਚ ਐਸਜੀਪੀਸੀ ਅਤੇ ਸਥਾਨਕ ਗੁਰਦੁਆਰਿਆਂ ਨੇ ਸਰਹੱਦੀ ਖੇਤਰਾਂ ਤੋਂ ਆਏ ਲੋਕਾਂ ਨੂੰ ਪਨਾਹ ਅਤੇ ਸਹਾਇਤਾ ਪ੍ਰਦਾਨ ਕੀਤੀ।

**ਭਾਰਤ ਸਰਕਾਰ ਦੀ ਜ਼ਿੰਮੇਵਾਰੀ ਨਿਭਾਵੇ**

ਭਾਰਤ ਸਰਕਾਰ ਨੂੰ ਅਜਿਹੀਆਂ ਜਥੇਬੰਦੀਆਂ ਅਤੇ ਭਾਈਚਾਰਿਆਂ ਦੀ ਮਦਦ ਕਰਨੀ ਚਾਹੀਦੀ, ਕਿਉਂਕਿ ਇਹ ਸੰਸਥਾਵਾਂ ਸੰਕਟ ਸਮੇਂ ਸਰਕਾਰੀ ਢਾਂਚੇ ਦੀਆਂ ਕਮੀਆਂ ਨੂੰ ਪੂਰਾ ਕਰਦੀਆਂ ਹਨ। ਸਰੀਮਸਤਾਨ ਫਾਊਂਡੇਸ਼ਨ ਦੇ ਅਸਦ ਨੁਮਾਨੀ ਦੇ ਬਿਆਨ, "ਅਸੀਂ ਸਰਕਾਰੀ ਸਹਾਇਤਾ ਦੀ ਉਡੀਕ ਨਹੀਂ ਕਰਦੇ," ਸਰਕਾਰੀ ਪ੍ਰਣਾਲੀ ਦੀ ਹੌਲੀ ਪ੍ਰਤੀਕਿਰਿਆ ਨੂੰ ਉਜਾਗਰ ਕਰਦਾ ਹੈ।

ਸਰਕਾਰ ਨੂੰ ਸਿੱਖ ਅਤੇ ਗੁੱਜਰ ਸੰਸਥਾਵਾਂ ਨੂੰ ਰੈਸਕਿਊ ਅਤੇ ਰਾਹਤ ਕਾਰਜਾਂ ਲਈ ਫੰਡ ਮੁਹੱਈਆ ਕਰਵਾਉਣੇ ਚਾਹੀਦੇ। ਇਹ ਫੰਡ ਐਂਬੂਲੈਂਸਾਂ, ਵਾਹਨਾਂ, ਅਤੇ ਮੈਡੀਕਲ ਸਪਲਾਈਜ਼ ਲਈ ਵਰਤੇ ਜਾ ਸਕਦੇ ਹਨ। ਸਰਹੱਦੀ ਖੇਤਰਾਂ ਵਿੱਚ ਵਲੰਟੀਅਰਾਂ ਦੀ ਸੁਰੱਖਿਆ ਲਈ ਸੁਰੱਖਿਆ ਬਲ ਮੁਹੱਈਆ ਕਰਨੇ ਚਾਹੀਦੇ, ਤਾਂ ਜੋ ਰੈਸਕਿਊ ਕਾਰਜ ਸੁਰੱਖਿਅਤ ਹੋ ਸਕਣ। ਸਰਕਾਰ ਨੂੰ ਸਥਾਨਕ ਜਥੇਬੰਦੀਆਂ ਨਾਲ ਸਹਿਯੋਗੀ ਢਾਂਚਾ ਸਥਾਪਿਤ ਕਰਨਾ ਚਾਹੀਦਾ, ਜਿਸ ਵਿੱਚ ਸੰਚਾਰ, ਸਮਨਵਯ, ਅਤੇ ਸਰੋਤ ਸਾਂਝੇ ਕਰਨ ਦੀ ਵਿਵਸਥਾ ਹੋਵੇ। ਵਲੰਟੀਅਰਾਂ ਨੂੰ ਰੈਸਕਿਊ, ਪਹਿਲੀ ਸਹਾਇਤਾ, ਅਤੇ ਸੰਕਟ ਪ੍ਰਬੰਧਨ ਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ, ਤਾਂ ਜੋ ਉਹ ਵਧੇਰੇ ਪ੍ਰਭਾਵੀ ਢੰਗ ਨਾਲ ਕੰਮ ਕਰ ਸਕਣ।ਸਰਕਾਰ ਦੀ ਸਹਾਇਤਾ ਨਾ ਸਿਰਫ਼ ਇਨ੍ਹਾਂ ਜਥੇਬੰਦੀਆਂ ਦੀ ਸਮਰੱਥਾ ਵਧਾਏਗੀ, ਸਗੋਂ ਸਰਹੱਦੀ ਖੇਤਰਾਂ ਵਿੱਚ ਸੰਕਟ ਪ੍ਰਬੰਧ ਨੂੰ ਵੀ ਮਜ਼ਬੂਤ ਕਰੇਗੀ।

ਕਸ਼ਮੀਰ ਅਤੇ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਸਿੱਖ ਜਥੇਬੰਦੀਆਂ ਜਿਵੇਂ ਕਿ ਗੁਰਦੁਆਰਾ ਛੇਂਵੀ ਪਾਤਸ਼ਾਹੀ, ਐਸਜੀਪੀਸੀ, ਖ਼ਾਲਸਾ ਏਡ, ਅਤੇ ਗੁੱਜਰ ਸੰਸਥਾਵਾਂ ਜਿਵੇਂ ਸਰੀਮਸਤਾਨ ਟ੍ਰਾਈਬਲ ਗੁੱਜਰ ਵੈੱਲਫੇਅਰ ਫਾਊਂਡੇਸ਼ਨ ਨੇ ਸੰਕਟਕਾਲੀ ਹਾਲਾਤ ਵਿੱਚ ਮਨੁੱਖਤਾ ਦੀ ਸੇਵਾ ਕਰਕੇ ਸਰਬੱਤ ਦੇ ਭਲੇ ਦੀ ਮਿਸਾਲ ਕਾਇਮ ਕੀਤੀ। ਇਹ ਸੇਵਾ ਨਾ ਸਿਰਫ਼ ਸਮਾਜਿਕ ਏਕਤਾ ਦਾ ਪ੍ਰਤੀਕ ਹੈ, ਸਗੋਂ ਸਰਕਾਰ ਅਤੇ ਸਮਾਜ ਦੇ ਸਹਿਯੋਗ ਨਾਲ ਸੰਕਟ ਪ੍ਰਬੰਧ ਦੀ ਨਵੀਂ ਦਿਸ਼ਾ ਵੀ ਪ੍ਰਦਾਨ ਕਰਦੀ ਹੈ।

# ਕੀ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਦੀ ਗ੍ਰਿਫਤਾਰੀ ' ਭਾਰਤ ਸਰਕਾਰ ਦੀ ਜਮਹੂਰੀ ਵਿਰੋਧੀ ਕਾਰਵਾਈ ਨਹੀਂ ?

ਚੰਡੀਗੜ੍ਹ : ਦਿੱਲੀ-ਹਰਿਆਣਾ ਪੁਲੀਸ ਨੇ ਐਤਵਾਰ, 18 ਮਈ 2025 ਨੂੰ ਅਸ਼ੋਕਾ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਨੂੰ ਆਪਰੇਸ਼ਨ ਸਿੰਧੂਰ ਬਾਰੇ ਸੋਸ਼ਲ ਮੀਡੀਆ 'ਤੇ ਕੀਤੀ ਟਿੱਪਣੀ ਕਰਕੇ ਗ੍ਰਿਫਤਾਰ ਕਰ ਲਿਆ। ਉਨ੍ਹਾਂ 'ਤੇ ਦੇਸ਼ਧ੍ਰੋਹ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲਾਏ ਗਏ ਹਨ। ਇਹ ਗ੍ਰਿਫਤਾਰੀ ਦਿੱਲੀ ਦੇ ਗ੍ਰੇਟਰ ਕੈਲਾਸ਼ ਸਥਿਤ ਉਨ੍ਹਾਂ ਦੇ ਘਰੋਂ ਹੋਈ ਸੀ।ਹਰਿਆਣਾ ਪੁਲੀਸ ਨੇ ਉਨ੍ਹਾਂ ਦੀ ਟਿੱਪਣੀ ਨੂੰ ਰਾਸ਼ਟਰੀ ਏਕਤਾ ਲਈ ਨੁਕਸਾਨਦੇਹ ਅਤੇ ਸਾਂਪਰਦਾਇਕ ਵੈਰ-ਵਿਰੋਧ ਨੂੰ ਹਵਾ ਦੇਣ ਵਾਲਾ ਮੰਨਿਆ ਸੀ। ਇਹ ਕਾਰਵਾਈ ਹਰਿਆਣਾ ਰਾਜ ਮਹਿਲਾ ਕਮਿਸ਼ਨ ਦੇ ਨੋਟਿਸ ਤੋਂ ਬਾਅਦ ਹੋਈ ਸੀ, ਜਿਸ ਵਿਚ ਪ੍ਰੋਫੈਸਰ 'ਤੇ ਮਹਿਲਾ ਫੌਜੀ ਅਧਿਕਾਰੀਆਂ ਦੀ ਬੇਇੱਜ਼ਤੀ ਦਾ ਦੋਸ਼ ਲਾਇਆ ਗਿਆ ਸੀ।ਪ੍ਰੋਫੈਸਰ ਮਹਿਮੂਦਾਬਾਦ ਨੇ ਜਵਾਬ ਵਿੱਚ ਕਿਹਾ ਸੀ ਕਿ ਉਨ੍ਹਾਂ ਦੀ ਟਿੱਪਣੀ ਨੂੰ ਗਲਤ ਸਮਝਿਆ ਗਿਆ ਅਤੇ ਉਸ ਵਿੱਚ ਮਹਿਲਾਵਾਂ ਦੇ ਅਧਿਕਾਰਾਂ ਜਾਂ ਕਾਨੂੰਨ ਦੇ ਵਿਰੁੱਧ ਕੁਝ ਨਹੀਂ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਹ ਪਾਕਿਸਤਾਨ ਦੀ ਅੱਤਵਾਦ ਨੀਤੀ ਦੀ ਨਿੰਦਾ ਕਰਦੇ ਹਨ ਅਤੇ ਭਾਰਤੀ ਫੌਜ ਦੀ ਸਰਾਹਨਾ ਕੀਤੀ ਸੀ, ਪਰ ਨਾਲ ਹੀ ਆਮ ਮੁਸਲਮਾਨਾਂ ਦੇ ਮੁੱਦਿਆਂ ਨੂੰ ਉਠਾਇਆ ਸੀ।

ਇਥੇ ਜ਼ਿਕਰਯੋਗ ਹੈ ਕਿ ਅਸ਼ੋਕਾ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਨੇ 8 ਮਈ 2025 ਨੂੰ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਆਪਰੇਸ਼ਨ ਸਿੰਧੂਰ ਦੀ ਪ੍ਰੈਸ ਬ੍ਰੀਫਿੰਗ ਬਾਰੇ ਟਿੱਪਣੀ ਕੀਤੀ ਸੀ। ਉਨ੍ਹਾਂ ਨੇ ਕਰਨਲ ਸੋਫੀਆ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਦੀ ਭੂਮਿਕਾ ਦੀ ਸਰਾਹਨਾ ਕਰਦੇ ਹੋਏ ਕਿਹਾ ਸੀ ਕਿ ਇਹ ਪ੍ਰਤੀਕ ਵਜੋਂ ਮਹੱਤਵਪੂਰਨ ਹੈ, ਪਰ ਇਸ ਨੂੰ ਜ਼ਮੀਨੀ ਹਕੀਕਤ ਵਿੱਚ ਬਦਲਣ ਦੀ ਲੋੜ ਹੈ, ਨਹੀਂ ਤਾਂ ਇਹ ਸਿਰਫ ਪਖੰਡ ਹੋਵੇਗਾ। ਉਨ੍ਹਾਂ ਨੇ ਹਿੰਦੂਤਵਵਾਦੀਆਂ ਦੇ ਵਿਰੋਧਾਭਾਸ ਨੂੰ ਉਜਾਗਰ ਕਰਦੇ ਹੋਏ ਕਿਹਾ ਸੀ ਕਿ ਜੇਕਰ ਉਹ ਕਰਨਲ ਕੁਰੈਸ਼ੀ ਦੀ ਸਰਾਹਨਾ ਕਰਦੇ ਹਨ, ਤਾਂ ਉਨ੍ਹਾਂ ਨੂੰ ਆਮ ਮੁਸਲਮਾਨਾਂ, ਜੋ ਰੋਜ਼ਾਨਾ ਉਤਪੀੜਨ ਦਾ ਸਾਹਮਣਾ ਕਰਦੇ ਹਨ, ਲਈ ਵੀ ਅਜਿਹਾ ਰਵੱਈਆ ਅਪਣਾਉਣਾ ਚਾਹੀਦਾ।

ਪ੍ਰੋਫੈਸਰ ਮਹਿਮੂਦਾਬਾਦ ਨੇ ਆਪਣੀ ਗ੍ਰਿਫਤਾਰੀ ਖਿਲਾਫ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ, ਜਿਸ ਦੀ ਸੁਣਵਾਈ 20 ਜਾਂ 21 ਮਈ 2025 ਨੂੰ ਹੋ ਸਕਦੀ ਹੈ। ਸੀਨੀਅਰ ਵਕੀਲ ਕਪਿਲ ਸਿੱਬਲ ਨੇ ਚੀਫ ਜਸਟਿਸ ਬੀ.ਆਰ. ਗਵਈ ਦੀ ਬੈਂਚ ਅੱਗੇ ਜਲਦੀ ਸੁਣਵਾਈ ਦੀ ਮੰਗ ਕੀਤੀ। ਇਹ ਮਾਮਲਾ ਬੋਲਣ ਦੀ ਆਜ਼ਾਦੀ ਅਤੇ ਅਕਾਦਮਿਕ ਸੁਤੰਤਰਤਾ 'ਤੇ ਸਵਾਲ ਖੜ੍ਹੇ ਕਰ ਰਿਹਾ ਹੈ।



ਕੀ ਇਹ ਗ੍ਰਿਫਤਾਰੀ ਜਾਇਜ਼ ਹੈ?

ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਦੀ ਗ੍ਰਿਫਤਾਰੀ ਨੇ ਕਾਨੂੰਨੀ ਅਤੇ ਸਮਾਜਿਕ ਚਰਚਾ ਨੂੰ ਜਨਮ ਦਿੱਤਾ ਹੈ। ਕਈ ਲੋਕ ਇਸ ਨੂੰ ਬੋਲਣ ਦੀ ਆਜ਼ਾਦੀ 'ਤੇ ਹਮਲਾ ਮੰਨਦੇ ਹਨ, ਜਦਕਿ ਕੁਝ ਇਸ ਨੂੰ ਰਾਸ਼ਟਰੀ ਸੁਰੱਖਿਆ ਲਈ ਜ਼ਰੂਰੀ ਕਦਮ ਦੱਸਦੇ ਹਨ

ਸੁਪਰੀਮ ਕੋਰਟ ਨੇ 11 ਮਈ 2022 ਨੂੰ ਦੇਸ਼ਧ੍ਰੋਹ ਕਾਨੂੰਨ (ਆਈਪੀਸੀ ਧਾਰਾ 124ਏ) 'ਤੇ ਰੋਕ ਲਾਈ ਸੀ, ਜਦੋਂ ਤੱਕ ਇਸ ਦੀ ਸਮੀਖਿਆ ਨਹੀਂ ਹੁੰਦੀ। ਪਰ, ਭਾਰਤੀ ਨਿਆਂ ਸੰਹਿਤਾ ਦੀ ਧਾਰਾ 152, ਜੋ ਦੇਸ਼ਧ੍ਰੋਹ ਵਰਗੀ ਹੈ, ਦੇ ਤਹਿਤ ਇਹ ਕਾਰਵਾਈ ਕੀਤੀ ਗਈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸੁਪਰੀਮ ਕੋਰਟ ਦੇ ਹੁਕਮ ਦੀ ਉਲੰਘਣਾ ਹੋ ਸਕਦੀ ਹੈ, ਕਿਉਂਕਿ ਨਵਾਂ ਕਾਨੂੰਨ ਪੁਰਾਣੇ ਪ੍ਰਬੰਧ ਨੂੰ ਨਵੇਂ ਰੂਪ ਵਿਚ ਲਾਗੂ ਕਰਦਾ ਹੈ।

ਅਕਾਦਮਿਕ ਸੁਤੰਤਰਤਾ 'ਤੇ ਸਵਾਲ:

ਮਹਿਮੂਦਾਬਾਦ ਦੀ ਗ੍ਰਿਫਤਾਰੀ ਨੂੰ ਅਕਾਦਮਿਕ ਸੁਤੰਤਰਤਾ 'ਤੇ ਹਮਲਾ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੀ ਟਿੱਪਣੀ ਆਪਰੇਸ਼ਨ ਸਿੰਧੂਰ ਦੀ ਪ੍ਰੈਸ ਬ੍ਰੀਫਿੰਗ ਅਤੇ ਸਮਾਜਿਕ ਮੁੱਦਿਆਂ 'ਤੇ ਸੀ, ਜੋ ਇਕ ਪ੍ਰੋਫੈਸਰ ਵਜੋਂ ਉਨ੍ਹਾਂ ਦੇ ਵਿਚਾਰ-ਵਟਾਂਦਰੇ ਦਾ ਹਿੱਸਾ ਸੀ। ਇਸ ਨੂੰ ਦੇਸ਼ਧ੍ਰੋਹ ਨਾਲ ਜੋੜਨਾ ਵਧੇਰੇ ਮੰਨਿਆ ਜਾ ਰਿਹਾ ਹੈ। ਕਾਂਗਰਸ, ਆਪ ਅਤੇ ਵਾਮਪੰਥੀ ਦਲਾਂ ਨੇ ਇਸ ਗ੍ਰਿਫਤਾਰੀ ਦੀ ਸਖਤ ਨਿਖੇਧੀ ਕੀਤੀ ਹੈ। ਕਾਂਗਰਸ ਦੀ ਬੁਲਾਰੇ ਸੁਪ੍ਰਿਯਾ ਸ਼੍ਰੀਨੇਤ ਨੇ ਇਸ ਨੂੰ "ਲੋਕਤੰਤਰ ਦੀ ਹੱਤਿਆ" ਕਰਾਰ ਦਿੱਤਾ, ਜਦਕਿ ਆਪ ਆਗੂ ਸੰਜੇ ਸਿੰਘ ਨੇ ਕਿਹਾ ਕਿ ਸਰਕਾਰ ਅਸਹਿਮਤੀ ਦੀ ਆਵਾਜ਼ ਨੂੰ ਦਬਾਉਣ ਲਈ ਦੇਸ਼ਧ੍ਰੋਹ ਕਾਨੂੰਨ ਦੀ ਦੁਰਵਰਤੋਂ ਕਰ ਰਹੀ ਹੈ।

ਵਾਮਪੰਥੀ ਆਗੂ ਸੀਤਾਰਾਮ ਯੇਚੁਰੀ ਨੇ ਇਸ ਨੂੰ "ਸੱਤਾ ਦਾ ਦੁਰਉਪਯੋਗ" ਦੱਸਿਆ ਅਤੇ ਸੁਪਰੀਮ ਕੋਰਟ ਤੋਂ ਤੁਰੰਤ ਦਖਲ ਦੀ ਮੰਗ ਕੀਤੀ।

ਇਤਿਹਾਸਕਾਰ ਰੋਮਿਲਾ ਥਾਪਰ ਨੇ ਕਿਹਾ ਕਿ ਇਹ ਗ੍ਰਿਫਤਾਰੀ "ਅਕਾਦਮਿਕ ਸੁਤੰਤਰਤਾ ਨੂੰ ਕੁਚਲਣ ਦੀ ਕੋਸ਼ਿਸ਼" ਹੈ ਅਤੇ ਸਰਕਾਰ ਨੂੰ ਆਲੋਚਨਾ ਦਾ ਸਾਹਮਣਾ ਕਰਨ ਦੀ ਪਰਿਪੱਕਤਾ ਵਿਖਾਉਣੀ ਚਾਹੀਦੀ।ਲੇਖਕ ਅਰੁੰਧਤੀ ਰਾਏ ਨੇ ਇਸ ਨੂੰ "ਸਰਕਾਰ ਵੱਲੋਂ ਡਰ ਦਾ ਮਾਹੌਲ ਬਣਾਉਣ ਦੀ ਰਣਨੀਤੀ" ਕਿਹਾ, ਜੋ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਚੁੱਪ ਕਰਵਾਉਣ ਲਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਪਰੇਸ਼ਨ ਸਿੰਧੂਰ ਵਰਗੇ ਮੁੱਦਿਆਂ ਦੀ ਵਰਤੋਂ ਅਸਹਿਮਤੀ ਨੂੰ ਦਬਾਉਣ ਲਈ ਕਰ ਰਹੀ ਹੈ, ਜਿਸ ਨਾਲ ਸਾਂਪਰਦਾਇਕ ਤਣਾਅ ਵਧ ਰਿਹਾ ਹੈ।

ਪ੍ਰੋਫੈਸਰ ਮਹਿਮੂਦਾਬਾਦ ਦੀ ਗ੍ਰਿਫਤਾਰੀ ਅਤੇ ਫੈਜ਼ ਦੀ ਕਵਿਤਾ 'ਤੇ ਦੇਸ਼ਧ੍ਰੋਹ ਦਾ ਮੁਕੱਦਮਾ ਬੋਲਣ ਦੀ ਆਜ਼ਾਦੀ ਅਤੇ ਅਕਾਦਮਿਕ ਸੁਤੰਤਰਤਾ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਸੁਪਰੀਮ ਕੋਰਟ ਦੀ ਸੁਣਵਾਈ ਇਸ ਮਾਮਲੇ 'ਚ ਅਹਿਮ ਹੋਵੇਗੀ, ਕਿਉਂਕਿ ਇਹ ਨਾ ਸਿਰਫ ਪ੍ਰੋਫੈਸਰ ਦੀ ਰਿਹਾਈ, ਸਗੋਂ ਭਾਰਤ 'ਚ ਦੇਸ਼ਧ੍ਰੋਹ ਕਾਨੂੰਨ ਦੀ ਦੁਰਵਰਤੋਂ ਅਤੇ ਲੋਕਤੰਤਰੀ ਅਧਿਕਾਰਾਂ ਦੇ ਭਵਿੱਖ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ

ਫੈਜ਼ ਅਹਿਮਦ ਫੈਜ਼ ਦੀ ਕਵਿਤਾ 'ਤੇ ਵੀ ਦੇਸ਼ਧ੍ਰੋਹ ਦਾ ਮੁਕੱਦਮਾ

ਇਸ ਦੌਰਾਨ, ਨਾਗਪੁਰ 'ਚ ਫੈਜ਼ ਅਹਿਮਦ ਫੈਜ਼ ਦੀ ਕਵਿਤਾ 'ਹਮ ਦੇਖੇਂਗੇ' ਗਾਉਣ ਵਾਲੇ ਪ੍ਰੋਗਰਾਮ ਦੇ ਆਯੋਜਕਾਂ ਅਤੇ ਵਕਤਾ 'ਤੇ ਵੀ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਇਹ ਕਾਰਵਾਈ ਵੀਰਾ ਸਾਥੀਦਾਰ ਦੀ ਯਾਦ ਵਿਚ ਕਰਵਾਏ ਗਏ ਇਕ ਪ੍ਰੋਗਰਾਮ ਦੌਰਾਨ ਹੋਈ, ਜਿਸ ਵਿਚ ਸਮਾਜਿਕ ਕਾਰਕੁਨ ਉੱਤਮ ਜਾਗੀਰਦਾਰ ਨੇ ਮਹਾਰਾਸ਼ਟਰ ਵਿਸ਼ੇਸ਼ ਜਨਤਕ ਸੁਰੱਖਿਆ ਬਿੱਲ 2024 'ਤੇ ਗੱਲਬਾਤ ਕੀਤੀ ਸੀ।

# ਮੈਨੀਟੋਬਾ 'ਚ ਜੰਗਲੀ ਅੱਗ ਦੇ ਖ਼ਤਰੇ ਕਾਰਨ ਹਜ਼ਾਰਾਂ ਲੋਕਾਂ ਨੂੰ ਘਰ ਖਾਲੀ ਕਰਨ ਦੇ ਆਦੇਸ਼

**ਮੈਨੀਟੋਬਾ, (ਪਰਮਜੀਤ ਸਿੰਘ):** ਮੈਨੀਟੋਬਾ ਦੇ ਫਲਿਨ ਫਲੋਨ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਭਿਆਨਕ ਜੰਗਲੀ ਅੱਗ ਦੇ ਖ਼ਤਰੇ ਕਾਰਨ ਹਜ਼ਾਰਾਂ ਲੋਕਾਂ ਨੂੰ ਤੁਰੰਤ ਆਪਣੇ ਘਰਾਂ ਨੂੰ ਛੱਡਣ ਦੇ ਆਦੇਸ਼ ਦਿੱਤੇ ਗਏ ਹਨ। ਮੈਨੀਟੋਬਾ ਸਰਕਾਰ ਨੇ ਸੂਬੇ ਵਿੱਚ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਹੈ।

ਫਲਿਨ ਫਲੋਨ ਸ਼ਹਿਰ ਨੇ ਬੁੱਧਵਾਰ ਦੀ ਦੁਪਹਿਰ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਸੂਚਿਤ ਕੀਤਾ ਕਿ ਸਾਰੇ ਨਿਵਾਸੀਆਂ ਅਤੇ ਸੈਲਾਨੀਆਂ ਨੂੰ ਜਿੰਨੀ ਜਲਦੀ ਹੋ ਸਕੇ ਸ਼ਾਂਤੀਪੂਰਕ ਢੰਗ ਨਾਲ ਇਲਾਕਾ ਛੱਡਣਾ ਚਾਹੀਦਾ ਹੈ। ਸ਼ਹਿਰੀ ਪ੍ਰਸ਼ਾਸਨ ਨੇ ਦੱਸਿਆ ਕਿ ਲੋਕਾਂ ਨੂੰ ਰਾਤ 12 ਵਜੇ ਤੱਕ ਇਲਾਕਾ ਖਾਲੀ ਕਰਨਾ ਲਾਜ਼ਮੀ ਹੈ।

ਜਿਨ੍ਹਾਂ ਕੋਲ ਆਪਣੀ ਟਰਾਂਸਪੋਰਟ ਹੈ, ਉਨ੍ਹਾਂ ਨੂੰ ਸੂਬਾਈ ਸੜਕ #10 ਰਾਹੀਂ The Pass ਵੱਲ ਨਿਕਲਣ ਦੀ ਸਲਾਹ ਦਿੱਤੀ ਗਈ ਹੈ। ਹਾਲਾਂਕਿ #10 ਸੜਕ ਉੱਤੇ ਧੂੰਏ ਕਾਰਨ ਦਿੱਖ ਦੀ ਸਮੱਸਿਆ ਹੋ ਸਕਦੀ ਹੈ, ਪਰ ਇਹ ਹਾਲੇ ਵੀ ਸੁਰੱਖਿਅਤ ਮੰਨੀ ਜਾ ਰਹੀ ਹੈ। ਲੋਕਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਵ੍ਹ #39 ਰਾਹੀਂ ਥੌਮਪਸਨ ਵੱਲ ਨਾ ਜਾਣ।

ਫਲਿਨ ਫਲੋਨ ਦੇ ਮੇਅਰ ਜਾਰਜ ਫੌਂਟੇਨ ਨੇ 680 ਛਣੌਭ ਨਾਲ ਗੱਲ ਕਰਦਿਆਂ ਕਿਹਾ ਕਿ ਸ਼ਹਿਰ ਦੀ ਆਬਾਦੀ ਲਗਭਗ 5,000 ਦੇ ਆਸ-ਪਾਸ ਹੈ, ਅਤੇ ਇਨ੍ਹਾਂ ਵਿਚੋਂ ਕਈ ਲੋਕਾਂ ਨੇ ਪਿਛਲੇ ਸਾਲ 2024 'ਚ ਕਰੈਨਬੇਰੀ ਪੋਰਟੇਜ ਨੇੜੇ ਵਾਪਰੀ ਆਗ ਦੌਰਾਨ ਵੀ ਏਸੇ ਤਰ੍ਹਾਂ ਦਾ ਡਰ ਮਹਿਸੂਸ ਕੀਤਾ ਸੀ।

ਇਵੇਕੁਏਸ਼ਨ ਦੌਰਾਨ ਲੋਕਾਂ ਨੂੰ ਆਪਣੀ ਪਛਾਣ ਪੱਤਰ, ਦਵਾਈਆਂ, ਜ਼ਰੂਰੀ ਸਮਾਨ, "ਗੋ ਬੈਗ", ਅਤੇ ਪਸ਼ੂਆਂ ਲਈ ਸਮਾਨ ਨਾਲ ਜਾਣ ਦੀ ਸਲਾਹ ਦਿੱਤੀ ਗਈ ਹੈ। ਜੇ ਕਿਸੇ ਕੋਲ ਠਹਿਰਣ ਦੀ ਸਹੂਲਤ ਨਹੀਂ ਹੈ, ਤਾਂ ਉਹ ਵਿੰਨੀਪੈਗ ਵਿੱਚ ਅਸਥਾਈ ਰਿਹਾਇਸ਼ ਲਈ 2-1-1 'ਤੇ ਸੰਪਰਕ ਕਰ ਸਕਦੇ ਹਨ।

ਇਸਦੇ ਨਾਲ ਨਾਲ, ਉੱਤਰੀ ਮੈਨੀਟੋਬਾ ਦੇ ਪਹਿਲਾਂ ਹੀ 17,500 ਤੋਂ ਵੱਧ ਫਰਸਟ ਨੇਸ਼ਨਜ਼ ਦੇ ਲੋਕ ਸੁਰੱਖਿਅਤ ਥਾਵਾਂ ਵੱਲ ਜਾਣ ਦੀ ਕੋਸ਼ਿਸ਼ ਕਰ ਰਹੇ ਹਨ। ਹੋਰ ਦੋ ਫਰਸਟ ਨੇਸ਼ਨਜ਼ ਨੂੰ ਵੀ ਅਲਰਟ ਉੱਤੇ ਰੱਖਿਆ ਗਿਆ ਹੈ।




ਮੈਨੀਟੋਬਾ ਕੀਵੈਟਿਨੋਵੀ ਓਕਿਮਾਕਾਨਾਕ ਇੰਕ. ਅਨੁਸਾਰ, ਪਿਮਿਕਿਕਾਮੈਕ ਦੇ ਏਅਰਪੋਰਟ ਨੂੰ ਅੱਗ ਦੇ ਖ਼ਤਰੇ ਕਾਰਨ ਬੰਦ ਕਰ ਦਿੱਤਾ ਗਿਆ ਹੈ। ਹਜ਼ਾਰਾਂ ਲੋਕਾਂ ਨੂੰ ਹਵਾਈ ਰਾਹੀਂ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਸੜਕ ਰਸਤਾ ਵੀ ਆਗ ਕਾਰਨ ਬੰਦ ਹੋ ਗਿਆ ਹੈ।

ਮਾਰਸੇਲ ਕੋਲੋਮ ਫਰਸਟ ਨੇਸ਼ਨ ਅਤੇ ਸ਼ੈਰੀਡਨ ਸਮੇਤ ਕਈ ਹੋਰ ਭਾਈਚਾਰੇ ਪਹਿਲਾਂ ਹੀ ਇਵੇਕੂਏਟ ਕੀਤੇ ਜਾ ਚੁੱਕੇ ਹਨ। ਮੈਥਾਇਅਸ ਕੋਲੋਮ ਕ੍ਰੀ ਨੇਸ਼ਨ ਨੂੰ ਤੁਰੰਤ ਖਾਲੀ ਕੀਤਾ ਜਾ ਰਿਹਾ ਹੈ ਕਿਉਂਕਿ ਅੱਗ ਨੇ ਉਨ੍ਹਾਂ ਦੇ ਬਚਾਅ ਰਸਤੇ, ਹਵਾਈ ਅੱਡੇ ਅਤੇ ਰੇਲ ਮਾਰਗਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ।

ਸੂਬਾਈ ਪ੍ਰਸ਼ਾਸਨ, ਇਮਰਜੈਂਸੀ ਸੇਵਾਵਾਂ, ਅਤੇ ਰੈਸਕਿਊ ਟੀਮਾਂ ਇਸ ਵਕਤ ਫ਼ਲਿਨ ਫਲੋਨ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਜੁੱਟੀਆਂ ਹੋਈਆਂ ਹਨ।

## ਮੈਨੀਟੋਬਾ ਸਰਕਾਰ ਵੱਲੋਂ ਸੂਬੇ ਭਰ ਵਿੱਚ ਐਮਰਜੈਂਸੀ ਦਾ ਐਲਾਨ

ਵਿਨੀਪੈਗ : ਮੈਨੀਟੋਬਾ ਸਰਕਾਰ ਨੇ ਸੂਬੇ ਭਰ ਵਿੱਚ ਜਾਰੀ ਭਿਆਨਕ ਜੰਗਲੀ ਅੱਗਾਂ ਦੇ ਖ਼ਤਰੇ ਨੂੰ ਦੇਖਦਿਆਂ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਉੱਤਰੀ ਮੈਨੀਟੋਬਾ ਵਿੱਚ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ ਵੱਲ ਭੱਜਣ ਲਈ ਕਿਹਾ ਗਿਆ ਹੈ, ਕਿਉਂਕਿ ਆਲੇ-ਦੁਆਲੇ ਲੱਗੀਆਂ ਅੱਗਾਂ ਲੋਕਾਂ ਦੀ ਜ਼ਿੰਦਗੀ ਲਈ ਗੰਭੀਰ ਚੁਣੌਤੀ ਬਣ ਰਹੀਆਂ ਹਨ।

ਬੁੱਧਵਾਰ ਰਾਤ ਜਾਰੀ ਇਕ ਸਰਕਾਰੀ ਬੁਲੇਟਿਨ ਅਨੁਸਾਰ, ਜੋ ਇਵੇਕੁਈਜ਼ ਵਿੰਨੀਪੈਗ ਵੱਲ ਆ ਰਹੇ ਹਨ, ਉਨ੍ਹਾਂ ਨੂੰ ਆਪਣਾ ਠਿਕਾਣਾ ਦੋਸਤਾਂ ਜਾਂ ਰਿਸ਼ਤੇਦਾਰਾਂ ਕੋਲ ਬਣਾਉਣ ਦੀ ਸਲਾਹ ਦਿੱਤੀ ਗਈ ਹੈ। ਜੇ ਕਿਸੇ ਕੋਲ ਠਹਿਰਨ ਦੀ ਕੋਈ ਵਿਵਸਥਾ ਨਹੀਂ ਹੈ, ਤਾਂ ਉਹ 709 ਕੀਵਾਟਿਨ ਸਟਰੀਟ ਸਥਿਤ ਬਿਲੀ ਮੋਸੀਐਂਕੋ ਅਰੀਨਾ ਵਿੱਚ ਬਣਾਏ ਗਏ ਰਿਸੈਪਸ਼ਨ ਸੈਂਟਰ ਵਿੱਚ ਜਾ ਸਕਦੇ ਹਨ, ਜੋ ਰਾਤ 9 ਵਜੇ ਖੋਲ੍ਹ ਦਿੱਤਾ ਗਿਆ ਸੀ ਅਤੇ ਸਾਰੀ ਰਾਤ ਖੁੱਲ੍ਹਾ ਰਿਹਾ।

ਫਲਿਨ ਫਲੋਨ, ਪਿਮਿਕਿਕਾਮੈਕ ਫਰਸਟ ਨੇਸ਼ਨ, ਅਤੇ ਮੈਥਾਇਅਸ ਕੋਲੋਮ ਕ੍ਰੀ ਨੇਸ਼ਨ ਵੱਲੋਂ ਬੁੱਧਵਾਰ ਦੀ ਦੁਪਹਿਰ ਮੁਕੰਮਲ ਇਵੇਕੁਏਸ਼ਨ ਆਦੇਸ਼ ਜਾਰੀ ਕਰ ਦਿੱਤੇ ਗਏ ਸਨ।

ਮੈਨੀਟੋਬਾ ਦੇ ਮੁਖ ਮੰਤਰੀ ਵਾਬ ਕਿਨੀਉ ਨੇ ਇਕ ਬਿਆਨ ਵਿੱਚ ਕਿਹਾ, "ਇਹ ਮੈਨੀਟੋਬਾ ਵਾਸੀਆਂ ਦੀ ਯਾਦ ਵਿੱਚ ਸਭ ਤੋਂ ਵੱਡੀ ਇਵੇਕੁਏਸ਼ਨ ਹੈ, ਜਿਸ ਲਈ ਸੂਬਾਈ, ਫੈਡਰਲ ਅਤੇ ਸਥਾਨਕ ਸਰਕਾਰਾਂ ਦੇ ਵੱਡੇ ਸਹਿਯੋਗ ਦੀ ਲੋੜ ਹੋਵੇਗੀ।"

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਾਲ ਗੱਲ ਕੀਤੀ ਹੈ ਅਤੇ ਕੈਨੇਡੀਅਨ ਆਰਮਡ ਫੋਰਸਜ਼ ਦੀ ਮਦਦ ਦੀ ਮੰਗ ਕੀਤੀ ਹੈ ਤਾਂ ਜੋ ਇਵੇਕੁਈਜ਼ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਜਾ ਸਕੇ। ਉਨ੍ਹਾਂ ਕਿਹਾ, "ਹਜਾਰਾਂ ਲੋਕ ਮੋਬਿਲਾਈਜ਼ ਕੀਤੇ ਗਏ ਹਨ, ਜੋ ਤੁਹਾਨੂੰ ਸੁਰੱਖਿਅਤ ਥਾਂ 'ਤੇ ਲਿਜਾਣ ਅਤੇ ਮਦਦ ਪਹੁੰਚਾਉਣ ਲਈ ਕੰਮ ਕਰ ਰਹੇ ਹਨ। ਇਹੀ ਮੈਨੀਟੋਬਾ ਵਾਸੀਆਂ ਦੀ ਰੀਤ ਹੈ ਅਤੇ ਅਸੀਂ ਇਸ ਸੰਕਟ 'ਚੋਂ ਲੰਘ ਜਾਵਾਂਗੇ।"

ਮੁੱਖ ਮੰਤਰੀ ਨੇ ਕਿਹਾ ਕਿ ਐਮਰਜੈਂਸੀ ਦਾ ਐਲਾਨ ਮੈਨੀਟੋਬਾ ਵਾਸੀਆਂ ਦੀ ਸੁਰੱਖਿਆ ਅਤੇ ਮਦਦ ਲਈ ਕੀਤੇ ਕਦਮਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਵਿੱਚ ਸਹਾਇਕ ਹੋਵੇਗਾ। "ਮੈਨੀਟੋਬਾ ਵਾਸੀਆਂ ਦੀ ਸੁਰੱਖਿਆ ਸਾਡੀ ਪਹਿਲੀ ਅਤੇ ਸਦਾਕਾਲੀ ਪ੍ਰਾਥਮਿਕਤਾ ਰਹੀ ਹੈ।"

# ਡਾਕਟਰ ਦੇ ਹੁਕਮ ਦੇ ਉਲਟ ਮਰੀਜ਼ ਨੂੰ ਛੁੱਟੀ ਦੇਣ ਵਾਲੀ ਨਰਸ 'ਤੇ ਪੰਜ ਦਿਨਾਂ ਲਈ ਲਾਈ ਗਈ ਪਾਬੰਦੀ

**ਸਰੀ (ਪਰਮਜੀਤ ਸਿੰਘ):** ਸਰੀ ਦੀ ਇੱਕ ਰਜਿਸਟਰਡ ਨਰਸ (RN) ਨੂੰ ਨਰਸਿੰਗ ਅਮਲ ਨਾਲ ਜੁੜੇ ਗੰਭੀਰ ਮਾਮਲਿਆਂ ਕਾਰਨ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਹ ਕਾਰਵਾਈ ਬ੍ਰਿਟਿਸ਼ ਕੋਲੰਬੀਆ ਕਾਲਜ ਆਫ ਨਰਸੇਜ਼ ਐਂਡ ਮਿਡਵਾਈਵਜ਼ (BCCNM) ਵੱਲੋਂ ਜਾਰੀ ਕੀਤੇ ਗਏ ਇਕ ਸਰਵਜਨਕ ਨੋਟਿਸ ਰਾਹੀਂ ਸਾਹਮਣੇ ਆਈ ਹੈ।



ਇਸ ਨੋਟਿਸ ਅਨੁਸਾਰ, ਨਰਸ ਸਿੰਥੀਆ ਫੰਗ ਨੇ 10 ਅਪ੍ਰੈਲ, 2024 ਨੂੰ ਡਾਕਟਰ ਦੇ ਹੁਕਮ ਦੇ ਉਲਟ ਇੱਕ ਮਰੀਜ਼ ਨੂੰ ਛੁੱਟੀ (ਪਾਸ) ਦੇ ਦਿੱਤੀ। ਇਹ ਕਾਰਵਾਈ ਉਸ ਸਮੇਂ ਹੋਈ ਜਦੋਂ ਮਰੀਜ਼ ਲਈ ਖਾਸ ਹਦਾਇਤ ਦਿੱਤੀ ਗਈ ਸੀ, ਜਿਸ 'ਤੇ ਨਰਸ ਵੱਲੋਂ ਪੂਰੀ ਤਰ੍ਹਾਂ ਅਮਲ ਕਰਨਾ ਲਾਜ਼ਮੀ ਸੀ।

"ਜਦੋਂ ਕਿਸੇ ਮਰੀਜ਼ ਲਈ ਖਾਸ ਹੁਕਮ ਦਿੱਤਾ ਜਾਂਦਾ ਹੈ, ਤਾਂ ਨਰਸ ਨੂੰ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਉਹ ਆਪਣੀ ਪ੍ਰੈਕਟਿਸ ਉਸ ਹੁਕਮ ਅਨੁਸਾਰ ਕਰ ਰਹੀ ਹੈ। ਨਰਸਾਂ ਉੱਤੇ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੀ ਪ੍ਰੈਕਟਿਸ ਅਤੇ ਪੇਸ਼ਾਵਰ ਮਿਆਰਾਂ ਦੀ ਪਾਲਣਾ ਕਰਦੀਆਂ ਹੋਈਆਂ ਮਰੀਜ਼ਾਂ ਨੂੰ ਸੁਰੱਖਿਅਤ ਸੇਵਾਵਾਂ ਮੁਹੱਈਆ ਕਰਵਾਉਣ।"

ਜਾਂਚ ਕਮੇਟੀ ਵੱਲੋਂ ਦਿੱਤੇ ਗਏ ਸਜ਼ਾਈ ਹੁਕਮਾਂ ਨੂੰ ਮਨਜ਼ੂਰ ਕਰ ਲਿਆ ਹੈ, ਜਿਸ ਵਿੱਚ ਪੰਜ ਦਿਨਾਂ ਦੀ ਰਜਿਸਟ੍ਰੇਸ਼ਨ ਮੁਅੱਤਲੀ ਸ਼ਾਮਲ ਹੈ। ਇਹ ਮੁਅੱਤਲੀ ਤੁਰੰਤ ਪ੍ਰਭਾਵ ਨਾਲ ਲਾਗੂ ਕੀਤੀ ਗਈ।

ਹਾਲਾਂਕਿ ਇਹ ਪਹਿਲੀ ਵਾਰੀ ਨਹੀਂ ਹੈ ਕਿ ਕਿਸੇ ਨਰਸ ਉੱਤੇ ਇਨ੍ਹਾਂ ਤਰ੍ਹਾਂ ਦੀ ਕਾਰਵਾਈ ਕੀਤੀ ਗਈ ਹੋਵੇ।

ਇਸ ਤੋਂ ਪਹਿਲਾਂ ਵੀ ਜਨਵਰੀ 2025 ਵਿੱਚ ਉਨ੍ਹਾਂ ਦੀ ਨਰਸਿੰਗ ਲਾਈਸੰਸ ਮੁਅੱਤਲ ਕੀਤੀ ਗਈ ਸੀ, ਜਦੋਂ ਉਨ੍ਹਾਂ ਉੱਤੇ ਦੋ ਵੱਖ-ਵੱਖ ਮਰੀਜ਼ਾਂ ਦੀਆਂ ਫਾਈਲਾਂ 'ਚ ਐਸੇਸਮੈਂਟ ਦਰਜ ਕਰਨ ਦੇ ਦੋਸ਼ ਲਗੇ ਸਨ ਜੋ ਅਸਲ ਵਿੱਚ ਕੀਤੇ ਹੀ ਨਹੀਂ ਗਏ ਸਨ। ਇਹ ਘਟਨਾਵਾਂ 29 ਦਸੰਬਰ, 2022 ਨੂੰ ਵਾਪਰੀਆਂ ਸਨ।

BCCNM ਵੱਲੋਂ ਦੱਸਿਆ ਗਿਆ ਕਿ ਅਜਿਹੀ ਲਾਪਰਵਾਹੀ ਨਾਂ ਸਿਰਫ਼ ਨਰਸਿੰਗ ਪੇਸ਼ੇ ਦੀ ਨੈਤਿਕਤਾ ਉੱਤੇ ਸਵਾਲ ਚੁੱਕਦੀ ਹੈ, ਸਗੋਂ ਮਰੀਜ਼ਾਂ ਦੀ ਸੁਰੱਖਿਆ ਲਈ ਵੀ ਖਤਰਾ ਬਣ ਸਕਦੀ ਹੈ। ਇਨ੍ਹਾਂ ਕਾਰਵਾਈਆਂ ਰਾਹੀਂ ਨਰਸਿੰਗ ਪੇਸ਼ੇ ਵਿੱਚ ਪੇਸ਼ਾਵਰ ਮਿਆਰ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਸ ਮਾਮਲੇ ਨੇ ਸੂਬੇ ਭਰ ਵਿਚ ਨਰਸਾਂ ਲਈ ਇਕ ਵੱਡਾ ਸੰਦੇਸ਼ ਦਿੱਤਾ ਹੈ ਕਿ ਨਰਸਿੰਗ ਦੀ ਪ੍ਰੈਕਟਿਸ ਦੌਰਾਨ ਹਰ ਨਿਰਣੈ ਖਾਸ ਧਿਆਨ ਅਤੇ ਜ਼ਿੰਮੇਵਾਰੀ ਨਾਲ ਲਿਆ ਜਾਣਾ ਚਾਹੀਦਾ ਹੈ। ਉੱਚ ਪੇਸ਼ਾਵਰ ਮਿਆਰ ਅਤੇ ਮਰੀਜ਼ਾਂ ਦੀ ਭਲਾਈ ਨੂੰ ਪਹਿਲ ਦੇਣੀ ਨਰਸਾਂ ਦੀ ਮੁੱਖ ਜ਼ਿੰਮੇਵਾਰੀ ਬਣਦੀ ਹੈ।

# ਲੋਅਰ ਮੇਨਲੈਂਡ ਵਿੱਚ "ਇੰਟਰਨੈਸ਼ਨਲ ਰੋਡਚੈੱਕ" ਮੁਹਿੰਮ ਦੌਰਾਨ 80 ਤੋਂ ਵੱਧ ਵਪਾਰਕ ਟਰੱਕਾਂ 'ਤੇ ਲਗਾਈ ਪਾਬੰਦੀ

**ਸੜਕਾਂ ਦੀ ਸੁਰੱਖਿਆ ਲਈ ਤਿੰਨ ਦਿਨਾਂ 'ਚ 375 ਉਲੰਘਣਾਵਾਂ ਦੀ ਪਛਾਣ, 195 ਤੋਂ ਵੱਧ ਟਿਕਟਾਂ ਜਾਰੀ**

**ਲੋਅਰ ਮੇਨਲੈਂਡ (ਪਰਮਜੀਤ ਸਿੰਘ):** ਬਰਨਾਬੀ, ਨਿਊ ਵੈਸਟਮਿੰਸਟਰ ਅਤੇ ਸਰੀ 'ਚ 13 ਤੋਂ 15 ਮਈ ਤੱਕ ਚਲਾਈ ਗਈ ਤਿੰਨ ਦਿਨਾਂ ਦੀ "ਇੰਟਰਨੈਸ਼ਨਲ ਰੋਡਚੈੱਕ" ਮੁਹਿੰਮ ਦੌਰਾਨ 80 ਤੋਂ ਵੱਧ ਵਪਾਰਕ ਵਾਹਨ ਸੇਵਾ ਤੋਂ ਹਟਾਏ ਗਏ। ਇਸ ਮੁਹਿੰਮ ਹੇਠ 128 ਵਾਹਨਾਂ ਦੀ ਜਾਂਚ ਕੀਤੀ ਗਈ ਅਤੇ 195 ਟਿਕਟਾਂ ਜਾਰੀ ਕੀਤੀਆਂ ਗਈਆਂ।



ਇਹ ਮੁਹਿੰਮ ਹਰ ਸਾਲ ਕਮਰਸ਼ੀਅਲ ਵਾਹਨ ਸੁਰੱਖਿਆ ਗਠਜੋੜ (CVSA) ਵੱਲੋਂ ਉੱਤਰੀ ਅਮਰੀਕਾ ਭਰ ਵਿੱਚ ਚਲਾਈ ਜਾਂਦੀ ਹੈ। ਮੁੱਖ ਉਦੇਸ਼ ਵਪਾਰਕ ਵਾਹਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ, ਚਲਨ ਵਾਲਿਆਂ ਦੀ ਪਾਬੰਦੀ ਅਤੇ ਵਾਹਨਾਂ ਦੀ ਤਕਨੀਕੀ ਹਾਲਤ ਦੀ ਜਾਂਚ ਕਰਨਾ ਹੁੰਦਾ ਹੈ।

ਬਰਨਾਬੀ RCMP ਵੱਲੋਂ ਜਾਰੀ ਬਿਆਨ ਵਿੱਚ ਦੱਸਿਆ ਗਿਆ ਕਿ "ਇਹ ਤਿੰਨ ਦਿਨਾਂ ਮੁਹਿੰਮ ਹੁੰਦੀ ਹੈ ਜਿਸ ਦੌਰਾਨ ਪ੍ਰਮਾਣਿਤ ਇੰਸਪੈਕਟਰ ਵਪਾਰਕ ਵਾਹਨਾਂ ਦੀ ਜਾਂਚ, ਬਲੈਕ-ਲਿਸਟਿੰਗ ਅਤੇ ਸਿੱਖਿਆ ਸਮੇਤ ਕਈ ਪੱਧਰਾਂ ਉੱਤੇ ਕੰਮ ਕਰਦੇ ਹਨ।"

ਮਈ 13 ਨੂੰ ਬਰਨਾਬੀ, ਮਈ 14 ਨੂੰ ਨਿਊ ਵੈਸਟਮਿੰਸਟਰ ਅਤੇ ਮਈ 15 ਨੂੰ ਸਰੀ ਵਿੱਚ ਜਾਂਚ ਲਈ ਨਾਕੇ ਲਾਗਏ ਗਏ ਸਨ।

ਜਾਂਚ ਦੌਰਾਨ ਅਧਿਕਾਰੀ ਵੱਲੋਂ "ਨੌਰਥ ਅਮਰੀਕਨ ਸਟੈਂਡਰਡ ਲੈਵਲ-I ਇੰਸਪੈਕਸ਼ਨ" ਅਨੁਸਾਰ 37 ਕਦਮਾਂ ਵਾਲੀ ਕਾਰਵਾਈ ਅਮਲ ਵਿੱਚ ਲਾਈ ਗਈ।

ਇਸ ਵਿੱਚ ਡਰਾਈਵਰ ਦੀਆਂ ਜ਼ਿੰਮੇਵਾਰੀਆਂ, ਰਿਕਾਰਡ ਆਫ ਡਿਊਟੀ ਸਟੇਟਸ (RODS), ਟਾਇਰਾਂ ਅਤੇ ਵਾਹਨ ਦੀ ਮਕੈਨਿਕਲ ਹਾਲਤ ਦੀ ਵੀ ਵਿਸ਼ੇਸ਼ ਜਾਂਚ ਕੀਤੀ ਗਈ।

ਲੋਅਰ ਮੇਨਲੈਂਡ ਕਮਰਸ਼ੀਅਲ ਵਾਹਨ ਇਨਫੋਰਸਮੈਂਟ (LMDCVE), ਜਿਸ ਵਿੱਚ ਬਰਨਾਬੀ RCMP, Surrey Poilce, ਨਿਊ ਵੈਸਟਮਿੰਸਟਰ ਪੁਲਿਸ, BC ਹਾਈਵੇ ਪੈਟਰੋਲ, ਮੈਟਰੋ ਵੈਂਕੂਵਰ ਟਰਾਂਜ਼ਿਟ ਪੁਲਿਸ, ਕੋਕਿਊਟਲਮ, ਡੈਲਟਾ, ਲੈਂਗਲੀ ਅਤੇ ਸਰੀ ਦੇ ਬਾਈਲਾਅ ਅਧਿਕਾਰੀ ਸ਼ਾਮਲ ਸਨ, ਨੇ ਸੜਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਹ ਸਾਂਝੀ ਕਾਰਵਾਈ ਕੀਤੀ।

ਬਰਨਾਬੀ ਡ੍ਰੰਫ ਦੇ ਕਮਰਸ਼ੀਅਲ ਵਾਹਨ ਇੰਸਪੈਕਟਰ ਕਾਂਸਟੇਬਲ ਕੇਵਿਨ ਕੋਨੋਲੀ ਨੇ ਕਿਹਾ ਕਿ "ਸੜਕ ਸੁਰੱਖਿਆ ਹਰ ਕਿਸੇ ਲਈ ਮਹੱਤਵਪੂਰਨ ਹੈ। ਅਸੀਂ ਸਾਲ ਭਰ ਅਤੇ ਲੋਅਰ ਮੇਨਲੈਂਡ ਭਰ ਵਿੱਚ ਇਨ੍ਹਾਂ ਤਰ੍ਹਾਂ ਦੀਆਂ ਜਾਂਚਾਂ ਜਾਰੀ ਰੱਖਾਂਗੇ ਤਾਂ ਜੋ ਲੋਕਾਂ ਦੀ ਸੁਰੱਖਿਆ ਨਿਸ਼ਚਿਤ ਹੋ ਸਕੇ।"

ਮੁਹਿੰਮ ਦੌਰਾਨ ਕੁੱਲ 375 ਉਲੰਘਣਾਵਾਂ ਦੀ ਪਛਾਣ ਕੀਤੀ ਗਈ, ਜੋ ਕਿ ਵਾਪਾਰਕ ਵਾਹਨ ਸੁਰੱਖਿਆ ਪ੍ਰਬੰਧਾਂ ਲਈ ਇੱਕ ਚਿੰਤਾਜਨਕ ਸੰਕੇਤ ਹੈ। ਇਨ੍ਹਾਂ ਵਿੱਚ ਵਾਹਨਾਂ ਦੀ ਮਰੰਮਤ ਦੀ ਲਾਪਰਵਾਹੀ, ਨਿਯਮਾਂ ਦੀ ਉਲੰਘਣਾ ਅਤੇ ਡਰਾਈਵਰਾਂ ਦੀ ਬੇਧਿਆਨਤਾ ਜਿਵੇਂ ਮਾਮਲੇ ਵੀ ਸ਼ਾਮਲ ਸਨ।


EID MUBARAK
SABZI MANDI SUPERMARKET
Serving our Community since 2003
VICTORIA LOCATION
Opening Soon!
306 Burnside Road, Victoria
HOT PRICE ROMA TOMATOES ਰੋਮਾ ਟਮਾਟਰ 99¢ /lb
HOT PRICE FRESH CILANTRO ਧਨੀਆਂ Bunch 2 for 99¢
HOT PRICE JUMBO CAULIFLOWER ਵੱਡੀ ਗੋਭੀ 2.99 ea
HOT PRICE #1 YELLOW ONIONS #1 ਪੀਲੇ ਗੰਢੇ 50lb 10.99 ea
RED LABEL TEA ਰੈਡ ਲੇਬਲ ਚਾਹ 1.8kg 22.99 ea
UNBEATABLE DEAL
VERKA DESI GHEE
ਵੇਰਕਾ ਦੇਸੀ ਘਿਓ
3kg 39.99 ea
SUMMER SQUASH ਚੱਪਨ ਕੱਦੂ 1.99 /lb
PILLSBURY CHAKKI ATTA ਪਿਲਜ਼ਬਰੀ ਆਟਾ 20lb 11.99 ea
FRESH ZUCCHINI ਤੋਰੀ 79¢ /lb
PUNJABI BY NATURE SOYA CHAAP ਪੰਜਾਬੀ ਬਾਈ ਨੇਚਰ ਸੋਯਾ ਚਾਪ 850g 3.99 ea
TATA AGNI TEA ਟਾਟਾ ਅੱਗਨੀ ਚਾਹ 1kg 9.99 ea
PUNJABI BY NATURE ATTA COOKIES ਪੰਜਾਬੀ ਬਾਈ ਨੇਚਰ ਆਟਾ ਕੁਕੀਆਂ 5lb 9.99 ea
DABUR MUSTARD OIL ਡਾਬੁਰ ਸਰੋਂ ਦਾ ਤੇਲ 1L 7.99 ea
SEEDLESS WATERMELON ਮਤੀਰਾ 79¢ /lb
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
INDIAN KARELA ਕਰੇਲੇ 1.59 /lb
FRESH GINGER ਅੱਦਰਕ 1.29 /lb
FRESH METHI ਮੇਥੀ Bunch 1.89 ea
FRESH DAIKON ਮੂਲੀ 99¢ /lb
GITS READY-TO-EAT ਗਿਟਸ ਰੈਡੀ-ਟੂ-ਈਟ 300g 2 for $6
FRESH OKRA ਭਿੰਡੀ 3.49 /lb
FRESH GARLIC ਲਸਣ 1.59 /lb
RUSSET POTATOES ਆਲੂ 10lb 3.99 ea
FRESH RAPINI ਸਾਗ Bunch 2.88 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. May 30, 2025 - Wed. June 04, 2025
MasterCard VISA AMERICAN EXPRESS Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.
You can also visit us online at www.sabzimandicanada.com